
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ

# ਦੇਸ਼ ਦੁਆਬਾ

VOL - 6 ISSUE - 6-7
May 24, 2017
Postal Address
5101 Doe Hollow Pl, Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਬਹਾਦਰੀ ਅਤੇ ਸਿੱਖ ਸੰਘਰਸ਼ ਦਾ ਪ੍ਰਤੀਕ 'ਛੋਟਾ ਘੱਲੂਘਾਰਾ'
(ਪ੍ਰੋ. ਐਚ. ਐਲ. ਕਪੂਰ ਦਾ ਲੇਖ ਦੇਖੋ ਸਫਾ 15 'ਤੇ)

# ਦੱਖਣੀ ਏਸ਼ੀਆ ਵਿਚ ਜੰਗ ਦੇ ਬੱਦਲ ਛਾਏ

**ਨਵੀਂ ਦਿੱਲੀ (ਬਿਊਰੋ)–** ਭਾਰਤ ਅਤੇ ਪਾਕਿਸਤਾਨ ਵਿਚ ਚੱਲ ਰਹੇ ਕਸ਼ਮੀਰ ਵਿਵਾਦ ਕਾਰਨ ਇਕ ਵਾਰ ਫਿਰ ਦੋਵੇਂ ਮੁਲਕ ਆਹਮੋ-ਸਾਹਮਣੇ ਆਉਂਦੇ ਨਜ਼ਰ ਆ ਰਹੇ ਹਨ। ਪਾਕਿਸਤਾਨ ਵਿਚ ਸਿਵਲ ਸਰਕਾਰ ਕਮਜ਼ੋਰ ਪੈਣ ਤੋਂ ਬਾਅਦ ਫੌਜ ਨੇ ਜੰਗੀ ਨਗਾਰੇ ਵਜਾਉਣੇ ਆਰੰਭ ਕਰ ਦਿੱਤੇ ਹਨ ਅਤੇ ਭਾਰਤੀ ਫੌਜ ਨੇ ਵੀ ਤਿਆਰੀਆਂ ਕਰ ਲਈਆਂ ਹਨ। ਪੂਰੀ ਦੁਨੀਆਂ ਵਿਚ ਫੈਲੀ ਜੰਗੀ ਅਸਥਿਰਤਾ ਦੀ ਸਥਿਤੀ ਦਾ ਸ਼ਿਕਾਰ ਹੁਣ ਦੱਖਣੀ ਏਸ਼ੀਆ ਵੀ ਹੋ ਸਕਦਾ ਹੈ। ਭਾਰਤੀ ਫੌਜ ਨੇ ਕੰਟਰੋਲ ਰੇਖਾ 'ਤੇ ਲਗਾਤਾਰ ਗੋਲਾਬਾਰੀ ਕਰਕੇ ਪਾਕਿਸਤਾਨੀ ਚੌਕੀਆਂ ਨੂੰ ਤਬਾਹ ਕਰ ਦਿੱਤਾ। ਫੌਜ ਨੇ ਇਸ ਸਬੰਧੀ ਇਕ ਵੀਡੀਓ ਵੀ ਜਾਰੀ ਕੀਤੀ ਹੈ। ਦੂਜੇ ਪਾਸੇ ਪਾਕਿਸਤਾਨੀ ਫੌਜ ਨੇ ਨੌਸ਼ਹਿਰਾ ਸੈਕਟਰ ਵਿੱਚ ਚੌਕੀ ਤਬਾਹ ਕਰਨ ਦੇ ਭਾਰਤ ਦੇ ਦਾਅਵੇ ਦਾ ਖੰਡਨ ਕੀਤਾ ਹੈ।



ਫਾਇਲ ਚਿੱਤਰ

ਭਾਰਤੀ ਫੌਜ ਨੇ ਨੌਸ਼ਹਿਰਾ ਸੈਕਟਰ ਵਿੱਚ ਘੁਸਪੈਠ ਵਿੱਚ ਮਦਦ ਕਰਨ ਵਾਲੀ ਚੌਕੀ ਨੂੰ ਤਬਾਹ ਕਰਨ ਦੀ ਕਾਰਵਾਈ ਬਾਰੇ ਵਧੇਰੇ ਜਾਣਕਾਰੀ ਨਹੀਂ ਦਿੱਤੀ ਜਦੋਂ ਕਿ ਫੌਜ ਵਿਚਲੇ ਸੂਤਰਾਂ ਅਨੁਸਾਰ ਇਹ ਕਾਰਵਾਈ ਨੌਂ ਮਈ ਨੂੰ ਭਾਰਤੀ ਫੌਜ ਦੇ ਦੋ ਜਵਾਨਾਂ ਦੇ ਸਿਰ ਵੱਢੇ ਜਾਣ ਦੇ ਨੌਂ ਦਿਨਾਂ ਬਾਅਦ ਕੀਤੀ ਗਈ ਸੀ।

ਵਧੀਕ ਡਾਇਰੈਕਟਰ ਜਨਰਲ ਆਫ ਪਬਲਿਕ ਇਨਫਰਮੇਸ਼ਨ ਮੇਜਰ ਜਨਰਲ ਏ ਕੇ ਨਰੂਲਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਫੌਜ ਦੀ ਨੌਸ਼ਹਿਰਾ ਸੈਕਟਰ ਵਿੱਚ ਕੀਤੀ ਹਾਲੀਆ ਕਾਰਵਾਈ ਨੇ ਪਾਕਿਸਤਾਨੀ ਚੌਕੀਆਂ ਨੂੰ ਕੁਝ ਨੁਕਸਾਨ ਪਹੁੰਚਾਇਆ ਹੈ ਜਿਹੜੀਆਂ ਘੁਸਪੈਠੀਆਂ ਦੀ ਮਦਦ ਕਰ ਰਹੀਆਂ ਸਨ। ਇਹ ਅੱਤਵਾਦ ਨੂੰ ਨਜਿੱਠਣ ਦੀ ਯੋਜਨਾ ਦਾ ਇਕ ਹਿੱਸਾ ਸੀ। ਸਰਕਾਰ ਵੱਲੋਂ ਫੌਜ ਦੀ ਇਸ ਕਾਰਵਾਈ ਦਾ ਸਮਰਥਨ ਕਰਦਿਆਂ ਰੱਖਿਆ ਮੰਤਰੀ ਅਰੁਣ ਜੇਤਲੀ ਨੇ ਟਵੀਟ ਕੀਤਾ ਕਿ ਜੰਮੂ ਕਸ਼ਮੀਰ ਵਿੱਚ ਸ਼ਾਂਤੀ ਬਹਾਲੀ ਲਈ ਇਹ ਜ਼ਰੂਰੀ ਸੀ। ਉਨ੍ਹਾਂ ਕਿਹਾ ਕਿ ਭਾਰਤੀ ਫੌਜ ਵਾਦੀ ਵਿੱਚ ਅੱਤਵਾਦ ਨਾਲ ਨਜਿੱਠਣ ਲਈ ਲੋੜੀਂਦੇ ਕਦਮ ਚੁੱਕ ਰਹੀ ਹੈ ਅਤੇ ਕੰਟਰੋਲ ਰੇਖਾ 'ਤੇ ਘੁਸਪੈਠੀਆਂ ਦੀ ਮਦਦ ਕਰਨ ਵਾਲੀਆਂ ਚੌਕੀਆਂ ਨੂੰ ਤਬਾਹ ਕਰ ਰਹੀ ਹੈ। ਦੂਜੇ ਪਾਸੇ ਪਾਕਿਸਤਾਨ ਦੀ ਇੰਟਰ ਸਰਵਿਸਿਜ਼ ਪਬਲਿਕ ਰਿਲੇਸ਼ਨ ਦੇ ਡਾਇਰੈਕਟਰ ਜਨਰਲ ਮੇਜਰ ਜਨਰਲ ਆਸਿਫ ਗਫੂਰ ਨੇ ਆਪਣੇ ਟਵੀਟ ਵਿੱਚ ਭਾਰਤੀ ਵੱਲੋਂ ਘੁਸਪੈਠੀਆਂ ਦੀ ਮਦਦ ਕਰਨ ਵਾਲੀ ਚੌਕੀ ਨੂੰ ਤਬਾਹ ਕਰਨ ਵਾਲੇ ਦਾਅਵੇ ਦਾ ਖੰਡਨ ਕੀਤਾ ਹੈ। ਭਾਰਤੀ ਫੌਜ ਵਿਚਲੇ ਸੂਤਰਾਂ ਦਾ ਕਹਿਣਾ ਹੈ ਕਿ ਇਹ ਕਾਰਵਾਈ ਪਾਕਿਸਤਾਨ ਨੂੰ ਇਕ ਸੁਨੇਹਾ ਹੈ ਕਿ ਜੇ ਉਸ ਵੱਲੋਂ ਘੁਸਪੈਠ ਕਰਾਉਣ ਦੀ ਕੋਸ਼ਿਸ਼ ਬੰਦ ਨਾ ਕੀਤੀ ਗਈ ਤਾਂ ਉਹ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਰਾਜਯ ਪੁਰਸਕਾਰ ਟਰੇਨਿੰਗ ਅਤੇ ਟੈਸਟਿੰਗ ਕੈਂਪ






ਜਵਾਹਰ ਨਵੋਦਿਆ ਸਕੂਲ, ਊਧਮਪੁਰ, ਜੰਮੂ ਅਤੇ ਕਸ਼ਮੀਰ ਨੇ ਬੀਤੇ ਦਿਨੀਂ ਆਪਣਾ ਰਾਜਯ ਪੁਰਸਕਾਰ ਟਰੇਨਿੰਗ ਅਤੇ ਟੈਸਟਿੰਗ ਕੈਂਪ ਲਗਾਇਆ, ਜਿਸ ਦੀ ਪ੍ਰਧਾਨਗੀ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਨੇ ਕੀਤੀ। ਇਸ ਕੌਮੀ ਪੱਧਰ ਤੇ ਕੈਂਪ ਦੀ ਵਿਸਥਾਰਿਤ ਰਿਪੋਰਟ ਹਿੰਦੀ ਭਾਸ਼ਾ ਵਿਚ
**ਦੇਖੋ ਸਫਾ 11, 12, 13 'ਤੇ**

# ਸਹਾਰਨਪੁਰ ਵਿਚ ਫਿਰ ਭੜਕੀ ਹਿੰਸਾ, ਹਾਲਾਤ ਤਣਾਅਪੂਰਨ

**ਸਹਾਰਨਪੁਰ (ਉਤਰ ਪ੍ਰਦੇਸ਼)–** ਉਤਰ ਪ੍ਰਦੇਸ਼ ਦੇ ਸਹਾਰਨਪੁਰ ਵਿਚ ਇਕ ਵਾਰ ਫਿਰ ਜਾਤੀ ਹਿੰਸਾ ਭੜਕ ਗਈ ਹੈ। ਦੋਵੇਂ ਪੱਖਾਂ ਵੱਲੋਂ ਹਿੰਸਾ ਅਤੇ ਅੱਗਾਂ ਲਗਾਉਣ ਦੀਆਂ ਖਬਰਾਂ ਮਿਲੀਆਂ ਹਨ। ਘਟਨਾ ਤੋਂ ਪ੍ਰਭਾਵਿਤ ਸ਼ਬੀਰਪੁਰ ਪਿੰਡ ਵਿਚ ਵੱਡੀ ਗਿਣਤੀ ਵਿਚ ਪੁਲਿਸ ਫੋਰਸ ਤਾਇਨਾਤ ਕੀਤੀ ਗਈ ਹੈ। ਮੇਰਠ ਖੇਤਰ ਦੇ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਸਹਾਰਨਪੁਰ ਨੂੰ ਪੂਰੀ ਤਰ੍ਹਾਂ ਸੀਲ ਕਰ ਦਿੱਤਾ ਗਿਆ ਹੈ। ਤਾਜ਼ਾ ਹਿੰਸਾ ਭੜਕਣ ਕਾਰਨ ਇਲਾਕੇ ਵਿਚ ਜ਼ਬਰਦਸਤ ਤਣਾਅ ਦੀ ਸਥਿਤੀ ਹੈ। ਮੰਗਲਵਾਰ ਨੂੰ ਸਵੇਰੇ ਬਸਪਾ ਲੀਡਰ ਮਾਇਆਵਤੀ ਵੀ ਸ਼ਬੀਰਪੁਰ ਪਿੰਡ ਪਹੁੰਚੀ ਸੀ। ਦੱਸਿਆ ਜਾਂਦਾ ਹੈ ਕਿ ਮਾਇਆਵਤੀ ਦੇ ਜਾਂਦੇ ਹੀ ਠਾਕਰਾਂ ਨੇ ਦਲਿਤਾਂ ਦੇ ਘਰਾਂ ਤੇ ਹਮਲਾ ਕਰ ਦਿੱਤਾ। ਸ਼ਬੀਰਪੁਰ ਨਾਲ ਲੱਗਦੇ ਪਿੰਡ ਚੰਦਾਪੁਰਾ ਵਿਚ ਵੀ ਟਕਰਾਅ ਵਾਲੀ ਸਥਿਤੀ ਹੈ ਅਤੇ ਗੋਲਾਬਾਰੀ ਹੋਈ ਹੈ।



ਬੀਤੇ ਕੁਝ ਵਕਤ ਤੋਂ ਦਲਿਤਾਂ ਦੇ ਖਿਲਾਫ ਹਿੰਸਾ ਦੀਆਂ ਘਟਨਾਵਾਂ ਦੀਆਂ ਖਬਰਾਂ ਸੋਸ਼ਲ ਮੀਡੀਆ ਤੇ ਛਾਈਆਂ ਹੋਈਆਂ ਹਨ। ਗੁਜਰਾਤ ਦੇ ਊਨਾ ਤੋਂ ਲੈ ਕੇ ਸਹਾਰਨਪੁਰ ਵਿਚ ਦਲਿਤਾਂ 'ਤੇ ਹੋ ਰਹੇ ਅੱਤਿਆਚਾਰ ਦੇ ਖਿਲਾਫ ਦਿੱਲੀ ਦੇ ਜੰਤਰ-ਮੰਤਰ 'ਤੇ ਪ੍ਰਦਰਸ਼ਨ ਤੱਕ ਇਹਨਾਂ ਪ੍ਰਦਰਸ਼ਨਾਂ ਦੀ ਗਿਣਤੀ ਬਹੁਤ ਵੱਧ ਗਈ ਹੈ। ਪਰ 24 ਘੰਟੇ ਦਰਜਨਾਂ ਮਹਿਮਾਨਾਂ ਨੂੰ ਬਿਠਾ ਕੇ ਬਹਿਸ ਕਰਨ ਵਾਲਾ ਮੁੱਖ ਧਾਰਾ ਮੀਡੀਆ ਇਹਨਾਂ ਪ੍ਰਦਰਸ਼ਨਾਂ ਨੂੰ ਨਜ਼ਰਅੰਦਾਜ਼ ਕਰ ਰਿਹਾ ਹੈ। ਭਾਰਤੀ ਮੀਡੀਆ ਵਿਚ ਅਜਿਹੀ ਕੋਈ ਚਰਚਾ ਨਹੀਂ ਹੁੰਦੀ ਕਿ ਸਮਾਜ ਦਾ ਇਕ ਵੱਡਾ ਵਰਗ ਕਿਸ ਤਰ੍ਹਾਂ ਮੁਸ਼ਕਿਲਾਂ ਵਿਚ ਜੀਵਨ ਗੁਜ਼ਾਰ ਰਿਹਾ ਹੈ। ਸਹਾਰਨਪੁਰ ਦੇ ਸ਼ਬੀਰਪੁਰ ਵਿਚ ਦਲਿਤਾਂ ਦੇ ਘਰ ਸਾੜ ਦਿੱਤੇ ਗਏ ਅਤੇ ਦਲਿਤ ਭਾਈਚਾਰਾ ਜੰਤਰ-ਮੰਤਰ ਤੱਕ ਪਹੁੰਚਿਆ, ਪਰ ਹੋਇਆ ਕੁਝ ਨਹੀਂ।



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, 1-9 Notary, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
Note: I am not an Immigration Attorney. msandhu2014@gmail.com (CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)




ELITE REALTY SERVICES
Shangara Ram
Realtor
CalBRE# 01969522
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Cell: 916-479-5587, Fax: 916-917-5773
Office: 916-681-5112 shangararam2@gmail.com
7412 Elsie Ave., Sacramento, CA 95828



SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



ELITE REALTY SERVICES
7412 Elsie Ave Sacramento, CA 95828
Shaan Nijjar (916) 751-8852
Realtor/CalBRE 01980198
Shaan.Realtor@gmail.com www.SellSacValley.com
Office : (916) 681-5112 Fax : (916) 721-2373
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Buy/ Sell Real Estate Residential or Commercial



Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash
FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ
Like us on Facebook | Follow us on Instagram




INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL TO HAPPY
Cell: (209)-487-2127
Ph: (209) 478-0285
Fax: (209) 477-3206
WE ACCEPT FOOD STAMPS
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com




Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
Follow us on Twitter
rajasweetsandcatering
rajasweets




INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-338-5511
Email:
IndiaMarketRoseville@gmail.com

# ਅਮਰੀਕਾ ਵਿਚ ਹੋ ਰਹੀ 2020 ਦੀ ਜਨਗਣਨਾ 'ਚ ਸਿੱਖ ਕੌਮ ਲਈ ਇਕ ਅਲੱਗ ਸ਼੍ਰੇਣੀ ਵਜੋਂ ਸ਼ਾਮਲ ਕੀਤਾ ਜਾਵੇ-ਖਾਲਸਾ

**ਨਾਰਵਿਚ, ਕਨੈਕਟੀਕਟ (ਹੁਸਨ ਲੜੋਆ ਬੰਗਾ)–** ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਅਮਰੀਕਾ ਯੂਨਿਟ ਦੇ ਪ੍ਰਧਾਨ ਸਵਰਨਜੀਤ ਸਿੰਘ ਖਾਲਸਾ ਮੈਂਬਰ ਪਲੈਨਿੰਗ ਬੋਰਡ ਨਾਰਵਿਚ ਕਨੈਕਟੀਕਟ, ਮੈਂਬਰ ਡੀਪਾਰਟਮੈਂਟ ਆਫ ਜਸਟਿਸ ਨੇ ਅਮਰੀਕਾ ਵਿਚ ਨਸਲੀ ਹਮਲੇ ਰੋਕਣ ਦੇ ਲਈ ਟਰੰਪ ਸਰਕਾਰ ਨੂੰ ਅਪੀਲ ਕੀਤੀ ਕਿ ਅਮਰੀਕਾ ਵਿਚ ਹੋ ਰਹੀ 2020 ਦੀ ਜਨਗਣਨਾ 'ਚ ਸਿੱਖ ਕੌਮ ਲਈ ਇਕ ਅਲੱਗ ਸ਼੍ਰੇਣੀ ਵਜੋਂ ਸ਼ਾਮਲ ਕੀਤਾ ਜਾਵੇ। ਸਵਰਨਜੀਤ ਸਿੰਘ ਖਾਲਸਾ ਨੇ ਸਮੁੱਚੀ ਦੁਨੀਆਂ ਵਿਚ ਮਨੁੱਖੀ ਅਧਿਕਾਰਾਂ ਦੇ ਘਾਣ ਦਾ ਜ਼ਿਕਰ ਕਰਦਿਆਂ ਕਿਹਾ ਕਿ ਅਨੇਕਾਂ ਦੇਸਾਂ ਵਿਚ ਸੱਜੇ ਪੱਖੀ ਤਾਕਤਾਂ ਭਾਰੂ ਪੈ ਰਹੀਆਂ ਹਨ ਜੋ ਜਾਤੀਵਾਦ ਤੇ ਨਸਲਵਾਦ ਦੀ ਸੋਚ ਅਧੀਨ ਸੱਭਿਆਚਾਰਕ ਬਹੁਲਤਾ ਤੇ ਸਰਬੱਤ ਦੀ ਆਜ਼ਾਦੀ ਨੂੰ ਢਾਅ ਲਗਾ ਰਹੀਆਂ ਹਨ ਤੇ ਇਸ ਨਾਲ ਦਹਿਸ਼ਤ ਦਾ ਮਾਹੌਲ ਪਨਪ ਰਿਹਾ ਹੈ। ਅਮਰੀਕਾ ਤੇ ਹੋਰ ਯੂਰਪੀ ਮੂਲ ਦੇ ਲੋਕਾਂ ਵਿਚ ਹੀ ਨਹੀਂ, ਏਸ਼ਿਆਈ ਤੇ ਦੱਖਣ ਤੇ ਮੱਧ ਏਸ਼ਿਆਈ ਮੂਲ ਤੇ ਖਾਸ ਕਰਕੇ ਭਾਰਤ ਦੇ ਲੋਕਾਂ ਵਿਚ ਦੇਖਣ ਨੂੰ ਮਿਲ ਰਿਹਾ ਹੈ, ਜੋ ਨਸਲਵਾਦ ਤੇ ਹਿੰਸਾ ਫੈਲਾ ਰਹੇ ਹਨ। ਵਿਸ਼ਵ ਏਕਤਾ ਲਈ ਖ਼ਤਰਾ ਬਣ ਚੁੱਕੇ ਇਸ ਨਸਲਵਾਦ 'ਤੇ ਪਾਬੰਦੀ ਕਿਵੇਂ ਲੱਗੇ, ਇਸ ਸੰਦਰਭ ਵਿੱਚ ਸੰਯੁਕਤ ਰਾਸ਼ਟਰ ਸੰਘ ਜਿਹੀਆਂ ਸੰਸਥਾਵਾਂ ਨੂੰ ਸੋਚਣ ਦੀ ਜ਼ਰੂਰਤ ਹੈ। ਉਨਾਂ ਕਿਹਾ ਕਿ ਭਾਰਤ ਸਰਕਾਰ ਨੂੰ ਸਿੱਖਾਂ ਬਾਰੇ ਬਣਾਈ ਕਾਲੀ ਸੂਚੀ ਰੱਦ ਕਰਨੀ ਚਾਹੀਦੀ ਹੈ ਤੇ ਜੇਲੀ ਬੰਦ ਸਿੱਖ ਬੰਦੀਵਾਨ ਰਿਹਾਅ ਕੀਤੇ ਜਾਣੇ ਚਾਹੀਦੇ ਹਨ, ਜੋ ਕਿ 20 ਸਾਲ ਤੋਂ ਵਧ ਸਜ਼ਾ ਭੁਗਤ ਚੁੱਕੇ ਹਨ। ਉਨਾਂ ਕਿਹਾ ਕਿ ਕਾਲੀ ਸੂਚੀ ਜਾਣ ਬੁੱਝ ਕੇ ਨਸਲਵਾਦੀ ਢੰਗ ਨਾਲ ਲੰਬੀ ਕੀਤੀ ਜਾ ਰਹੀ ਹੈ ਤੇ ਬੇਗੁਨਾਹ ਸਿੱਖਾਂ ਨੂੰ




ਇਸ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਭਾਰਤ ਵਿਚ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਘਾਣ, ਘੱਟ ਗਿਣਤੀਆਂ 'ਤੇ ਹਮਲੇ ਦੀ ਨਿੰਦਾ ਕਰਦਿਆਂ ਉਨਾਂ ਕਿਹਾ ਕਿ ਮੋਦੀ ਦੇ ਰਾਜ ਦੌਰਾਨ ਇਹੋ ਜਿਹੇ ਨਸਲੀ ਹਮਲੇ ਵਧੇ ਹਨ, ਜਿਸ ਦੇ ਜ਼ਿੰਮੇਵਾਰ ਭਗਵੇਂਵਾਦੀ ਲੋਕ ਤੇ ਉਨਾਂ ਦੀ ਵਿਚਾਰਧਾਰਾ ਹੈ, ਜੋ ਦੂਸਰੀਆਂ ਕੌਮਾਂ ਨੂੰ ਦਬਾ ਕੇ ਮਨੁੱਖੀ ਅਜ਼ਾਦੀ ਨੂੰ ਖਤਮ ਕਰਨਾ ਚਾਹੁੰਦੇ ਹਨ। ਮੱਧ ਪ੍ਰਦੇਸ਼ ਵਿਚ ਪੁਲੀਸ ਵੱਲੋਂ ਸਿਕਲੀਗਰ ਸਿੱਖਾਂ 'ਤੇ ਹਮਲੇ ਤੇ ਤਸ਼ੱਦਦ ਕਾਰਨ ਅਨੇਕਾਂ ਸਿਕਲੀਗਰ ਸਿੱਖ ਧਰਮ ਨੂੰ ਛੱਡ ਰਹੇ ਹਨ। ਇਹ ਸੋਚੀ ਸਮਝੀ ਸਾਜ਼ਿਸ਼ ਤਹਿਤ ਹੋ ਰਿਹਾ ਹੈ। ਇਸ ਸੰਬੰਧ ਵਿਚ ਸ਼੍ਰੋਮਣੀ ਕਮੇਟੀ ਤੇ ਪੰਜਾਬ ਸਰਕਾਰ ਨੂੰ ਅਵਾਜ਼ ਉਠਾਉਣੀ ਚਾਹੀਦੀ ਹੈ। ਉਨਾਂ ਦੱਸਿਆ ਕਿ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਵਿਚ ਸਮੀਖਿਆ ਦੌਰਾਨ ਭਾਰਤ ਨੂੰ 110 ਦੇਸ਼ਾਂ ਦੇ ਸਖਤ ਸਵਾਲਾਂ ਦਾ ਸਾਹਮਣਾ ਕਰਨਾ ਪਿਆ। ਅਜਿਹਾ ਤੀਜੀ ਵਾਰ ਹੋਇਆ ਹੈ ਜਦੋਂ ਭਾਰਤ ਮਨੁੱਖੀ ਅਧਿਕਾਰਾਂ ਦੇ ਮੱਸਲੇ 'ਤੇ ਬੁਰੀ ਤਰਾਂ ਫਸਿਆ ਹੈ। ਉਨਾਂ ਕਿਹਾ ਕਿ ਅਮਰੀਕਾ, ਨਾਰਵੇ, ਆਸਟ੍ਰੇਲੀਆ, ਜਰਮਨੀ, ਆਇਰਲੈਂਡ ਅਤੇ ਚੈੱਕ ਗਣਰਾਜ ਆਦਿ ਨੇ ਇਹ ਵੀ ਮੱਸਲਾ ਚੁੱਕਿਆ ਹੈ ਕਿ ਭਾਰਤ ਵਿਚ ਘੱਟ ਗਿਣਤੀ ਕੌਮਾਂ ਨਾਲ ਸੰਬੰਧਿਤ ਸਮਾਜਸੇਵੀ ਸੰਸਥਾਵਾਂ ਲਈ ਵਿਦੇਸ਼ੀ ਫੰਡਾਂ 'ਤੇ ਰੋਕ ਲਗਾਈ ਗਈ ਹੈ।

ਉਨਾਂ ਇਹ ਵੀ ਦੱਸਿਆ ਕਿ ਅਮਰੀਕਾ ਨੇ ਕਸ਼ਮੀਰ ਤੇ ਮਣੀਪੁਰ ਦਾ ਮਾਮਲਾ ਚੁੱਕਿਆ ਹੈ, ਜਿੱਥੇ ਆਰਮਡ ਫੋਰਸਿਸ ਗ਼ੈਰ ਕਾਨੂੰਨੀ ਤਾਕਤ ਦੀ ਵਰਤੋਂ ਕਰਕੇ ਉੱਥੋਂ ਦੇ ਲੋਕਾਂ ਨੂੰ ਦਬਾਅ ਰਹੇ ਹਨ। ਕਸ਼ਮੀਰ ਵਿਚ ਪੈਲੇਟ ਗੰਨ ਦੀ ਵਰਤੋਂ ਕਾਰਨ ਅਨੇਕਾਂ ਕਸ਼ਮੀਰੀ ਅੰਨੇ ਤੇ ਜ਼ਖ਼ਮੀ ਹੋ ਚੁੱਕੇ ਹਨ। ਉਨਾਂ ਇਹ ਵੀ ਦੱਸਿਆ ਕਿ ਨਸਲਵਾਦ ਤੇ ਜਾਤੀਵਾਦ ਵੀ ਅੱਤਵਾਦ ਵਾਂਗ ਮਨੁੱਖਤਾ ਵਿਰੋਧੀ ਵਰਤਾਰਾ ਹੈ, ਜੋ ਕਿ ਮਾਨਵਤਾ ਦਾ ਨਾਸ਼ ਕਰਦਾ ਹੈ। ਇਸ ਨਾਲ ਵਿਸ਼ਵ ਸ਼ਾਂਤੀ ਖਤਰੇ ਵਿਚ ਪੈ ਸਕਦੀ ਹੈ।

# ਜਰਮਨ ਵਿਚ ਡਾ. ਅੰਬੇਡਕਰ ਦਾ ਜਨਮ ਦਿਨ ਮਨਾਇਆ

**ਫਰੈਂਕਫਰਟ–** ਸ੍ਰੀ ਗੁਰੂ ਰਵਿਦਾਸ ਸਭਾ ਫਰੈਂਕਫਰਟ (ਜਰਮਨ) ਵੱਲੋਂ ਵਿਸ਼ਵ ਰਤਨ ਡਾ. ਅੰਬੇਡਕਰ ਜੀ ਦਾ 126ਵਾਂ ਜਨਮ ਦਿਨ ਬੜੀ ਸ਼ਰਧਾ ਅਤੇ ਧੂੰਮ ਧਾਮ ਨਾਲ ਮਨਾਇਆ ਗਿਆ। ਅੰਦਰ ਵੜਦਿਆਂ ਨੂੰ ਹੀ ਗੋਲ ਗੱਪਿਆਂ ਦਾ ਸਟਾਲ, ਚਣਾ-ਪਕੌੜੇ, ਸਮੋਸਿਆਂ ਨਾਲ ਸਭ ਦਾ ਸੁਆਗਤ ਕੀਤਾ ਗਿਆ। ਸਾਰੇ ਬਾਬਾ ਸਾਹਿਬ ਜੀ ਦੀ ਫੋਟੋ ਨੂੰ ਨਮਸਕਾਰ ਕਰਕੇ ਦਾਨ ਪਾਤਰ ਵਿਚ ਸ਼ਰਧਾ



ਮੁਤਾਬਕ ਤਿਲ ਫੁੱਲ ਭੇਟ ਕਰਦੇ। ਸੈਕਟਰੀ ਸਤਪਾਲ ਸਹੁੰਗੜਾ ਜੀ ਨੇ ਸਭ ਨੂੰ ਜੀ ਆਇਆਂ ਕਿਹਾ ਅਤੇ ਵਿਸ਼ਵ ਰਤਨ ਡਾ. ਅੰਬੇਡਕਰ ਜੀ ਦੇ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ। ਦੇਸ ਰਾਜ ਚੁੰਬਰ, ਮਹਿੰਦਰ ਭੱਟੀ, ਸੁੰਮਨ ਬਾਬਾ ਜੀ, ਮਨਮੋਹਨ ਜੱਖੂ ਜੀ, ਰਕੇਸ਼ ਦੁੱਗਲ, ਧਰਮ ਪਾਲਕਲੇਰ, ਹਰਪਾਲ ਲਾਖਾ ਆਦਿ ਨੇ ਬਾਬਾ ਸਹਿਬ ਦੇ ਜੀਵਨ ਬਾਰੇ ਵਿਸਥਾਰ ਨਾਲ ਲੋਕਾਂ ਨੂੰ ਜਾਣੂ ਕਰਵਾਇਆ ਅਤੇ ਇਹਨਾਂ ਦੇ ਪੂਰਨਿਆਂ ਤੇ ਚੱਲ ਕੇ ਹਿੰਦੂ ਧਰਮ ਨੂੰ ਅਲਵਿਦਾ ਕਹਿਣ ਨੂੰ ਕਿਹਾ ਕਿਉਂਕਿ ਇਸ ਧਰਮ ਵਿਚ ਰਹਿ ਕੇ ਕਿਸੇ ਦਾ ਵੀ ਭਲਾ ਨਹੀਂ ਹੋਵੇਗਾ। ਸੋਹਣ ਲਾਲ ਸਾਂਪਲਾ ਨੇ ਕਿਹਾ ਕਿ ਅਸੀਂ ਸਾਰੇ ਡਾ. ਅੰਬੇਡਕਰ ਜੀ ਨੂੰ ਤਾਂ ਮੰਨਦੇ ਹਾਂ ਪਰ ਉਹਨਾਂ ਦੀ ਗੱਲ ਨਹੀਂ ਮੰਨਦੇ। ਇਸ ਕਰਕੇ ਸਾਡੀ ਹਾਲਤ ਖਰਾਬ ਹੋ ਰਹੀ ਹੈ। ਪ੍ਰੋਗਰਾਮ ਦੇ ਅਖੀਰ ਵਿਚ ਆਰਤੀ ਕੀਤੀ ਗਈ ਅਤੇ ਲੰਗਰ ਵਰਤਾਇਆ ਗਿਆ ਅਤੇ ਗੁਰੂ ਘਰ ਵੱਲੋਂ ਗੀਤਾ ਰਾਣੀ ਨੂੰ ਸਨਮਾਨਿਤ ਵੀ ਕੀਤਾ ਗਿਆ।

# ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਡਾ. ਅੰਬੇਡਕਰ ਦੇ ਜਨਮ ਦਿਨ 'ਤੇ ਵਿਸ਼ੇਸ਼ ਸਮਾਗਮ



**ਫਰਿਜ਼ਨੋ, ਕੈਲੀਫੋਰਨੀਆ (ਕੁਲਵੰਤ ਧਾਲੀਆ/ ਨੀਟਾ ਮਾਛੀਕੇ):** ਸੈਂਟਰਲ ਕੈਲੀਫੋਰਨੀਆਂ ਦੇ ਗੁਰਦੁਆਰਾ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾਕਟਰ ਭੀਮ ਰਾਉ ਅੰਬੇਡਕਰ ਜੀ ਦੇ ਜਨਮ ਦਿਨ ਨੂੰ ਸਮਰਪਿਤ ਇਲਾਕੇ ਦੀਆਂ ਸਮੂੰਹ ਸੰਗਤਾਂ ਨੇ ਰਲ ਕੇ ਵਿਸ਼ੇਸ਼ ਸਮਾਗਮ ਆਯੋਜਿਤ ਕੀਤੇ। ਜਿਸ ਦੌਰਾਨ ਅਖੰਡ ਪਾਠ ਦੇ ਭੋਗ ਉਪਰੰਤ ਕੀਰਤਨ, ਕਥਾ ਅਤੇ ਡਾ. ਅੰਬੇਡਕਰ ਦੀ ਜ਼ਿੰਦਗੀ ਅਤੇ ਸੰਵਿਧਾਨਕ ਦੇਣ ਨਾਲ ਸੰਬੰਧਤ ਵਿਚਾਰਾ ਹੋਈਆਂ। ਇਸ ਸਮੇਂ ਗੁਰੂਘਰ ਦੇ ਹਜ਼ੂਰੀ ਕੀਰਤਨੀਏ ਭਾਈ ਰਾਮ ਸਿੰਘ ਦੇ ਜੱਥੇ ਨੇ ਹਾਜ਼ਰੀ ਭਰੀ। ਇਸ ਤੋਂ ਇਲਾਵਾ ਬੱਚਿਆ ਵੱਲੋਂ ਇੰਦਰਜੀਤ ਸਿੰਘ ਅਤੇ ਅਮਨਜੋਤ ਸਿੰਘ ਮਾਛੀਵਾੜਾ ਨੇ ਸ਼ਬਦ ਗਾਇਨ ਕੀਤੇ। ਕਵੀਸ਼ਰ ਗੁਰਦੇਵ ਸਿੰਘ ਸਾਹੋਕੇ ਦੇ ਜੱਥੇ ਨੇ ਇਤਿਹਾਸਕ ਵਾਰਾ ਗਾਈਆਂ। ਇਸੇ ਤਰ੍ਹਾਂ ਬਾਕੀ ਬੁਲਾਰਿਆਂ ਵਿੱਚ ਹਰਬਿਲਾਸ ਸਿੰਘ, ਮਲਕੀਤ ਸਿੰਘ ਬੰਗੜ, ਰਾਜ ਗੁਰੂ, ਅਮਰ ਦਰੌਚ, ਰਾਜ ਗੁਰੂ, ਰਾਜਿੰਦਰ ਗਨਜ਼ਰ, ਸ਼ੀਲਾਂ ਮਹੇ, ਜਸਵੀਰ ਮੰਮਨ, ਪ੍ਰਿਥੀਪਲ ਮਹਿੰਮੀ, ਮਨਦੀਪ ਕੌਰ, ਪਲਵਿੰਦਰ ਕੌਰ, ਡਾ. ਸਤਿਨਾਮ ਬੰਗੜ, ਪ੍ਰੇਮ ਸੋਢੀ, ਪਿਆਰਾ ਬਿਰਦੀ, ਸੁਰਜੀਤ ਸਿੰਘ ਮਾਛੀਵਾੜਾ ਆਦਿਕ ਨੇ ਵਿਚਾਰਾ ਦੀ ਸਾਂਝ ਪਾਉਦੇ ਹੋਏ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗਣ ਅਤੇ ਸਿਖਿਆਵਾ ਮੰਨਣ ਦੇ ਨਾਲ-ਨਾਲ ਸੰਵਿਧਾਨ ਦੇ ਨਿਮਰਤਾ ਡਾ. ਅੰਬੇਡਕਰ ਸਾਹਿਬ ਦੇ ਮਿਸ਼ਨ ਨੂੰ ਪੂਰਾ ਕਰਨ ਲਈ ਭਾਈਚਾਰਕ ਸਾਂਝ ਅਤੇ ਜਾਤ-ਪਾਤ ਦੇ ਵਿਤਕਰੇ ਤੋਂ ਉੱਚਾ ਉੱਠ ਸਿਖਿਅਤ ਹੋਣ ਦੀ ਗੱਲ ਕੀਤੀ। ਇਸ ਸਮੇਂ 'ਮਦਰਜ਼ ਡੇ' 'ਤੇ ਸਮੂਹ ਮਾਂਵਾਂ ਨੂੰ ਵਧਾਈਆਂ ਦਿੱਤੀਆਂ ਗਈਆਂ। ਸੰਗਤਾਂ ਨੂੰ ਗੁਰੂ ਦਾ ਲੰਗਰ ਅਤੁੱਟ ਵਰਤਿਆ।

# ਭਾਈ ਪੰਥਪ੍ਰੀਤ ਸਿੰਘ ਤੇ ਜਰਮਨ ਵਿੱਚ ਹੋਏ ਹਮਲੇ ਦੀ ਗੁਰਦੁਆਰਾ ਸਿੰਘ ਸਭਾ ਫਰਿਜਨੋ ਤੇ ਪੀਸੀਏ ਵੱਲੋਂ ਨਿੰਦਾ

**ਫਰਿਜਨੋ (ਕੈਲੇਫੋਰਨੀਆ) ਕੁਲਵੰਤ ਧਾਲੀਆ/ ਨੀਟਾ ਮਾਛੀਕੇ–**ਤੱਤ ਗੁਰਮਤਿ ਨਾਲ ਸਬੰਧਤ ਸਿੱਖ ਪ੍ਰਚਾਰਕਾਂ ਤੇ ਲਗਾਤਾਰ ਹੋ ਰਹੇ ਹਮਲਿਆਂ ਨੂੰ ਲੈਕੇ ਗੁਰਦੁਆਰਾ ਸਿੰਘ ਸਭਾ ਫਰਿਜਨੋ ਤੇ ਪੀਸੀਏ ਨੇ ਡਾਢੀ ਚਿੰਤਾ ਪ੍ਰਗਟ ਕੀਤੀ ਹੈ ਅਤੇ ਪਿਛਲੇ ਦਿਨੀ ਫਰੈਂਕਫੋਰਡ ਜਰਮਨੀ ਵਿੱਚ ਭਾਈ ਪੰਥਪ੍ਰੀਤ ਤੇ ਹੋਏ ਅਟੈਕ ਦੀ ਸਖਤ ਸ਼ਬਦਾ ਵਿੱਚ ਨਿੰਦਾ ਵੀ ਕੀਤੀ ਹੈ। ਪੀਸੀਏ ਅਤੇ ਗੁਰਦਵਾਰਾ ਸਿੰਘ ਸਭਾ ਫਰਿਜਨੋ ਨੇ ਸਾਝੇ ਤੌਰ ਤੇ ਪ੍ਰੈਸ ਰਲੀਜ਼ ਵਿੱਚ ਕਿਹਾ ਕਿ ਗੁਰੂ ਗ੍ਰੰਥ ਸਹਿਬ ਸਾਡੇ ਮਾਰਗ ਦਰਸ਼ਨ ਹਨ ਜਿਹੜਾ ਵੀ ਪ੍ਰਚਾਰਕ ਗੁਰੂ ਗ੍ਰੰਥ ਸਹਿਬ ਜੀ ਦੀ ਬਾਣੀ ਨੂੰ ਅਧਾਰ ਬਣਾਕੇ ਕਥਾ ਕਰਦਾ ਹੈ ਅਤੇ ਜੀਹਦੇ ਵਿਚਾਰ ਗੁਰੂ ਗ੍ਰੰਥ ਸਹਿਬ ਦੀ ਕਸਵੱਟੀ ਤੇ ਪੂਰੇ ਉਤਰਦੇ ਹਨ, ਓਸ ਪ੍ਰਚਾਰਕ ਦਾ ਵਿਰੋਧ ਕਰਨ ਵਾਲੇ ਅਖੌਤੀ ਸਿੱਖ ਅਸਲ ਵਿੱਚ ਗੁਰੂ ਗ੍ਰੰਥ ਸਹਿਬ ਤੋਂ ਮੂੰਹ ਫੇਰਕੇ ਏਜੰਸੀਆਂ ਦੇ ਮਨਸੂਬਿਆਂ ਨੂੰ ਆਪ ਕਾਮਯਾਬ ਕਰ ਰਹੇ ਹਨ। ਉਹਨਾਂ ਕਿਹਾ ਕਿ ਜਿਵੇਂ ਜਿਵੇਂ ਅਧੁਨਿਕ ਯੁਗ ਵਿੱਚ ਸਿੱਖ ਜਾਗਰੁਕ ਹੋ ਰਿਹਾ ਹੈ ਤਿਵੇਂ ਤਿਵੇਂ ਝੂਠੀਆਂ ਕਹਾਣੀਆਂ ਸੁਣਾਕੇ ਲੁਟਣ ਵਾਲੇ ਬੂਬਣਿਆਂ ਦਾ ਤੋਰੀ ਫੁਲਕਾ ਬੰਦ ਹੋ ਰਿਹਾ, ਅੱਜ ਜਿਹੜਾ ਵੀ ਪ੍ਰਚਾਰਕ ਨਿਰੋਲ ਗੁਰੂ ਸਿਧਾਂਤ ਦੀ ਗੱਲ ਕਰਦਾ, ਓਹ ਪਖੰਡੀ ਡੇਰੇਦਾਰਾਂ ਤੋਂ ਬਰਦਾਸ਼ਤ ਨਹੀਂ ਹੁੰਦਾ ਤੇ ਕੁਝ ਕੁ ਏਜੰਸੀਆਂ ਦੇ ਬੰਦੇ ਆਪਣੇ ਕੂੜ ਪ੍ਰਚਾਰ ਕਾਰਨ ਸੰਗਤਾਂ ਨੂੰ ਗੁੰਮਰਾਹ ਕਰਕੇ ਸ਼ਬਦ ਗੁਰੂ ਦੀ ਵਿਆਖਿਆ ਕਰਨ ਵਾਲੇ ਪ੍ਰਚਾਰਕਾਂ ਖਿਲਾਫ਼ ਸੰਗਤਾਂ ਨੂੰ ਭੜਕਾ-ਕੇ ਜੋ ਮਹੌਲ ਬਣਾ ਰਹੇ ਹਨ ਇਹ ਸੰਗਤ ਨੂੰ ਵੰਡਣ ਲਈ ਬਹੁਤ ਘਾਤਕ ਸਿੱਧ ਹੋਵੇਗਾ।

ਉਹਨਾਂ ਕਿਹਾ ਕਿ ਜਿਵੇਂ ਮੁਸਲਮਾਨਾਂ ਜਾ ਇਸਾਈਆਂ ਦੇ ਦੋ ਦੋ ਗਰੁਪ ਬਣੇ ਹੋਏ ਹਨ ਓਹੋ ਜਿਹਾ ਭੰਬਲਭੂਸਾ ਕੁਝ ਕੁ ਚਲਾਕ ਲੋਕ ਸਿੱਖ ਧਰਮ ਵਿੱਚ ਖੜਾ ਕਰਨ ਦੀ ਕੋਝੀ ਕੋਸ਼ਿਸ਼ ਕਰ ਰਹੇ ਹਨ। ਉਹਨਾਂ ਕਿਹਾ ਕਿ ਜਿਨ੍ਹਾਂ ਚਿਰ ਸਾਡੇ ਕੋਲ ਗੁਰੂ ਗ੍ਰੰਥ ਸਹਿਬ ਦੀ ਲੋਅ ਨੂੰ ਮੁੱਖ ਰੱਖਕੇ ਪ੍ਰਚਾਰ ਕਰਨ ਵਾਲੇ ਦਲੇਰ ਪ੍ਰਚਾਰਕ ਮਜੂਦ ਹਨ ਉਹਨਾਂ ਚਿਰ ਇਹ ਲੋਕ ਆਪਣੀਆਂ ਘਟੀਆ ਨੀਤੀਆਂ ਵਿੱਚ ਕਾਮਯਾਬ ਨਹੀਂ ਹੋ ਸਕਣਗੇ।

ਉਹਨਾਂ ਕਿਹਾ ਕਿ ਹਨੇਰਾਂ ਬਹੁਤੀ ਦੇਰ ਨਹੀਂ ਟਿੱਕਦਾ ਸੂਰਜ ਦੀ ਇੱਕੋ ਕਿਰਨ ਰੌਸ਼ਨੀ ਪਸਾਰਨ ਲਈ ਕਾਫੀ ਹੁੰਦੀ ਹੈ, ਗਿਆਨ ਦੇ ਬੀਜ ਨੂੰ ਪੁਗਰਨੋਂ ਕੋਈ ਰੋਕ ਨਹੀਂ ਸਕਦਾ ਇਹ ਤਾਂ ਪੱਥਰਾਂ ਦੀ ਹਿੱਕ ਪਾੜਕੇ ਵੀ ਉਗ ਪੈਂਦਾ ਹੈ। ਉਹਨਾਂ ਕਿਹਾ ਕਿ ਗੁਰਦਵਾਰਾ ਸਿੰਘ ਸਭਾ ਦੀ ਸੰਗਤ ਅਤੇ ਪੀਸੀਏ ਪਹਿਲਾਂ ਵੀ ਤੱਤ ਗੁਰਮਿਤ ਪ੍ਰਚਾਰਕਾਂ ਨਾਲ ਖੜਦੇ ਆਏ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਡਟਕੇ ਖੜਨਗੇ।

# ਪਰਵਾਸੀ ਪੰਜਾਬੀ ਸਾਹਿਤਕ ਸੰਮੇਲਨ 20 ਅਗਸਤ ਨੂੰ ਸਟਾਕਟਨ ਵਿਖੇ ਕਰਨ ਦਾ ਫੈਸਲਾ

**ਸਟਾਕਟਨ (ਹਰਜਿੰਦਰ ਪੰਧੇਰ)–** ਬੀਤੇ ਸ਼ਨਿਚਰਵਾਰ ਲੈਥਰੋਪ ਦੇ ਸੇਵਾ ਸਦਨ ਹਾਲ ਵਿਚ'ਪੰਜਾਬੀ ਸਾਹਿਤ ਸਭਾ ਸਟਾਕਟਨ' ਅਤੇ 'ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਬੇ-ਏਰੀਆ) ਦੇ ਪ੍ਰਤੀਨਿਧਾਂ ਦੀ ਇਕ ਸਾਂਝੀ ਬੈਠਕ ਹੋਈ। ਇਸਦਾ ਮੁੱਖ ਮਨੋਰਥ 20 ਅਗਸਤ 2017 ਨੂੰ ਸਟਾਕਟਨ ਵਿਖੇ ਕਰਵਾਏ ਜਾ ਰਹੇ 'ਪਰਵਾਸੀ ਪੰਜਾਬੀ ਸਾਹਿਤਕ ਸੰਮੇਲਨ' ਦੀ ਰੂਪ-ਰੇਖਾ ਤਿਆਰ ਕਰਨਾ ਸੀ। ਇਹ ਸੰਮੇਲਨ ਪੰਜਾਬੀਲੋਕ ਕਵੀਆਂ ਲਾਲ ਸਿੰਘ ਦਿਲ ਅਤੇ ਗੁਰਦਾਸ ਰਾਮ ਆਲਮ ਨੂੰ ਸਮਰਪਿਤ ਕੀਤਾ ਜਾ ਰਿਹਾ ਹੈ ਜਿਨ੍ਹਾਂ ਨੇ ਲੋਕ ਰਾਹਾਂ ਨੂੰ ਰੁਸ਼ਨਾਉਣ ਹਿੱਤ ਪੰਜਾਬੀ ਸਾਹਿਤ ਨੂੰ ਜੁਝਾਰੂ ਸ਼ਬਦ ਰਤਨਾਂ ਨਾਲ ਜ਼ਰਖੇਜ਼ ਕੀਤਾ। ਇਸ ਬੈਠਕ ਵਿਚ ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਹਰਜਿੰਦਰ ਪੰਧੇਰ, ਪ੍ਰੋ. ਹਰਭਜਨ ਸਿੰਘ, ਮਨਦੀਪ ਗੋਰਾ, ਹਰਨੇਕ ਸਿੰਘ, ਤਾਰਾ ਸਾਗਰ, ਗੁਰਪ੍ਰੀਤ ਕੌਰ ਅਤੇ ਰੁਪਿੰਦਰ ਗਿਰੀ ਅਤੇ 'ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਬੇ-ਏਰੀਆ) ਵੱਲੋਂ ਸੁਖਵਿੰਦਰ ਕੰਬੋਜ਼ ਅਤੇ ਕੁਲਵਿੰਦਰ ਸ਼ਾਮਲ ਹੋਏ। 'ਪੰਜਾਬੀ ਗੀਤਕਾਰੀ ਮੰਚ, ਕੈਲੇਫੋਰਨੀਆ' ਵੱਲੋਂ ਮੱਖਣ ਲੁਹਾਰ ਨੇ ਫੋਨ ਰਾਹੀਂ ਇਸ ਸੰਮੇਲਨ ਵਿਚ ਸ਼ਾਮੂਲੀਅਤ ਕਰਨ ਅਤੇ ਹਰ ਤਰ੍ਹਾਂ ਦਾ ਸਹਿਯੋਗ ਦੇਣ ਦੀ ਸਹਿਮਤੀ ਪ੍ਰਗਟਾਈ।



ਇਸ ਸਾਂਝੀ ਬੈਠਕ ਵਿਚ ਜੋ ਮਹੱਤਵਪੂਰਨ ਫੈਸਲੇ ਸਰਬਸੰਮਤੀ ਨਾਲ ਲਏ ਗਏ, ਉਨ੍ਹਾਂ ਵਿਚ ਦਰਸ਼ਨ ਬੁਲੰਦਵੀ, ਕੁਲਵੰਤ ਕੌਰ ਢਿੱਲੋਂ ਅਤੇ ਅਜ਼ੀਮ ਸ਼ੇਖਰ ਦੁਆਰਾ ਸੰਪਾਦਿਤ ਅਤੇ ਪ੍ਰਕਾਸ਼ਿਤ 'ਪਰਵਾਸੀ ਪੰਜਾਬੀ ਕਾਵਿ-ਸੰਗ੍ਰਹਿ : ਵਰਤਮਾਨ ਦੇ ਆਰ-ਪਾਰ'; ਪ੍ਰੋ. ਹਰਭਜਨ ਸਿੰਘ ਦਾ ਕਹਾਣੀ-ਸੰਗ੍ਰਹਿ 'ਰੂਹ 'ਤੇ ਉਕਰੇ ਚਿੱਤਰ' ਅਤੇ ਕੁਲਵਿੰਦਰ ਦੀ ਗ਼ਜ਼ਲ ਐਲਬਮ 'ਸੰਦਲੀ ਆਥਣ' ਦੀ ਘੁੰਡ ਚੁਕਾਈ ਵੀ ਸ਼ਾਮਲ ਹੈ ਅਤੇਡਾ. ਜਸਵਿੰਦਰ ਸਿੰਘ ਨੂੰ 'ਪਰਵਾਸੀ ਪੰਜਾਬੀ ਕਾਵਿ-ਸੰਗ੍ਰਹਿ: ਵਰਤਮਾਨ ਦੇ ਆਰ-ਪਾਰ' ਬਾਰੇ ਆਪਣਾ ਖੋਜ ਪੇਪਰ ਪੇਸ਼ ਕਰਨ ਅਤੇ ਡਾ. ਧਨਵੰਤ ਕੌਰਨੂੰ 'ਰੂਹ 'ਤੇ ਉਕਰੇ ਚਿੱਤਰ' ਕਹਾਣੀ-ਸੰਗ੍ਰਹਿ ਬਾਰੇ ਆਪਣਾ ਖੋਜ ਪੇਪਰ ਪੜ੍ਹਨ ਲਈ ਸੱਦੇ ਪੱਤਰ ਭੇਜਣਾ ਵੀ ਸ਼ਾਮਲ ਹੈ। ਇਨ੍ਹਾਂ ਫੈਸਲਿਆਂ ਵਿਚ ਇੰਗਲੈਂਡ ਤੋਂ ਦਰਸ਼ਨ ਬੁਲੰਦਵੀ ਨੂੰ ਵਿਸ਼ੇਸ਼ ਮਹਿਮਾਨ ਵਜੋਂ ਅਤੇ ਕੈਨੇਡਾ ਤੋਂ ਅਮਰਜੀਤ ਚਾਹਲ ਤੇ ਗੁਰਮੀਤ ਪਨਾਗ ਨੂੰ ਮਹਿਮਾਨ ਕਹਾਣੀਕਾਰਾਂ ਵਜੋਂ ਬਲਾਉਣਾ ਵੀ ਸ਼ਾਮਲ ਹੈ। ਇਸ ਤੋਂ ਇਲਾਵਾ, ਇਹ ਵੀ ਸਰਬਸੰਮਤੀ ਨਾਲ ਤੈਅ ਕੀਤਾ ਗਿਆ ਕਿ ਇਸ ਸੰਮੇਲਨ ਦੇ ਤਿੰਨ ਸੈਸ਼ਨ ਹੋਣਗੇ। ਪਹਿਲਾ ਸੈਸ਼ਨ:ਪੁਸਤਕ ਰੀਲੀਜ਼ ਤੇ ਪੇਪਰ ਰੀਡਿੰਗ: ਦੂਜਾ ਕਹਾਣੀ ਦਰਬਾਰ ਅਤੇ ਤੀਸਰੇ ਵਿਚ ਕਵੀ ਦਰਬਾਰ ਹੋਵੇਗਾ। ਦੂਜੇ ਅਤੇ ਤੀਜੇ ਸੈਸ਼ਨਵਿਚ ਹਾਜ਼ਰ ਕਹਾਣੀਕਾਰ ਅਤੇ ਸ਼ਾਇਰ ਆਪਣੀਆਂ ਅਣਛਪੀਆਂ ਰਚਨਾਵਾਂ ਦਾ ਪਾਠ ਕਰਨਗੇ।

ਪ੍ਰੋ. ਹਰਭਜਨ ਸਿੰਘ ਵੱਲੋਂ ਨਵ-ਪ੍ਰਕਾਸ਼ਿਤ ਪੰਜਾਬੀ ਕਿਤਾਬਾਂ ਅਤੇ ਕੁਲਵਿੰਦਰ ਦੀ ਐਲਬਮ ਦੀ ਸੇਲ ਲਾਈ ਜਾਵੇਗੀ।

ਇਹ ਸਮਾਗਮ 20 ਅਗਸਤ, 2017 (ਦਿਨ ਐਤਵਾਰ) ਨੂੰ ਰਾਇਲ ਇੰਡੀਅਨ ਕੁਜ਼ੀਨ, (7610 ਪੈਸੇਫਿਕ ਐਵਨਿਊ, ਸਟਾਕਟਨ, ਕੈਲੇਫੋਰਨੀਆ-95209) ਦੇ ਬੈਂਕੁਇਟ ਹਾਲ ਵਿਚ ਸਵੇਰੇ ਦਸ ਵਜੇ ਸ਼ੁਰੂ ਹੋਕੇ ਸ਼ਾਮ ਦੇ ਛੇ ਵਜੇ ਤੱਕ ਚਲੇਗਾ। ਇਸ ਸੰਮੇਲਨ ਦੀ ਸਾਝੀ ਪ੍ਰਬੰਧਕ ਕਮੇਟੀ ਵਲੋਂ ਸਮੂਹ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਹਿੱਸਾ ਲੈਣ ਅਤੇ ਯੋਗਦਾਨ ਪਾਉਣ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।

***ਪੰਜਾਬੀ ਸਾਹਿਤ ਸਭਾ ਸਟਾਕਟਨ, ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਬੇ-ਏਰੀਆ), ਪੰਜਾਬੀ ਗੀਤਕਾਰੀ ਮੰਚ ਕੈਲੇਫੋਰਨੀਆ***

# ਅਮਰੀਕੀ ਯੂਨੀਵਰਸਿਟੀ 'ਚ ਲਾਇਆ ਅੰਬੇਦਕਰ ਦਾ ਬੁੱਤ

**ਬੋਸਟਨ–** ਅਮਰੀਕਾ ਦੇ ਬੋਸਟਨ ਨੇੜੇ ਬ੍ਰੈਂਡਾਇਸ ਯੂਨੀਵਰਸਿਟੀ ਦੀ ਲਾਇਬ੍ਰੇਰੀ ਵਿਚ ਭਾਰਤ ਰਤਨ ਡਾ. ਭੀਮ ਰਾਓ ਅੰਬੇਦਕਰ ਦਾ ਬੁੱਤ ਲਾਇਆ ਗਿਆ ਹੈ। ਡਾ. ਭੀਮ ਰਾਓ ਅੰਬੇਦਕਰ ਦੀ 126ਵੀਂ ਜੈਅੰਤੀ ਮੌਕੇ ਜਾਤੀ ਵਿਵਸਥਾ 'ਤੇ ਕੀਤੇ ਸੰਮੇਲਨ ਦੌਰਾਨ ਪੰਜਾਬੀਆਂ ਸਮੇਤ ਮੂਲ ਅਮਰੀਕੀ ਨਾਗਰਿਕਾਂ ਨੇ ਵੀ ਹਿੱਸਾ ਲਿਆ। ਆਲ ਇੰਡੀਆ ਸਮਤਾ ਸੈਨਿਕ ਦਲ ਦੇ ਪੰਜਾਬ ਯੂਨਿਟ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਵੱਲੋਂ ਜਾਰੀ ਪ੍ਰੈਸ ਬਿਆਨ ਵਿਚ ਕਿਹਾ ਗਿਆ ਹੈ ਕਿ ਬ੍ਰੈਂਡਾਇਸ ਯੂਨੀਵਰਸਿਟੀ ਅਮਰੀਕਾ ਦੀ



ਦੂਜੀ ਅਜਿਹੀ ਯੂਨੀਵਰਸਿਟੀ ਹੈ, ਜਿੱਥੇ ਡਾ. ਅੰਬੇਡਕਰ ਦਾ ਬੁੱਤ ਲਾਇਆ ਗਿਆ ਹੈ। ਇਸ ਤੋਂ ਪਹਿਲਾਂ 1995 ਵਿਚ ਨਿਊਯਾਰਕ ਦੀ ਕੋਲੰਬੀਆ ਯੂਨੀਵਰਸਿਟੀ ਵਿਚ ਉਹਨਾਂ ਦਾ ਬੁੱਤ ਲਾਇਆ ਗਿਆ ਸੀ। ਯੂਨੀਵਰਸਿਟੀ ਦੇ ਪ੍ਰਧਾਨ ਰੋਨਾਲਡ ਲੇਬੋਵਿਟਸ ਨੇ ਜਾਤੀ ਵਿਵਸਥਾ ਅਤੇ ਮਨੁੱਖੀ ਅਧਿਕਾਰਾਂ ਦੀ ਗੱਲ ਕਰਦਿਆਂ ਕਿਹਾ ਕਿ ਭਾਰਤ ਵਿਚ ਡਾ. ਅੰਬੇਡਕਰ ਨੇ ਜਾਤੀ ਪ੍ਰਬੰਧ ਤੋੜਨ ਵਿਚ ਵੱਡੀ ਭੂਮਿਕਾ ਨਿਭਾਈ ਸੀ। ਇਸ ਮੌਕੇ ਜਵਾਹਰ ਲਾਲ ਯੂਨੀਵਰਸਿਟੀ ਦੇ ਸਾਰਬਕਾ ਪ੍ਰੋਫੈਸਰ ਅਰਥ ਸ਼ਾਸਤਰੀ ਸੁਖਦੇਵ ਥੋਰਾਟ, ਹਾਰਵਰਡ ਯੂਨੀਵਰਸਿਟੀ ਦੇ ਪ੍ਰੋਫੈਸਰ ਕਾਰਨੇਲ ਵੇਸਟ ਤੇ ਬੋਸਟਨ ਯੂਨੀਵਰਸਿਟੀ ਦੇ ਅਹੁਦੇਦਾਰ ਹਾਜ਼ਰ ਸਨ।

# ਅਮਨ ਸਿੱਖਿਆ ਉਤੇ ਅਮਲ ਅਤੇ ਸੰਘਰਸ਼- ਜਾਗਰੂਕਤਾ ਸਬੰਧੀ ਯੂ.ਐਨ.ਓ.'ਚ ਅੰਤਰ ਰਾਸ਼ਟਰੀ ਕਾਨਫਰੰਸ

## ਗੁਰਮੀਤ ਸਿੰਘ ਨੇ ਵਿਸ਼ੇਸ਼ ਪ੍ਰਤੀਲਿਧੀ ਵਜੋਂ ਹਿੱਸਾ ਲਿਆ, ਅਗਲੀ ਕਾਨਫਰੰਸ ਸਾਊਥ ਕੋਰੀਆ 'ਚ ਦਸੰਬਰ 2017 'ਚ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)-** ਬੀਤੇ ਦਿਨੀਂ ਯੂ. ਐਨ. ਓ. ਵਿਖੇ ਅਮਨ ਸਿੱਖਿਆ ਉਤੇ ਅਮਲ ਅਤੇ ਸੰਘਰਸ਼-ਜਾਗਰੂਕਤਾ ਸਬੰਧੀ ਅੰਤਰ ਰਾਸ਼ਟਰੀ ਕਾਨਫਰੰਸ ਕਰਵਾਈ ਗਈ। ਇਹ ਕਾਨਫਰੰਸ ਸੰਯੁਕਤ ਰਾਸ਼ਟਰ ਲਈ ਰਿਪਬਲਿਕ ਆਫ ਮਾਲਾਵੀ ਦੇ ਪਰਮਾਨੈਂਟ ਮਿਸ਼ਨ ਅਤੇ ਹਿਵਨਲੀ ਕਲਚਰ, ਵਰਲਡ ਪੀਸ, ਰੀਸਟੋਰੇਸ਼ਨ ਆਫ ਲਾਈਟ (ਐਚ. ਡਬਲਿਊ. ਪੀ. ਐਲ.) ਅਤੇ ਇੰਟਰਨੈਸ਼ਨਲ ਪੀਸ ਯੂਥ ਗਰੁੱਪ ਵੱਲੋਂ ਸਾਂਝੇ ਤੌਰ 'ਤੇ ਕਰਵਾਈ ਗਈ, ਜਿਸ ਦੇ ਮੁੱਖ ਵਿਸ਼ੇ ਅਮਨ ਸਿੱਖਿਆ ਰਾਹੀਂ ਮਿਆਰੀ ਸਿੱਖਿਆ ਦਾ ਵਿਕਾਸ ਅਤੇ ਅਮਨ ਸੱਭਿਆਚਾਰ ਨੂੰ ਫੈਲਾਉਣਾ ਅਤੇ ਸੰਘਰਸ਼ ਜਾਗਰੂਕਤਾ ਸਨ। ਕਾਨਫਰੰਸ ਵਿਚ 400 ਤੋਂ ਵੱਧ ਵੱਖ-ਵੱਖ ਮੁਲਕਾਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ।





ਕਾਨਫਰੰਸ ਵਿਚ ਨਿਊਯਾਰਕ ਤੋਂ ਸੀਨੀਅਰ ਪੱਤਰਕਾਰ ਗੁਰਮੀਤ ਸਿੰਘ ਆਪਣਾ ਪੰਜਾਬ ਨੇ ਵੀ ਸ਼ਮੂਲੀਅਤ ਕੀਤੀ ਅਤੇ ਸ਼ਾਂਤੀ ਲਈ ਸਿੱਖਿਆ ਅਤੇ ਨੌਜਵਾਨਾਂ ਦੀ ਭੂਮਿਕਾ ਦਾ ਮਸਲਾ ਉਠਾਇਆ ਅਤੇ ਸ਼ਾਂਤੀ ਲਈ ਮੀਡੀਆ ਦੀ ਭੂਮਿਕਾ ਦਾ ਵੀ ਜ਼ਿਕਰ ਕੀਤਾ। ਵੱਖ ਵੱਖ ਦੇਸ਼ਾਂ ਤੋਂ ਆਏ ਨੁਮਾਇੰਦਿਆਂ ਨੇ ਵਿਸ਼ਵ ਵਿਚ ਪੈਦਾ ਹੋ ਰਹੇ ਜੰਗ ਦੇ ਹਾਲਾਤ ਅਤੇ ਵੱਖ ਵੱਖ ਖੇਤਰਾਂ ਵਿਚ ਵੱਧ ਰਹੇ ਤਣਾਅ ਬਾਰੇ ਆਪਣੇ ਅਹਿਮ ਵਿਚਾਰ ਰੱਖੇ ਅਤੇ ਸਾਰੇ ਵਿਵਾਦਾਂ ਨੂੰ ਜਾਗਰੂਕਤਾ ਰਾਹੀਂ ਹੱਲ ਕਰਨ 'ਤੇ ਜ਼ੋਰ ਦਿੱਤਾ। ਇਸ ਲਈ 'ਡੈਕਰੇਸ਼ਨ ਆਨ ਏ ਕਲਚਰ ਆਫ' ਪੀਸ ਸਬੰਧੀ ਕੌਮਾਂਤਰੀ ਮਤੇ ਦਾ ਵੀ ਜ਼ਿਕਰ ਕੀਤਾ ਗਿਆ। ਕਾਨਫਰੰਸ ਨਿਊਯਾਰਕ ਤੋਂ 'ਆਪਣਾ ਪੰਜਾਬ' ਮੀਡੀਆ ਦੇ ਮੁੱਖ ਸੰਪਾਦਕ ਗੁਰਮੀਤ ਸਿੰਘ ਨੇ ਨੌਜਵਾਨਾਂ ਨੂੰ ਸ਼ਾਂਤੀ ਲਈ ਅੱਗੇ ਲਿਆਉਣ ਸਬੰਧੀ ਮਸਲਾ ਉਠਾਇਆ।

ਇਸ ਸਵਾਲ ਦੀ ਅਹਿਮੀਅਤ ਨੂੰ ਵੇਖਦਿਆਂ ਐਚ. ਡਬਲਿਊ ਪੀ. ਐਲ. ਦੇ ਚੇਅਰਮੈਨ ਐਮ. ਹੀ ਲੀ ਨੇ ਵਿਸਥਾਰ ਸਹਿਤ ਆਪਣ ਵਿਚਾਰ ਰੱਖੇ ਅਤੇ ਕਿਹਾ ਕਿ ਵਾਕਿਆ ਹੀ ਨੌਜਵਾਨ ਅਮਨ ਸ਼ਾਂਤੀ ਲਈ ਅਹਿਮ ਭੂਮਿਕਾ ਨਿਭਾਅ ਸਕਦੇ ਹਨ। ਕਾਨਫਰੰਸ ਵਿਚ ਜ਼ੋਰ ਦਿੱਤਾ ਗਿਆ ਕਿ ਸ਼ਾਂਤੀ ਨੂੰ ਬਰਕਰਾਰ ਰੱਖਣ ਲਈ ਨੌਜਵਾਨਾਂ ਨੂੰ ਅੱਗੇ ਲਿਆਂਦਾ ਜਾਵੇ। ਅਜਿਹੀ ਸਿੱਖਿਆ ਪ੍ਰਣਾਲੀ ਬਣਾਈ ਜਾਵੇ, ਜਿਸ ਵਿਚ ਨੌਜਵਾਨਾਂ ਨੂੰ ਅਹਿਮੀਅਤ ਦਾ ਵੀ ਪਾਠ ਪੜ੍ਹਾਇਆ ਜਾਵੇ। ਆਪਣੇ ਅਹਿਮ ਵਿਚਾਰਾਂ ਵਿਚ ਐਚ. ਡਬਲਿਊ. ਪੀ. ਐਲ. ਦੇ ਚੇਅਰਮੈਨ ਐਮ. ਹੀ ਲੀ ਨੇ ਕਿਹਾ ਕਿ ਸ਼ਾਂਤੀ ਕਿਸੇ ਇਕ ਵਿਅਕਤੀ ਜਾਂ ਸੰਗਠਨ ਜਾਂ ਰਾਸ਼ਟਰ ਦਾ ਕੰਮ ਨਹੀਂ, ਇਹ ਸਮੁੱਚੀ ਮਨੁੱਖਤਾ ਵਾਸਤੇ ਹੈ। ਅਮਨ ਸ਼ਾਂਤੀ ਦੀ ਅਹਿਮੀਅਤ ਉਹਨਾਂ ਲੋਕਾਂ ਨੂੰ ਪਤਾ ਹੈ, ਜਿਹੜੇ ਜੰਗਾਂ ਵਿਚ ਜ਼ਿੰਦਗੀਆਂ ਦਾ ਨੁਕਸਾਨ ਝੱਲ ਚੱਕੇ ਹਨ।

ਇਹ ਸਮੁੱਚੀ ਮਨੁੱਖਤਾ ਵਾਸਤੇ ਹੈ। ਅਮਨ ਸ਼ਾਂਤੀ ਦੀ ਅਹਿਮੀਅਤ ਉਹਨਾਂ ਲੋਕਾਂ ਨੂੰ ਪਤਾ ਹੈ, ਜਿਹੜੇ ਜੰਗਾਂ ਵਿਚ ਜ਼ਿੰਦਗੀਆਂ ਦਾ ਨੁਕਸਾਨ ਝੱਲ ਚੁੱਕੇ ਹਨ। ਇਸ ਦੌਰਾਨ ਡਿਪਟੀ ਪਰਮਾਨੈਂਟ ਰੀ ਪ੍ਰਜ਼ੈਂਟੇਟਿਵ ਕੋਸਟਾ ਰੀਕਾ ਨੇ ਕਿਹਾ ਕਿ ਬੱਚਿਆਂ ਨੂੰ ਸਕੂਲਾਂ ਵਿਚ ਸ਼ਾਂਤੀ ਦਾ ਪਾਠ ਪੜ੍ਹਾ ਕੇ ਜੰਗਾਂ, ਮਿਸਾਇਲਾਂ ਅਤੇ ਪਰਮਾਣੂ ਹਥਿਆਰਾਂ ਬਾਰੇ ਜਾਗਰੂਕ ਕਰਦਿਆਂ ਉਹਨਾਂ ਨੂੰ ਇਸ ਤੋਂ ਦੂਰ ਰੱਖਿਆ ਜਾ ਸਕਦਾ ਹੈ ਅਤੇ ਸ਼ਾਂਤੀ ਲਈ ਅੱਗੇ ਕਦਮ ਵਧਾਉਣੇ ਚਾਹੀਦੇ ਹਨ। ਅਗਲੀ ਕਾਨਫਰੰਸ ਸਾਊਥ ਕੋਰੀਆ 'ਚ ਦਸੰਬਰ 2017 'ਚ ਹੋ ਰਹੀ ਹੈ।

# ਡਾ.ਐਸ.ਪੀ.ਸਿੰਘ ਉਬਰਾਏ ਵਲੋਂ ਗੱਤਕਾ ਫੈਡਰੇਸ਼ਨ ਯੂ.ਐਸ.ਏ.ਵਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ

## ਗੁਰਦੁਆਰਾ ਸਿੱਖ ਕਲਚਰਲ ਸੋਸਾਇਟੀ ਵਲੋਂ ਡਾ.ਐਸ.ਪੀ.ਸਿੰਘ ਦਾ ਵਿਸ਼ੇਸ ਸਨਮਾਨ

**ਨਿਉਯਾਰਕ-** ਵਿਸ਼ਵ ਗੱਤਕਾ ਫੈਡਰੇਸ਼ਨ ਦੇ ਵਿੱਤ ਸਕੱਤਰ, ਕਾਰੋਬਾਰੀ ਤੇ ਉਘੇ ਸਮਾਜਸੇਵੀ ਡਾ. ਐਸ.ਪੀ. ਸਿੰਘ ਉਬਰਾਏ ਦੁਬਈ ਅੱਜ ਕੱਲ ਅਮਰੀਕਾ-ਕਨੇਡਾ ਦੀ ਫੇਰੀ ਤੇ ਹਨ। ਆਪਣੀ ਨਿਉਯਾਰਕ ਦੀ ਉਚੇਚੀ ਫੇਰੀ ਦੋਰਾਨ ਉਹਨਾਂ ਵਲੋਂ ਅਮਰੀਕਾ ਵਿੱਚ ਗੱਤਕਾ ਖੇਡ ਦੀ ਪ੍ਰਫੁੱਲਤਾ ਲਈ ਯਤਨਸ਼ੀਲ ਗੱਤਕਾ ਫੈਡਰੇਸ਼ਨ ਯੂ.ਐਸ.ਏ. ਦੀ ਸ਼ਲਾਘਾ ਕੀਤੀ। ਉਹਨਾਂ ਵਲੋਂ ਨਿਉਯਾਰਕ ਗੱਤਕਾ ਐਸੋਸੀਏਸ਼ਨ ਅਧੀਨ ਆਉਦੀ ਸ਼ਹੀਦ ਬਾਬਾ ਦੀਪ ਸਿੰਘ ਗੱਤਕਾ ਅਕੈਡਮੀ ਵਿੱਖੇ ਵਿਸ਼ੇਸ ਤੌਰ ਤੇ ਖਿਡਾਰੀਆਂ ਨਾਲ ਮਿਲਣੀ ਕੀਤੀ ਗਈ।

ਉਹਨਾਂ ਦੇ ਗੁਰੂਦੁਆਰਾ ਸਿੱਖ ਕਲਚਰਲ ਸੋਸਾਇਟੀ ਵਿੱਖੇ ਪੁਜੱਣ ਤੇ ਗੁਰਦੁਆਰਾ ਪ੍ਰਬਧਕ ਕਮੇਟੀ ਅਤੇ ਗੱਤਕਾ ਅਕੈਡਮੀ ਵਲੋਂ ਭਰਵਾਂ ਸੁਆਗਤ ਕੀਤਾ ਗਿਆ।

ਡਾ. ਉਬਰਾਏ ਨੇ ਜਾਣਕਾਰੀ ਸਾਂਝੀ ਕਰਦਿਆਂ ਆਖਿਆ ਕਿ ਅਮਰੀਕਾ ਦੇ ਹਰ ਸੂਬੇ ਵਿੱਚ ਗੱਤਕਾ ਖੇਡ ਦੀ ਰਾਜ ਪੱਧਰੀ ਗੱਤਕਾ ਐਸੋਸੀਏਸ਼ਨਾਂ ਦਾ ਗਠਨ ਕੀਤਾ ਜਾਵੇਗਾ।ਉਹਨਾਂ ਦੁਹਰਾਇਆ ਕਿ ਅੱਜ ਲੋੜ੍ਹ ਹੈ ਕਿ ਦੇਸ਼-ਵਿਦੇਸ਼ ਵਿੱਚ ਵੱਖਰੀ-ਵੱਖਰੀ ਜੱਥੇਬੰਦੀਆਂ ਅਧੀਨ ਗੱਤਕਾ ਖੇਡ ਨੂੰ ਪ੍ਰਫੁੱਲਿਤ ਕਰ ਰਹੀਆਂ ਸਮੂਹ ਜੱਥੇਬੰਦੀਆਂ ਇੱਕਠੀਆਂ ਹੋ ਕੇ ਵਿਸ਼ਵ ਗੱਤਕਾ ਫੈਡਰੇਸ਼ਨ ਦੀ ਅਗਵਾਈ ਵਿੱਚ ਗੱਤਕਾ ਖੇਡ ਦੇ ਪ੍ਰਚਾਰ-ਪਸਾਰ ਹਿੱਤ ਕਾਰਜ ਆਰੰਭ ਕਰਨ। ਗੱਤਕਾ ਅਕੈਡਮੀ ਵਲੋਂ ਡਾ. ਉਬਰਾਏ ਦੀ ਆਮਦ ਨੂੰ ਮੁੱਖ ਰੱਖਦਿਆਂ ਵਿਸ਼ੇਸ ਤੋਰ ਤੇ ਗੱਤਕਾ ਪ੍ਰਦਰਸ਼ਨੀ ਕੀਤੀ।ਪ੍ਰਦਰਸ਼ਨੀ ਦੌਰਾਨ ਡਾ. ਉਬਰਾਏ ਵਲੋਂ ਗੱਤਕਾ ਟੀਮ ਦੇ ਛੋਟੇ ਗਤਕਈ ਸਿੰਘ ਨੂੰ ਹੋਸਲਾਂ ਦਿੰਦਿਆਂ, ਜਸਵੇਦ ਸਿੰਘ ਦਾ ਉਸ ਦੀ ਵਧੀਆਂ ਖੇਡ ਕਰਕੇ ਸਨਮਾਨ ਵੀ ਕੀਤਾ ਗਿਆ।



ਜਾਣਕਾਰੀ ਸਾਂਝੀ ਕਰਦਿਆਂ ਗੱਤਕਾ ਐਸੋਸੀਏਸ਼ਨ ਦੇ ਪ੍ਰਧਾਨ ਡਾ. ਦੀਪ ਸਿੰਘ ਅਤੇ ਜਨਰਲ ਸਕੱਤਰ ਸ. ਦਲੇਰ ਸਿੰਘ ਨੇ ਕਿਹਾ ਕਿ ਜਲਦੀ ਹੀ ਗੱਤਕਾ ਖੇਡ ਨੂੰ ਪ੍ਰਫੱਲਿਤ ਕਰਨ ਹਿੱਤ ਰਿਫਰੈਸ਼ਰ ਕੋਰਸ ਅਤੇ ਗੱਤਕਾ ਖੇਡ ਦੇ ਮੁਕਾਬਲੇ ਕਰਵਾਏ ਜਾਣਗੇ। ਖੇਡ ਨੂੰ ਹਾਈ ਟੈਕ ਉਪਕਰਣਾਂ ਨਾਲ ਲੈਸ ਕਰਕੇ ਹੋਰ ਸਥਾਪਿਤ ਖੇਡਾਂ ਦੇ ਬਰਾਬਰ ਲੈ ਕੇ ਜਾਇਆ ਜਾਵੇਗਾ।

ਯਾਦ ਰਹੇ ਕਿ ਨਿਉਯਾਰਕ ਗੱਤਕਾ ਐਸੋਸੀਏਸ਼ਨ ਵਲੋਂ ਚਲਾਈ ਜਾ ਰਹੀ ਗੱਤਕਾ ਅਕੈਡਮੀ ਵਿੱਚ ਗੁਰੂਦੁਆਰਾ ਸਿੱਖ ਕਲਚਰਲ ਸੋਸਾਇਟੀ ਦਾ ਵਿਸ਼ੇਸ ਯੋਗਦਾਨ ਹੈ।ਇਸ ਮੌਕੇ ਤੇ ਗੁਰੂਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ, ਨਿਉਯਾਰਕ ਦੇ ਹੈਡ ਗ੍ਰੰਥੀ ਗਿਆਨੀ ਭੁਪਿੰਦਰ ਸਿੰਘ, ਜਨਰਲ ਸਕੱਤਰ ਭੁਪਿੰਦਰ ਸਿੰਘ ਅਟਵਾਲ ਅਤੇ ਗਤੱਕਾ ਐਸੋਸੀਏਸ਼ਨ ਦੇ ਪ੍ਰਧਾਨ ਡਾ. ਦੀਪ ਸਿੰਘ ਵਲੋਂ ਡਾ. ਐਸ.ਪੀ.ਸਿੰਘ ਉਬਰਾਏ ਦਾ ਉਹਨਾਂ ਦੀਆਂ ਅਣਥੱਕ ਅਤੇ ਬਡਮੁੱਲੀ ਸਮਾਜਿਕ ਸੇਵਾਵਾਂ ਕਰਕੇ ਵਿਸ਼ੇਸ ਸਨਮਾਨ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸ੍ਰੀ ਸਟੀਵ ਚੋਪੜਾ, ਬੀਬਾ ਸਰਬਜੀਤ ਕੌਰ, ਗੱਤਕਾ ਕੋਚ ਬਲਜੀਤ ਸਿੰਘ, ਕੁਲਦੀਪ ਸਿੰਘ, ਗੁਰਜੀਤ ਸਿੰਘ ਅਤੇ ਅਕੈਡਮੀ ਦੇ ਸਮੂਹ ਖਿਡਾਰੀ ਵਿਸ਼ੇਸ ਤੋਰ ਤੇ ਹਾਜਿਰ ਸਨ।

# ਗੁਰੂ ਨਾਨਕ ਸਪੋਰਟਸ ਕਲੱਬ ਸਨਵਾਕੀਨ ਅਤੇ ਕਰਮਨ ਵੱਲੋਂ ਫੈਮਲੀ ਪਿਕਨਿਕ ਅਤੇ ਵਿਸਾਖੀ ਟੂਰਨਾਮੈਂਟ ਕਰਵਾਇਆ ਗਿਆ





**ਫਰਿਜ਼ਨੋ, ਕੈਲੀਫੋਰਨੀਆ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਸੈਂਟਰਲ ਵੈਲੀ ਕੈਲੀਫੋਰਨੀਆਂ ਦੇ ਸ਼ਹਿਰ ਸਨਵਾਕੀਨ ਦੇ ਸਟੇਡੀਅਮ ਵਿੱਚ ਗੁਰੂ ਨਾਨਕ ਸਪੋਰਟਸ ਕਲੱਬ ਕਰਮਨ ਅਤੇ ਸਨਵਾਕੀਨ ਵੱਲੋਂ ਫੈਂਮਲੀ ਪਿਕਨਿਕ ਅਤੇ ਦੋ ਦਿਨਾਂ ਟੂਰਨਾਂਮੈਂਟ ਕਰਵਾਇਆ ਗਿਆ। ਜਿਸ ਦੀ ਪਹਿਲੇ ਦਿਨ ਸੁਰੂਆਤ ਭਾਈ ਰਣਜੀਤ ਸਿੰਘ ਜੀ ਦੁਆਰਾ ਚੜਦੀ ਕਲਾ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਹੋਈ। ਫੈਂਮਲੀ ਪਿਕਨਿਕ ਵਿੱਚ ਗਿੱਧੇ, ਭੰਗੜੇ ਤੋ ਇਲਵਾ ਹੋਰ ਵਿਰਾਸਤੀ ਖੇਡਾਂ ਜਿਵੇ ਚਾਟੀ ਰੇਸ਼, ਬੋਰੀ ਰੇਸ਼, ਤਿੰਨ ਟੰਗੀ ਰੇਸ਼, ਰੱਸਾਕਸ਼ੀ, ਕੁੱਕੜ ਫੜਨਾ ਆਦਿਕ ਬਹੁਤ ਸਾਰੀਆਂ ਖੇਡਾਂ ਦੇ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਔਰਤਾਂ ਨੇ ਵਧ ਚੜ ਕੇ ਹਿੱਸਾ ਲਿਆ। ਬੀਬੀਆਂ ਦੁਆਰਾ ਪੰਜਾਬੀ ਰਹੁ-ਰੀਤਾਂ ਨਾਲ ਸੰਬੰਧਤ ਗੀਤਾਂ ਤੋਂ ਇਲਾਵਾ ਨਾਨਕਾ ਮੇਲ ਅਤੇ ਦਾਦਕਾ ਮੇਲ ਦੇ ਗੀਤਾਂ ਦਾ ਮੁਕਾਬਲਾ ਬਹੁਤ ਸਲਾਹੁਣਯੋਗ ਸੀ। ਕਰਮਨ ਪੰਜਾਬੀ ਸਕੂਲ, ਜੀ.ਐਚ.ਜੀ. ਅਕੈਡਮੀ ਅਤੇ ਹੋਰ ਸਥਾਨਕ ਸਕੂਲਾ ਦੇ ਬੱਚਿਆ ਦੁਆਰਾ ਵਿਰਾਸਤੀ ਖੇਡਾ ਵਿੱਚ ਹਿਸਾ ਲੈ ਪੰਜਾਬੀ ਸੱਭਿਆਚਾਰ ਪ੍ਰਤੀ ਪਿਆਰ ਅਤੇ ਦਿਲਚਸਪੀ ਦਾ ਖੂਬ ਪ੍ਰਦਰਸ਼ਨ ਕੀਤਾ ਗਿਆ। ਸਥਾਨਿਕ ਸਕੂਲਾ ਵਿੱਚ 4.0 ਜਾਂ ਵਧੀਕ ਜੀ. ਪੀ. ਏ. (4.0 ੋਰ ਫਲੁਸ ਘ.ਫ.ਓ.) ਪ੍ਰਾਪਤ ਕਰਨ ਵਾਲੇ ਬੱਚਿਆ ਨੂੰ ਬਾਕੀ ਖੇਡਾਂ ਵਾਂਗ ਨਕਦ ਇਨਾਮ ਅਤੇ ਮੈਂਡਲ ਦੇ ਕੇ ਸਨਮਾਨਿਤ ਕੀਤਾ ਗਿਆ।





ਇਸ ਟੂਰਨਾਮੈਂਟ ਵਿੱਚ ਕਬੱਡੀ ਦੂਸਰੇ ਦਿਨ ਅੰਡਰ ਇੱਕੀ ਸਾਲ ਉਮਰ ਅਤੇ ਉਪਨ ਕਬੱਡੀ ਦੇ ਮੁਕਾਬਲੇ ਕਰਵਾਏ ਗਏ। ਇਸ ਟੂਰਨਾਂਮੈਂਟ ਦੌਰਾਨ ਅੰਤਰ-ਰਾਸ਼ਟਰੀ ਪੱਧਰ ਦੇ ਕਬੱਡੀ ਖਿਡਾਰੀਆਂ ਨੇ ਭਾਰਤ ਅਤੇ ਕਨੇਡਾ ਤੋਂ ਪਹੁੰਚ ਕੇ ਆਪਣੀ ਖੇਡ ਦਾ ਪ੍ਰਦਰਸ਼ਨ ਕੀਤਾ। ਜਿਸ ਦੌਰਾਨ ਉਪਨ ਕਬੱਡੀ ਦੇ ਮੁਕਾਬਲਿਆ ਵਿੱਚ 'ਮਲਟੀ ਸਪੋਰਟਸ਼ ਕਲੱਬ ਟਰੇਸ਼ੀ' ਪਹਿਲੇ ਸਥਾਨ ਅਤੇ 'ਅਜਾਦ ਸਪੋਰਟਸ਼ ਕਲੱਬ ਫਰਿਜ਼ਨੋ' ਦੂਜੇ ਸਥਾਨ 'ਤੇ ਰਿਹਾ। ਇਸੇ ਤਰ੍ਹਾਂ ਅੰਡਰ ਇੱਕੀ ਸਾਲ ਕਬੱਡੀ ਮੁਕਾਬਲਿਆ ਵਿੱਚ ਪਹਿਲਾ ਸਥਾਨ 'ਕਿੰਗ ਸਪੋਰਟਸ਼ ਕਲੱਬ ਸੈਂਕਰਾਮੈਂਟੋ' ਅਤੇ ਦੂਸਰਾ ਸਥਾਨ 'ਯੂਬਾ ਬ੍ਰਦਰਜ਼ ਯੂਬਾ ਸਿਟੀ' ਨੇ ਪ੍ਰਾਪਤ ਕੀਤਾ। ਬੱਚਿਆ ਦੀ ਬਾਸਕਟ ਬਾਲ ਅਤੇ ਬਜ਼ੁਰਗਾ, ਬੱਚਿਆ ਅਤੇ ਬੀਬੀਆਂ ਦੁਆਰਾ ਰੱਸ-ਾਕਸੀ ਦੇ ਮੁਕਾਬਲੇ ਵੀ ਹੋਏ। ਇਸ ਸਮੇਂ ਦੋਨੋ ਦਿਨ ਪੰਜਾਬੀ ਗਾਇਕੀ ਦੀ ਬੁਲੰਦ ਅਵਾਜ਼ ਗੀਤਕਾਰ ਅਤੇ ਗਾਇਕ ਧਰਮਵੀਰ ਥਾਂਦੀ, ਪ੍ਰਸਿੱਧ ਗਾਇਕਾ ਜੋਤ ਰਣਜੀਤ ਅਤੇ ਦਿਲਦਾਰ ਮਿਉਜ਼ੀਕਲ ਗਰੁੱਪ ਕੈਲੀਫੋਰਨੀਆਂ ਵੱਲੋਂ ਖੁੱਲੇ ਅਖਾੜੇ ਦੇ ਰੂਪ ਵਿੱਚ ਆਪਣੀ ਗਾਇਕੀ ਰਹੀ ਹਾਜ਼ਰੀਨ ਦਾ ਮੰਨੋਰੰਜਨ ਵੀ ਕੀਤਾ ਗਿਆ। ਕਬੱਡੀ ਟੂਰਨਾਂਮੈਂਟ ਦੌਰਾਨ ਸਟੇਜ਼ ਸੰਚਾਲਨ ਬਾਖੂਬੀ ਸ਼ਾਇਰਾਨਾ ਅੰਦਾਜ਼ ਵਿੱਚ ਬੀਬੀ ਆਸ਼ਾ ਸ਼ਰਮਾ ਨੇ ਕੀਤਾ ਅਤੇ ਇਸੇ ਦੌਰਾਨ ਸਮੇਂ-ਸਮੇਂ ਗੁਰਬਿੰਦਰ ਧਾਲੀਵਾਲ ਅਤੇ ਬਲਵੀਰ ਢਿੱਲੋਂ ਨੇ ਉਨ੍ਹਾਂ ਦਾ ਸਾਥ ਦਿੱਤਾ। ਜਦ ਕਿ ਫੈਮਲੀ ਪਿਕਨਿਕ ਦੌਰਾਨ ਸਟੇਜ਼ ਸੰਚਾਲਨ ਦੀ ਸੇਵਾ ਉੱਭਰ ਰਹੇ ਲੇਖਕ ਗੁਲਬਿੰਦਰ ਗੈਰੀ ਢੇਸੀ ਨੇ ਨਿਭਾਈ।

ਇਸ ਟੂਰਨਾਮੈਂਟ ਦੌਰਾਨ ਮੁੱਫਤ ਲੰਗਰਾਂ ਅਤੇ ਪਾਰਕਿੰਗ ਦਾ ਖੁੱਲਾ ਪ੍ਰਬੰਧ ਸੀ। ਪ੍ਰਬੰਧਕਾ ਵੱਲੋਂ ਜੇਤੂ ਟੀਮਾਂ ਨੂੰ ਦਿਲਕਸ਼ ਇਨਾਮ ਅਤੇ ਸਨਮਾਨ ਦੇਣ ਤੋਂ ਇਲਾਵਾ ਸਮੂੰਹ ਹਾਜ਼ਰੀਨ ਦਾ ਧੰਨਵਾਦ ਕੀਤਾ ਗਿਆ। ਇੱਥੇ ਇਹ ਵਰਨਣਯੋਗ ਹੈ ਕਿ 1970 ਈ. ਦੇ ਦਹਾਕੇ ਦੌਰਾਨ ਸੈਂਟਰਲ ਵੈਲੀ ਵਿੱਚ ਕਬੱਡੀ ਦੀ ਸੁਰੂਆਤ ਕਰਨ ਵਾਲੇ ਗੁਰੂ ਨਾਨਕ ਸਪੋਰਟਸ਼ ਕਲੱਬ ਦੀ ਆਪਣੀ ਕਬੱਡੀ ਦੀ ਕਈ ਸਾਲਾ ਤੋਂ ਕੋਈ ਟੀਮ ਨਹੀਂ ਹੈ, ਪਰ ਖੇਡਾਂ ਨੂੰ ਸਮਰਪਤ ਹੋਣ ਕਰਕੇ ਹਰ ਸਾਲ ਇਹ ਕਲੱਬ ਸਹਿਯੋਗੀਆਂ ਦੀ ਮਦਦ ਨਾਲ ਸਾਨਦਾਰ ਟੂਰਨਾਮੈਂਟ ਕਰਵਾਉਂਦੇ ਹਨ। ਅੰਤ ਆਪਣੀਆਂ ਯਾਦਗਾਰੀ ਅਮਿੱਟ ਪੈੜਾ ਛੱਡਦਾ ਹੋਇਆ ਅੰਤਰ-ਰਾਸ਼ਟਰੀ ਕਬੱਡੀ ਟੂਰਨਾਂਮੈਂਟ ਅਤੇ ਖੇਡ ਮੇਲਾ ਯਾਦਗਾਰੀ ਹੋ ਨਿਬੜਿਆ।

# ਸਤਿਗੁਰੂ ਧੰਨਾ ਜੀ ਦਾ ਪ੍ਰਕਾਸ਼ ਉਤਸਵ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ






**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸਤਿਗੁਰੂ ਧੰਨਾ ਜੀ ਮਹਾਜ ਦਾ ਪ੍ਰਕਾਸ਼ ਉਤਸਵ ਮਨਾਇਆ ਗਿਆ, ਜਿਸ ਵਿਚ ਗੁਰੂ ਘਰ ਵਿਖੇ 12 ਮਈ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ ਜਿਹਨਾਂ ਦੇ ਭੋਗ 14 ਮਈ ਦਿਨ ਐਤਵਾਰ ਨੂੰ ਪਾਏ ਗਏ। ਭੋਗ ਉਪਰੰਤ ਗੁਰੂ ਘਰ ਦ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਜਥੇਦਾਰ ਗੁਰਨਾਮ ਸਿੰਘ ਭੰਡਾਲ ਜੀ (ਵਾਈਸ ਪ੍ਰਧਾਨ ਗੁਰੂ ਘਰ) ਨੇ ਸਟੇਜ ਸੈਕਟਰੀ ਦੀ ਸੇਪਾ ਨਿਭਾਈ ਅਤੇ ਸਤਿਗੁਰੂ ਧੰਨਾ ਜੀ ਮਹਾਰਾਜ ਦੇ ਜੀਵਨ, ਵਿਚਾਰਧਾਰਾ ਨਾਲ ਸੰਗਤਾਂ ਨੂੰ ਜੋੜਿਆ।

ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

ਗੁਰੂ ਘਰ ਵਿਖੇ ਮਈ ਮਹੀਨੇ ਹੋਣ ਵਾਲੇ ਪ੍ਰੋਗਰਾਮ 21 ਮਈ ਦਿਨ ਐਤਵਾਰ ਸ੍ਰੀ ਮਨਜੀਤ ਰਾਏ ਬੀਬੀ ਮਨਜੀਤ ਕੌਰ ਦੀ ਦੇ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਕੀਤੀ ਜਾਵੇਗੀ।

26, 27, 28 ਮਈ ਦਿਨ ਸ਼ੁੱਕਰਵਾਰ, ਸ਼ਨੀਵਾਰ, ਐਤਵਾਰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਜਾਪ ਸ. ਗੁਰਮੇਜ ਸਿੰਘ ਜੀ, ਬੀਬੀ ਜਗਜੀਤ ਕੌਰ ਜੀ ਪਰਿਵਾਰ ਵੱਲੋਂ ਕਰਵਾਏ ਜਾਣਗੇ।

--------

# ਅੰਬੇਡਕਰਵਾਦੀਆਂ ਨੇ ਫੂਕਿਆ ਯੂ.ਪੀ. ਦੇ ਮੁੱਖ ਮੰਤਰੀ ਯੋਗੀ ਦਾ ਪੁਤਲਾ

**ਹੁਸ਼ਿਆਰਪੁਰ–** ਇੱਥੇ ਅੰਬੇਡਕਰਵਾਦੀਆਂ ਨੇ ਮੁਹੱਲਾ ਰਹੀਮਪੁਰ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਯੂ. ਪੀ. ਦੇ ਮੁੱਖ ਮੰਤਰੀ ਅਦਿੱਤਿਆਨਾਥ ਯੋਗੀ ਦਾ ਪੁਤਲਾ ਫੂਕਿਆ ਤੇ ਉਤਰ ਪ੍ਰਦੇਸ਼ ਭਾਜਪਾ ਸਰਕਾਰ ਦੇ ਮੁੱਖ ਮੰਤਰੀ ਸ੍ਰੀ ਯੋਗੀ ਦੇ ਖਿਲਾਫ ਨਾਅਰੇਬਾਜ਼ੀ ਕੀਤੀ, ਜਿਸ ਦੀ ਪ੍ਰਧਾਨਗੀ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਚੰਦ ਲੇਕੇ ਨੇ ਕਰਦਿਆਂ ਕਿਹਾ ਕਿ ਸਹਾਰਨਪੁਰ ਦੇ ਪਿੰਡ ਸਬੀਰਪੁਰ ਵਿਚ ਉਚ ਜਾਤੀ ਦੇ ਸ਼ਰਾਰਤੀ ਲੋਕਾਂ ਵੱਲੋਂ ਘਰਾਂ ਵਿਚ ਸਾੜ ਫੂਕ ਕੀਤੀ ਗਈ ਤੇ ਅੰਬੇਡਕਰਵਾਦੀ ਔਰਤਾਂ ਦੇ ਹੱਥ-ਪੈਰ ਕੱਟ ਦਿੱਤੇ ਗਏ ਤੇ ਸਹਾਰਨਪੁਰ ਪੁਲਿਸ ਪ੍ਰਦਰਸ਼ਨ ਵੇਲੇ ਦੋਸ਼ੀਆ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ ਤੇ ਉਤਰ ਪ੍ਰਦੇਸ਼ ਦੀ ਭਾਜਪਾ ਸਰਕਾਰ ਕੋਈ ਕਾਰਵਾਈ ਦੋਸ਼ੀਆਂ ਖਿਲਾਫ ਨਹੀਂ ਕਰਦੀ। ਪੰਜਾਬ ਦੇ ਅੰਬੇਡਕਰਵਾਦੀਆਂ ਨੇ ਕਿਹਾ ਕਿ ਉਤਰ ਪ੍ਰਦੇਸ਼ ਵਿਚ ਸੰਘਰਸ਼ ਕਰ ਰਹੀਆਂ ਅੰਬੇਡਕਰਵਾਦੀ ਜਥੇਬੰਦੀਆਂ ਦੇ ਉਹ ਨਾਲ ਹਨ ਤੇ ਸਮੂਹ ਅੰਬੇਡਕਰਵਾਦੀ ਸੰਗਠਨਾਂ ਨੇ ਧਮਕੀ ਦਿੱਤੀ ਕਿ ਜੇਕਰ ਦੋਸ਼ੀਆਂ ਖਿਲਾਫ ਕੋਈ ਕਾਰਵਾਈ ਨਾ ਕੀਤੀ ਤਾਂ ਹੁਸ਼ਿਆਰਪੁਰ ਬੰਦ ਦਾ ਸੱਦਾ ਦਿੱਤਾ ਜਾਵੇਗਾ।ਇਸ ਮੌਕੇ ਬਲਵਿੰਦਰ ਕੁਮਾਰ ਐਮ. ਸੀ. ਤੇ ਹਰਵਿੰਦਰ ਹੀਰਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਫੋਰਮ ਨੇ ਕਿਹਾ ਕਿ ਕਮਜ਼ੋਰ ਵਰਗਾਂ ਤੇ ਜ਼ੁਲਮ ਬੁਹੁਤ ਵੱਧ ਗਿਆ ਹੈ, ਇਸ ਲਈ ਸਾਨੂੰ ਇੱਕਜੁਟ ਹੋ ਕੇ ਸੰਘਰਸ਼ ਕਰਨਾ ਚਾਹੀਦਾ ਹੈ।



ਅਮਰਜੀਤ ਕੁਮਾਰ ਭੱਟੀ ਪ੍ਰਧਾਨ ਨੇ ਕਿਹਾ ਕਿ ਜਦੋਂ ਦੀ ਯੂ. ਪੀ. ਵਿਚ ਭਾਜਪਾ ਸਰਕਾਰ ਬਣੀ ਹੈ, ਉਦੋਂ ਤੋਂ ਉਥੇ ਅੰਬੇਡਕਰਵਾਦੀਆਂ ਤੇ ਜ਼ੁਲਮ ਵੱਧ ਗਏ ਹਨ। ਇਸ ਮੌਕੇ ਬੀਬੀ ਮਹਿੰਦਰ ਕੌਰ, ਵਿਜੇ ਪਾਲ, ਕਮਲਜੀਤ ਸੈਕਟਰੀ, ਸਨਦੀਪ ਕੁਮਾਰ, ਕਮਲਜੀਤ ਦਰਦ ਅੰਬੇਡਕਰੀ, ਨਰਿੰਦਰ ਕੁਮਾਰ, ਸਾਗਰ, ਸਤਪਾਲ, ਕਮਲਜੀਤ ਨੀਣਾ, ਰਾਜੂ ਬਲਵੀਰ, ਕਾਂਸੀ ਰਾਮ, ਹੈਪੀ, ਅਜੈ, ਨਿੰਮਾ, ਰਾਜਾ, ਹਰਭਜਨ ਲਾਲ ਭੱਟੀ, ਸਭਦੀਪ ਕੁਮਾਰ, ਮਨਪ੍ਰੀਤ ਸਿੰਘ, ਮਨੀਸ਼ ਕੁਮਾਰ ਤੇ ਹੋਰ ਆਗੂ ਹਾਜ਼ਰ ਸਨ।

# ਜਲੰਧਰ ’ਚ ਰੋਸ ਮੁਜ਼ਾਹਰਾ, ਯੂ.ਪੀ. ਦੇ ਮੁੱਖ ਮੰਤਰੀ ਦਾ ਪੁਤਲਾ ਸਾੜਿਆ







**ਜਲੰਧਰ (ਡੀ. ਡੀ. ਬੀ.)–** ਪਿਛਲੇ ਦਿਨੀਂ ਉਤਰ ਪ੍ਰਦੇਸ਼ ਦੇ ਜ਼ਿਲ੍ਹਾ ਸਹਾਰਨਪੁਰ ਅੰਦਰ ਦਲਿਤ ਵਰਗ ਦੇ ਲੋਕਾਂ ਉਪਰ ਕੀਤੇ ਗਏ ਅੱਤਿਆਚਾਰ, ਅਗਜ਼ਨੀ ਦੌਰਾਨ 50 ਦੇ ਕਰੀਬ ਗਰੀਬ ਪਰਿਵਾਰ ਦੇ ਘਰਾਂ ਨੂੰ ਸਾੜੇ ਜਾਣਾ, ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਉਪਰ ਬੇਰਹਿਮੀ ਕਾਤਲਾਨਾ ਹਮਲੇ ਤੇ ਜ਼ਖਮੀ ਹੋਏ ਲੋਕਾਂ ਦੀਆਂ ਦੁਖਦਾਈ ਚੀਕਾਂ ਨੇ ਦੇਸ਼ ਵਿਦੇਸ਼ ’ਚ ਇਕ ਵਾਰ ਫਿਰ ਦਰਸਾ ਦਿੱਤਾ ਹੈ ਕਿ ਭਾਰਤ ਅੰਦਰ ਦਲਿਤ ਵਰਗ ਦੇ ਲੋਕ ਅੱਜ ਵੀ ਸੁਰੱਖਿਅਤ ਨਹੀਂ।

ਇਸ ਦੇ ਵਿਰੋਧ ’ਚ ਰੋਸ ਮੁਜ਼ਾਹਰੇ ਭਾਰਤ ਦੇ ਕਈ ਰਾਜਾਂ ’ਚ ਜਬਰਦਸਤ ਰੋਸ ਮੁਜਾਹਰਿਆਂ ਦੀ ਤਰ੍ਹਾਂ ਪੰਜਾਬ ਦੇ ਵੀ ਕਈ ਜ਼ਿਲ੍ਹਿਆਂ ’ਚ ਹੋਏ। ਜਲੰਧਰ ’ਚ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ, ਆਲ ਇੰਡੀਆ ਸਮਤਾ ਸੈਨਿਕ ਦਲ ਪੰਜਾਬ ਅਤੇ ਹੋਰ ਹਮਖਿਆਲੀ ਜਥੇਬੰਦੀਆਂ ਵੱਲੋਂ ਅੰਬੇਡਕਰ ਭਵਨ ਜਲੰਧਰ ਤੋਂ 22 ਮਈ ਨੂੰ ਸ਼ਾਮ 6 ਵਜੇ ਦੇ ਕਰੀਬ ਰੋਸ ਮਾਰਚ ਸ਼ੁਰੂ ਹੋਇਆ ਅਤੇ ਡਾ. ਅੰਬੇਡਕਰ ਚੌਂਕ ਜਲੰਧਰ ਪਹੁੰਚ ਕੇ ਇਕੱਠੇ ਹੋਏ ਜਥੇਬੰਦਕਾਂ ਤੇ ਜਬਰਦਸਤ ਰੋਸ ਮੁਜ਼ਾਹਰਾ ਕਰਦਿਆਂ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਸ੍ਰੀ ਯੋਗੀ ਆਦਿਤਿਆਨਾਥ ਦਾ ਪੁਤਲਾ ਫੂਕਿਆ ਤੇ ਸਰਕਾਰ ਤੋਂ ਮੰਗ ਕੀਤੀ ਕਿ ਬੇਕਸੂਰ ਲੋਕਾਂ ਨੂੰ ਬਣਦਾ ਇਨਸਾਫ ਦਿੱਤਾ ਜਾਵੇ।

ਮੁਜ਼ਾਹਰਾਕਾਰੀਆਂ ’ਚ ਸਰਵ ਸ੍ਰੀ ਹਰਭਜਨ ਸਾਂਪਲਾ, ਵਰਿੰਦਰ ਕੁਮਾਰ, ਹਰਮੇਸ਼ ਜੱਸਲ, ਆਰ. ਸੀ. ਸੰਗਰ, ਬਲਦੇਵ ਭਾਰਦਵਾਜ, ਵਿਨਯ ਵਾਲਆ, ਜਸਵਿੰਦਰ ਵਰਿਆਣਾ, ਪ੍ਰਸ਼ੋਤਮ ਸਰੋਏ ਆਦਿ ਸਿਰਕੱਢ ਆਗੂ ਸ਼ਾਮਲ ਸਨ।

ਜਿਲਾ ਸਹਾਰਨਪੁਰ (ਉਤਰ ਪ੍ਰਦੇਸ) ਵਿਖੇ ਬੀਤੇ ਦਿਨੀ 60 ਮਜਦੂਰ ਪਰਿਵਾਰਾਂ ਦੇ ਘਰ ਫੂਕ ਦਿੱਤੇ ਗਏ ਸੀ। ਇਹ ਪਰਿਵਾਰ ਹੁਣ ਭੁੱਖੇ ਮਰ ਰਹੇ ਹਨ। ਦੰਗਾਈਆਂ ਨੇ ਮਜਦੂਰਾਂ ਦੇ ਘਰਾਂ ਵਿੱਚ ਜਾ ਕੇ ਬੱਚਿਆਂ ਅਤੇ ਔਰਤਾਂ ਨਾਲ ਕੁਟਮਾਰ ਕਰਕੇ ਅਨਾਜ, ਕੱਪੜੇ, ਟੀਵੀ, ਫਰਿੱਜ, ਮੰਜੇ ਬਿਸਤਰੇ ਆਦਿ ਸਮਾਨ ਫੂਕ ਦਿੱਤਾ ਗਿਆ।

ਪਾਣੀ ਵਾਲੇ ਨਲਕੇ ਪੁੱਟ ਦਿੱਤੇ ਤਾਂ ਮਜਦੂਰ ਪਿਆਸੇ ਮਰ ਜਾਣ, ਇਨਸਾਨੀਅਤ ਸਰਮਸਾਰ ਹੋ ਗਈ ਕਿਉਕਿ ਔਰਤਾਂ ਦੀਆਂ ਛਾਤੀਆਂ ਕਿਰਪਾਨਾਂ ਨਾਲ ਵਾਰ ਕੀਤੇ ਗਏ, ਜਬਰ ਦੀ ਹੱਦ ਹੋ ਗਈ! ਆਉ ਭੁੱਖ ਨਾਲ ਤੜਫ ਰਹੇ ਇਨਾਂ ਪਰਿਵਾਰਾਂ ਦੀ ਮੱਦਦ ਕਰਨ ਲਈ ਅੱਗੇ ਆਈਏ, ਅਗਲੇ ਕੁਝ ਦਿਨਾਂ ਤੱਕ ਇੱਕ ਟੀਮ ਸੰਗਰੂਰ ਤੋਂ ਸਹਾਰਨਪੁਰ ਦੇ ਪੀੜਤਾਂ ਦੀ ਮੱਦਦ ਕਰਨ ਜਾ ਰਹੀ ਤਾਂ ਜੋ ਲੋੜਵੰਦ ਪਰਿਵਾਰਾਂ ਨੂੰ ਕਣਕ, ਚਾਵਲ, ਕੱਪੜੇ, ਰਸੋਈ ਦਾ ਹੋਰ ਸਾਜੋ ਸਮਾਨ ਦਿੱਤਾ ਜਾ ਸਕੇ. ਤੁਸੀ ਵੀ ਇਸ ਨੇਕ ਕਾਰਜ ਵਿੱਚ ਆਪਣਾ ਸਹਿਯੋਗ ਪਾ ਸਕਦੇ ਹੋ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ–

**ਕੁਲਵੰਤ ਸਿੰਘ (ਸੰਗਰੂਰ) 92179-71379**



# ਪੀਸੀਏ ਸੱਭਿਆਚਾਰਿਕ ਮੇਲੇ ਦੀਆਂ ਤਿਆਰੀਆਂ ਮੁਕੰਮਲ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਪੰਜਾਬੀ ਕਲਚਰਲ ਐਸੋਸੀਏਸ਼ਨ ਵੱਲੋਂ ਫਰਿਜ਼ਨੋ ਵਿਖੇ ਹੋ ਰਹੇ ਸੱਭਿਆਚਾਰਿਕ ਮੇਲੇ ਦੇ ਸਬੰਧ ਵਿੱਚ ਵੁਡਵਰਡ ਪਾਰਕ ਵਿਖੇ ਮੇਲੇ ਵਾਲੀ ਜਗ੍ਹਾ ਦਾ ਜਾਇਜਾ ਲੈਣ ਉਪਰੰਤ ਇਥੇ ਹੀ ਬੋਰਡ ਮੈਬਰਾਂ ਦੀ ਇੱਕ ਅਹਿੰਮ ਮੀਟਿੰਗ ਹੋਈ, ਅਤੇ ਇਸ ਮੌਕੇ ਪ੍ਰਬੰਧਕਾ ਵੱਲੋਂ ਪੱਤਰਕਾਰਾ ਨਾਲ ਗੱਲ-ਬਾਤ ਦੌਰਾਨ ਦੱਸਿਆ ਗਿਆ ਕਿ ਮੇਲੇ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆ ਗਈਆਂ ਹਨ, ਅਤੇ ਇਸ ਮੇਲੇ ਵਿੱਚ ਜਿਥੇ ਗਿਧੇ ਅਤੇ ਭੰਗੜੇ ਦੀਆਂ ਟੀਮਾਂ ਆਪੋ ਆਪਣੇ ਜ਼ੌਹਰ ਵਿਖਾਉਣਗੀਆਂ ਉਥੇ ਜਿਕਰਯੋਗ ਹੈ ਕਿ ਐਤਕੀਂ ਉਘੇ ਗਾਇਕ ਪ੍ਰਿੰਸ ਰੌਸ਼ਨ ਤੌਂ ਬਿਨਾਂ ਗਇਕਾਵਾਂ ਮਿਸ ਪੂਜਾ ਤੇ ਹਰਮਨ ਦੀਪ ਦੀ ਮੇਲੇ ਵਿੱਚ



ਹਾਜ਼ਰੀ ਨੂੰ ਲੈਕੇ ਦਰਸ਼ਕ ਦੂਰ ਦੁਰਾਡੇ ਦੇ ਸ਼ਹਿਰਾਂ ਤੋਂ ਆਪਣੇ ਮਹਿਬੂਬ ਕਲਾਕਾਰ ਨੂੰ ਸੁਣਨ ਲਈ ਪਹੁੰਚ ਰਹੇ ਹਨ, ਅਤੇ ਪੀਸੀਏ ਵੱਲੋਂ ਇਸ ਮੇਲੇ ਲਈ ਮੁਫਤ ਦਾਖਲੇ ਦੀ ਘੋਸ਼ਣਾ ਕਰਨ ਮਗਰੋਂ ਇਸ ਮੇਲੇ ਵਿੱਚ ਰਿਕ-ਾਰਡ ਤੋੜ ਇਕੱਠ ਹੋਣ ਦੀ ਸੰਭਾਵਨਾ ਨੂੰ ਰੱਦ ਨਹੀ ਕੀਤਾ ਜਾ ਸਕਦਾ, ਇਸੇ ਗੱਲ ਦੇ ਮੱਦੇ-ਨਜ਼ਰ ਪੀਸੀਏ ਮੈਬਰ ਹਰ ਗੱਲ ਨੂੰ ਵਿਚਾਰਕੇ ਦਰਸ਼ਕਾਂ ਦੀ ਸਹੂਲਤ ਨੂੰ ਮੁੱਖ ਰੱਖਕੇ ਹਰ ਫੈਸਲਾ ਬੜਾ ਸੋਚ ਸਮਝਕੇ ਲੈ ਰਹੇ ਹਨ । ਇਸ ਪਰਿਵਾਰਕ ਮੇਲੇ ਲਈ ਸਕਿਉਰਟੀ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ ਅਤੇ ਹਰ ਤਰਾਂ ਦੇ ਨਸ਼ੇ ਤੇ ਪੂਰਨ ਪਾਬੰਦੀ ਰਹੇਗੀ।

ਸਟੇਜ ਸੰਚਾਲਨ ਰੂਬੀ ਸਰਾਂ ਤੇ ਮਿੱਕੀ ਸਰਾਂ ਕਰਨਗੇ ਇਸ ਮੌਕੇ ਮਿੱਕੀ ਸਰਾਂ ਆਪਣੇ ਕੁਝ ਮਕਬੂਲ ਗੀਤਾ ਨਾਲ ਵੀ ਹਾਜ਼ਰੀ ਭਰਨਗੇ। ਇਹ ਮੇਲਾ ਦੁਪਿਹਰ ਇੱਕ ਵਜੇ ਤੋਂ ਦੇਰ ਸ਼ਾਮ ਤੱਕ ਚੱਲੇਗਾ।

**ਹੋਰ ਵਧੇਰੇ ਜਾਣਕਾਰੀ ਲਈ ਫੋਨ ਕਰ ਸਕਦੇ ਹੋ- ਮਿੱਕੀ ਸਰਾਂ 408-966-7019 ਜਾਂ ਜਗਰੂਪ ਭੰਡਾਲ** (559) 917-9608

# ਸਹਾਰਨਪੁਰ ਦੀ ਮੰਦਭਾਗੀ ਘਟਨਾ

ਭਾਰਤ ਅੰਦਰ ਅਨੇਕਤਾ ਦੇ ਬਾਵਜੂਦ ਏਕਤਾ ਹੈ ਪ੍ਰੰਤੂ ਸਮੇਂ-ਸਮੇਂ ਇਕ ਵਿਸ਼ੇਸ਼ ਵਰਗ ਦੇ ਲੋਕ ਗਰੀਬ ਵਰਗ ਦੇ ਮੂਲ ਨਿਵਾਸੀ ਲੋਕਾਂ ਉਪਰ ਅੱਤਿਆਚਾਰ ਕਰਨ ਤੋਂ ਬਾਜ ਨਹੀਂ ਆਉਂਦੇ। ਇਸ ਵਿਸ਼ੇਸ਼ ਵਰਗ ਦੇ ਮੁੱਠੀ ਭਰ ਚਤੁਰ ਸਿਆਣੇ ਲੋਕ, ਦੱਬੇ-ਕੁਚਲੇ (ਜੋ ਲਿਤਾੜੇ ਗਏ) ਤੇ ਪੱਛੜੇ ਵਰਗ ਦੇ ਲੋਕਾਂ 'ਚੋਂ ਕੁਝ ਗਿਣੇ-ਚੁਣੇ ਨਾਸਮਝ ਲੋਕਾਂ ਨੂੰ ਨਾਲ ਲੈ ਕੇ ਭਾਰਤ ਦੇ ਮੂਲ ਨਿਵਾਸੀ ਲੋਕਾਂ ਉਪਰ ਅੱਤਿਆਚਾਰ ਕਰਦੇ ਰਹਿੰਦੇ ਹਨ। ਇਹ ਚਤੁਰ-ਸਿਆਣੇ ਲੋਕ ਆਪਣੇ ਮੁਫਾਦ ਲਈ ਮਨੂੰਵਾਦੀ ਅਮਾਨਵੀ ਸੋਚ ਨੂੰ ਭਾਰਤ ਅੰਦਰ ਮੁੜ ਸਿੱਧੇ-ਅਸਿੱਧੇ ਬਣਾਏ ਰੱਖਣਾ ਚਾਹੁੰਦੇ ਹਨ। ਇਸ ਅਮਾਨਵੀ ਸੋਚ ਨੂੰ ਵੱਡੇ-ਵੱਡੇ, ਉਚੇ-ਸੁੱਚੇ ਵਿਚਾਰਾਂ ਦੇ ਧਨੀ ਸੰਤਾਂ, ਭਗਤਾਂ, ਗੁਰੂਆਂ ਤੇ ਹੋਰ ਮਹਾਂਪੁਰਸ਼ਾਂ ਨੇ ਖਤਮ ਕਰਨ ਲਈ ਆਪਣੀਆਂ ਜ਼ਿੰਦਗੀਆਂ ਲਾ ਦਿੱਤੀਆਂ ਪ੍ਰੰਤੂ ਇਸ ਦਾ ਮੁਕੰਮਲ ਸਫਾਇਆ ਨਹੀਂ ਹੋਇਆ।

ਵੀਹਵੀਂ ਸਦੀ 'ਚ ਅਨੇਕਾਂ ਸਮਾਜ ਸੁਧਾਰਕ ਲਹਿਰਾਂ ਉਠੀਆਂ। ਉਹਨਾਂ ਦੀ ਸੋਚ ਤਾਂ ਚੰਗੀ ਸੀ ਪ੍ਰੰਤੂ ਉਹਨਾਂ ਦੀ ਸੋਚ 'ਚ ਸੋਚ, ਛੁਪੀ ਸੋਚ, ਪਹਿਲਾਂ ਆਪਣਾ ਭਲਾ, ਫਿਰ ਹੋਰਨਾਂ ਦਾ। ਹੋਰ ਤਾਂ ਹੋਰ ਉਹ ਅੰਦਰੂਨੀ ਕਦੇ ਨਹੀਂ ਚਾਹੁੰਦੇ ਸਨ ਕਿ ਇਹ ਮੂਲ ਨਿਵਾਸੀ ਵਰਗ ਸਾਡੇ ਤੋਂ ਉਪਰ ਤਾਂ ਕੀ, ਬਲਕਿ ਬਰਾਬਰ ਵੀ ਨਾ ਆ ਸਕੇ।

ਅਜਿਹੀ ਸੋਚ ਵਾਲੀਆਂ ਸਮਾਜ ਸੁਧਾਰ ਲਹਿਰਾਂ ਨੂੰ ਭਾਰਤੀ ਮੂਲ ਨਿਵਾਸੀ ਲੋਕਾਂ 'ਚੋਂ ਪੜ੍ਹੇ-ਲਿਖੇ ਸੂਝਵਾਨ ਬੁੱਧੀਜੀਵੀ ਵਰਗ ਨੇ ਪਹਿਚਾਨਣਾ ਸ਼ੁਰੂ ਕੀਤਾ ਕਿ ਇਸ ਨਾਲ ਸਾਡਾ ਮੁਕੰਮਲ ਭਲਾ ਨਹੀਂ ਹੋਣ ਵਾਲਾ ਬਲਕਿ ਸਾਨੂੰ, ਸਾਡੇ ਸਮਾਜ ਨੂੰ ਇਹ ਮਨੂੰਵਾਦੀ ਚਾਲਾਂ ਵਾਲੇ ਲੋਕ ਕਦੇ ਵੀ ਸਵੈਮਾਣ ਵਾਲੀ ਜ਼ਿੰਦਗੀ ਨਹੀਂ ਜਿਊਣ ਦੇਣਗੇ। ਤਾਂ ਉਹਨਾਂ ਭਾਰਤੀ ਮੂਲ ਨਿਵਾਸੀ ਲੋਕਾਂ ਨੇ ਆਪਣੇ ਪੈਰਾਂ 'ਤੇ ਆਪ ਖੜੋਣ ਲਈ ਆਪਣੇ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਸੰਗਠਨ ਤਿਆਰ ਕੀਤੇ। ਜਿਵੇਂ ਕਿ ਪੰਜਾਬ ਵਿਚ ਆਦਿ-ਧਰਮ ਮੰਡਲ ਪੰਜਾਬ ਤੇ ਹੋਰਨਾਂ ਰਾਜਾਂ ਅੰਦਰ ਆਦਿ ਦ੍ਰਾਵਿੜਾਂ, ਨਮੋ ਸ਼ੂਦਰ ਤੇ ਆਦਿ ਹਿੰਦੂ ਆਦਿ ਨਾਂ ਵਰਣਨਯੋਗ ਹਨ।

ਇਸੇ ਤਰ੍ਹਾਂ ਵੀਹਵੀਂ ਸਦੀ ਦੇ ਸਿਰਕੱਢ ਨੇਤਾ ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੇ ਜੋ ਸਮਾਜਿਕ-ਰਾਜਨੀਤਿਕ ਲਹਿਰ ਚਲਾਈ, ਉਸ ਨੂੰ ਰਾਸ਼ਟਰੀ ਪੱਧਰ ਤੇ ਭਰਵਾਂ ਹੁੰਗਾਰਾ ਮਿਲਿਆ। ਉਹਨਾਂ ਦੇ ਜਿਸਮਾਨੀ ਵਿਛੋੜੇ ਉਪਰੰਤ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਜੋ ਮਿਸ਼ਨ ਅੱਗੇ ਵਧਾਇਆ, ਉਸ ਨੇ ਧਨੰਤਰ ਰਾਜਨੀਤਿਕ ਪਾਰਟੀਆਂ ਨੂੰ ਇਕ ਵਾਰ ਤਾਂ ਜੜ੍ਹੋਂ ਹਿਲਾ ਦਿੱਤਾ, ਉਥੇ ਉਹਨਾਂ ਵੱਲੋਂ ਜਾਗਰੂਕ ਕੀਤਾ ਵਰਗ ਹੁਣ ਕਦੇ ਵੀ ਮਨੂੰਵਾਦੀ ਚਾਲਾਂ ਨੂੰ ਸਹਿਣ ਕਰਨ ਨੂੰ ਤਿਆਰ ਹੀ ਨਹੀਂ, ਆਪਣੇ ਖੁਸੇ ਸਵੈਮਾਣ ਵਾਲੇ ਸਵੈਰਾਜ ਨੂੰ ਮੁੜ ਬਹਾਲ ਕਰਨ ਲਈ ਸੋਚਦਾ ਨਜ਼ਰ ਆਉਂਦਾ ਹੈ ਪਰ ਇਹ ਅਜਿਹਾ ਮਨੂੰਵਾਦੀ ਲੋਕਾਂ ਤੇ ਉਹਨਾਂ ਦੀਆਂ ਜਥੇਬੰਦੀਆਂ ਤੇ ਪਾਰਟੀਆਂ ਨੂੰ ਮਨਜ਼ੂਰ ਨਹੀਂ।

ਸੋ, ਮੁੱਕਦੀ ਗੱਲ ਹੈ ਕਿ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ ਸਪਸ਼ਟ ਕਹਿਣਾ ਸੀ ਕਿ ਸਾਡੀ ਸੋਚ ਜਾਂ ਲੜਾਈ ਕਿਸੇ ਜਾਤੀ ਵਿਸ਼ੇਸ਼ ਵਰਗ ਵਿਰੁੱਧ ਨਹੀਂ ਬਲਕਿ ਮਨੂੰਵਾਦ ਦੇ ਖਿਲਾਫ ਹੈ ਅਤੇ ਆਪਣੇ ਸਵੈਮਾਣ ਨੂੰ ਮੁੜ ਬਹਾਲ ਕਰਨ ਦੀ ਹੈ।

ਹੁਣ ਜੋ ਪਿਛਲੇ ਦਿਨੀਂ ਸਹਾਰਨਪੁਰ (ਉਤਰ ਪ੍ਰਦੇਸ਼) ਅੰਦਰ ਮਨੂੰਵਾਦੀ ਸੋਚ ਦੇ ਧਾਰਨੀਆਂ ਵੱਲੋਂ ਜੋ ਗਰੀਬ ਲੋਕਾਂ ਉਪਰ ਅੱਤਿਆਚਾਰ ਢਾਹਿਆ ਗਿਆ, ਉਹ ਬਹੁਤ ਮੰਦਭਾਗਾ ਤੇ ਅਸਹਿ ਹੈ। ਉਥੋਂ ਦੀ ਸਰਕਾਰ ਅਤੇ ਸਰਕਾਰ ਦੇ ਮੁਖੀ, ਮੁੱਖ ਮੰਤਰੀ ਸ੍ਰੀ ਯੋਗੀ ਆਦਿਤਿਆਨਾਥ ਜੀ ਦੀ ਚੁੱਪ, ਪ੍ਰਧਾਨ ਮੰਤਰੀ ਜੀ ਦਾ ਮੌਨ-ਮੰਤਰ ਦਰਸਾਉਂਦਾ ਹੈ ਕਿ ਉਹ ਆਪਣੇ ਰਾਜ ਅੰਦਰ ਨਾਗਰਿਕਾਂ ਪ੍ਰਤੀ ਕਿੰਨੇ ਕੁ ਸੁਹਿਰਦ ਹਨ। ਇਹ ਗੱਲ ਉਹ ਭਲੀ-ਭਾਂਤ ਜਾਣਦੇ ਹਨ ਕਿ ਗੁਲਾਮ ਸਦਾ ਗੁਲਾਮ ਨਹੀਂ ਰਹੇ ਤੇ ਨਾ ਰਹਿ ਸਕਣਗੇ। ਜਿਹਨਾਂ ਉਪਰ ਅੱਜ ਜੋ ਅੱਤਿਆਚਾਰ ਕੀਤਾ ਜਾ ਰਿਹਾ ਹੈ, ਉਹ ਗਰੀਬ ਜ਼ਰੂਰ ਹਨ, ਪਰ ਉਹ ਹੋਰਨਾਂ ਇਨਸਾਨਾਂ ਦੀ ਤਰ੍ਹਾਂ ਇਨਸਾਨ ਤੇ ਉਹਨਾਂ ਦੀਆਂ ਵੀ ਜਿੰਦਗੀ ਜਿਊਣ ਦੀਆਂ ਰੀਝਾਂ-ਉਮੰਗਾਂ ਤੇ ਸਵੈਮਾਣ ਨਾਲ ਜਿਊਣ ਦਾ ਹੱਕ ਹੈ ਤੇ ਲੋਕਤੰਤਰ ਅੰਦਰ ਹਰ ਨਾਗਰਿਕ ਦੀ ਜਾਨ, ਮਾਲ, ਮਾਣ-ਸਨਮਾਨ ਤੇ ਹੋਰ ਜੀਵਨ ਸਬੰਧੀ ਲੋੜਾਂ ਦੀ ਪੂਰਤੀ ਦੇ ਸਾਧਨ ਜੁਟਾਉਣਾ ਸਰਕਾਰ ਦਾ ਪਰਮ ਧਰਮ ਹੈ। ਜੇਕਰ ਅਜਿਹਾ ਨਹੀਂ ਹੁੰਦਾ ਤਾਂ ਅਵਿਸ਼ਵਾਸੀ ਦਾ ਆਲਮ ਜੋ ਪਹਿਲਾਂ ਹੀ ਘੱਟ-ਗਿਣਤੀਆਂ 'ਚ ਪਾਇਆ ਜਾ ਰਿਹਾ ਹੈ, ਅਜਿਹਾ ਇਸ ਵਰਗ ਵਿਚ ਵੀ ਮਾਹੌਲ ਜੇਕਰ ਪੈਦਾ ਹੋ ਜਾਂਦਾ ਹੈ ਤਾਂ ਦੇਸ਼ ਦੀ ਅਨੇਕਤਾ 'ਚ ਏਕਤਾ ਨੂੰ ਬਾਹਰੋਂ ਨਹੀਂ ਅੰਦਰੋਂ ਹੀ ਖਤਰਾ ਪੈਦਾ ਕਰਨ ਵਾਲੀ ਗੱਲ ਹੋਵੇਗੀ।

'ਦੇਸ਼ ਦੁਆਬਾ' ਦੇਸ਼-ਵਿਦੇਸ਼ 'ਚ ਵੱਸੇ ਭਾਰਤ ਵਾਸੀਆਂ ਲਈ ਸਦਾ ਦੁਆ ਕਰਦਾ ਹੈ ਕਿ ਸਾਡੀ ਅਨੇਕਤਾ ਵਿਚ ਏਕਤਾ, ਭਰਾਤਰੀ ਪਿਆਰ ਸਤਿਕਾਰ ਸਦੀਵੀ ਰਹੇ ਤੇ ਲੋੜ ਹੈ ਮਾੜੇ ਅਨਸਰਾਂ ਨੂੰ ਨੱਥ ਪਾਉਣ ਦੀ, ਉਸ ਵਾਸਤੇ ਸਰਕਾਰ ਖੁਦ ਤੇ ਵਿਰੋਧੀ ਰਾਜਨੀਤਿਕ ਪਾਰਟੀਆਂ ਦੇ ਨਾਲ-ਨਾਲ ਸਮਾਜਿਕ ਜਥੇਬੰਦੀਆਂ ਦਾ ਸਾਥ ਲਵੇ ਤਾਂ ਕਿ ਭਵਿੱਖ 'ਚ ਕਦੇ ਵੀ ਕਿਸੇ ਵੀ ਵਰਗ ਨਾਲ ਧੱਕਾ ਨਾ ਹੋਵੇ। ਇਸ ਦੇ ਨਾਲ ਹੀ ਭਾਰਤੀ ਨਾਗਰਿਕਾਂ ਨੂੰ ਵਧੀਆਂ ਮਾਹੌਲ ਸਿਰਜਣ ਲਈ ਸਰਕਾਰ ਦਾ ਸਾਥ ਦੇਣਾ ਚਾਹੀਦਾ ਹੈ। ਇਸਦੇ ਨਾਲ ਹੀ ਹਰ ਵਿਅਕਤੀ ਨੂੰ ਵੀ ਵਧੀਆ ਮਾਹੌਲ ਸਿਰਜਣ ਦਾ ਸਰਕਾਰ ਨੂੰ ਸਾਥ ਦੇਣਾ ਚਾਹੀਦਾ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# 19 ਅਕਤੂਬਰ 1986 ਨੂੰ ਹੋਈ ਸਾਹਿਬ ਕਾਂਸ਼ੀ ਰਾਮ ਜੀ ਨਾਲ ਸੋਹਣ ਸਹਿਜਲ ਦੀ ਵਾਰਤਾਲਾਪ

## ਡੀ.ਐਸ.-4 ਦੇ ਮੋਢੀ ਬਾਬੂ ਕਾਸ਼ੀ ਰਾਮ ਨਾਲ ਵਿਸ਼ੇਸ਼ ਇੰਟਰਵਿਊ



ਸੋਹਣ ਸਹਿਜਲ
095014-77278

19 ਅਕਤੂਬਰ, ਦੁਪਹਿਰ 12 ਵਜੇ, ਅੰਬਾਲਾ ਕੈਂਟ ਦਾ ਆਮ ਜਿਹਾ ਹੋਟਲ ਪਰਿੰਸ, ਬਾਸਸੇਫ, ਡੀ. ਐਸ.-4, ਬੀ. ਐਸ. ਪੀ. ਦੇ ਆਲ ਇੰਡੀਆ ਪ੍ਰਧਾਨ ਬਾਬੂ ਕਾਂਸ਼ੀ ਰਾਮ ਜੀ, ਚਾਹ ਦੀ ਪਿਆਲੀ ਦਾ ਆਨੰਦ ਮਾਣ ਰਹੇ ਸਨ, ਮੈਂ ਕਮਰੇ ਵਿਚ ਦਾਖ਼ਲ ਹੁੰਦਾ ਹਾਂ, ਬੜੇ ਚਾਅ ਉਤਸ਼ਾਹ ਨਾਲ ਮਿਲਦੇ ਹਨ। ਜਨਤਕ ਲਹਿਰ ਲਈ ਇੰਟਰਵਿਊ ਦੇਣ ਲਈ ਬੇਨਤੀ ਕਰਦਾ ਹਾਂ ਅਤੇ ਉਹ ਪੂਰਾ ਡੇਢ ਘੰਟਾ ਪੁੱਛੇ ਗਏ ਸਵਾਲਾਂ ਦਾ ਉੱਤਰ ਬੜੇ ਵਿਸਥਾਰ ਨਾਲ ਦਿੰਦੇ ਗਏ। ਜਨਤਕ ਲਹਿਰ ਦੀ ਸਹਾਇਤਾ ਦੀ ਅਪੀਲ ਵੀ ਉਹਨਾਂ ਨੇ ਇਸੇ ਮੌਕੇ ਜਾਰੀ ਕੀਤੀ। ਬਾਬੂ ਕਾਂਸ਼ੀ ਰਾਮ ਜੀ ਏਥੇ, ਰਿਜ਼ਰਵੇਸ਼ਨ ਬਾਰੇ ਖੇਤਰੀ ਕਾਨਫਰੰਸ ਨੂੰ ਸੰਬੋਧਨ ਕਰਨ ਦੇ ਪ੍ਰਸੰਗ ਵਿਚ ਆਏ ਹੋਏ ਸਨ, ਇਸੇ ਦਿਨ ਚੌਧਰੀ ਬੰਸੀ ਲਾਲ ਮੁੱਖ ਮੰਤਰੀ ਹਰਿਆਣਾ ਦੀ ਵੀ, ਅੰਬਾਲਾ ਵਿਖੇ ਕਾਨਫਰੰਸ ਸੀ-ਸੋਹਣ ਸਹਿਜਲ



**ਸਵਾਲ - ਬਾਮਸੇਫ, ਡੀ ਐਸ.-4, ਬੀ. ਐਸ. ਪੀ. ਦੀਆਂ ਹੁਣ ਤੱਕ ਕੀ ਪ੍ਰਾਪਤੀਆਂ ਹਨ?**

ਜਵਾਬ - ਬਹੁਜਨ ਸਮਾਜ ਦੇ ਦੁਸ਼ਮਣ, ਬ੍ਰਾਹਮਣਵਾਦ ਦਾ ਮੁਕਾਬਲਾ ਕਰਨ ਲਈ ਸਾਡੀ ਕੋਈ ਜਥੇਬੰਦਕ ਤਾਕਤ ਬਣਨੀ ਚਾਹੀਦੀ ਹੈ ਅਤੇ ਇਸ ਤਾਕਤ ਨੂੰ ਰਾਜਨੀਤਿਕ ਤੌਰ 'ਤੇ ਬੱਝਵਾਂ ਰੂਪ ਦੇਣ ਲਈ ਤਿੰਨੇ ਸੰਗਠਨ ਕਾਇਮ ਕੀਤੇ ਗਏ। ਸਾਡੀ ਪਹਿਲੀ ਪ੍ਰਾਪਤੀ ਤਾਂ ਇਹੋ ਹੈ ਕਿ ਖਾਸ ਤੌਰ ਤੇ ਮੁਲਾਜ਼ਮਾਂ ਅਤੇ ਆਮ ਤੌਰ ਤੇ ਬਹੁਜਨ ਸਮਾਜ ਦੀ ਦਿਮਾਗੀ ਸੋਚ, ਨਿੱਜੀ ਤੋਂ ਉੱਚੀ ਉਠ ਕੇ, ਵੱਡੇ ਪੈਮਾਨੇ ਤੇ ਕੰਮ ਕਰਨ ਲੱਗੀ ਹੈ। ਸੰਘਰਸ਼ ਦਾ ਮਾਹੌਲ ਪੈਦਾ ਹੋਇਆ ਹੈ। ਸੁਸਤ ਪਈ ਹੋਈ ਸ਼ਕਤੀ ਨੂੰ ਚੁਸਤ ਕਰ ਦਿਤਾ ਹੈ। ਮੁਲਾਜ਼ਮਾਂ ਦੇ ਸੁਚੇਤ ਹੋਣ ਨਾਲ ਸੰਘਰਸ਼ ਲਈ ਪੈਸੇ ਦੀ ਸਮੱਸਿਆ ਦਾ ਸਾਹਮਣਾ ਵੀ ਕਰ ਸਕੇ ਹਾਂ। ਲੋਕਾਂ ਦੇ ਅੰਦਰ ਰਾਜਨੀਤਿਕ ਸੂਝਬੂਝ ਦਾ ਵਿਕਾਸ ਹੋਇਆ ਹੈ। ਹੁਣ ਉਹ ਸੰਘਰਸ਼ ਕਰਨ ਲਈ ਤਿਆਰ ਬਰ ਤਿਆਰ ਬੈਠੇ ਹਨ।

**ਸਵਾਲ-ਤੁਹਾਡੇ ਸੰਘਰਸ਼ ਵਿਚ ਕੀ ਨਵਾਂਪਨ ਹੈ, ਕੀ ਖਾਸੀਅਤ ਹੈ?**

ਜਵਾਬ- ਬਾਬਾ ਸਾਹਿਬ ਡਾ. ਅੰਬੇਡਕਰ ਘੱਟ ਗਿਣਤੀਆਂ ਦੀ ਗੱਲ ਕਰਦੇ ਸਨ। ਅਸੀਂ ਬਹੁਜਨ ਸਮਾਜ ਦੀ ਗੱਲ ਕਰਦੇ ਹਾਂ। ਤਿੰਨਾਂ ਪੱਧਰਾਂ ਤੇ ਸੰਘਰਸ਼ ਜਾਂ ਪ੍ਰਾਪਤੀਆਂ ਚੱਲ ਰਹੀਆਂ ਹਨ। ਪਹਿਲਾ ਤਾਂ ਇਹ ਕਿ ਅਸੀਂ ਨਾ ਕੇਵਲ ਰੀਜ਼ਰਵੇਸ਼ਨ ਹੀ ਚਾਹੁੰਦੇ ਹਾਂ ਬਲਕਿ ਰਾਜ ਭਾਗ ਵਿਚ, ਹਕੂਮਤ ਵਿਚ ਦੇਸ਼ ਦੀ ਵਾਗਡੋਰ ਵਿਚ ਹਿੱਸੇਦਾਰੀ ਚਾਹੁੰਦੇ ਹਾਂ। ਦੂਜਾ, ਸਾਡੇ ਨਾਲ ਹੁੰਦੇ ਆ ਰਹੇ ਧੱਕੇ ਨੂੰ ਪਛਾੜਨਾ ਚਾਹੁੰਦੇ ਹਾਂ ਜਿਵੇਂ ਬਰੇਲੀ ਮੋਰਚਾ ਹੈ ਜੋ ਨਸ਼ੇਬੰਦੀ ਦੇ ਖਿਲਾਫ ਨਹੀਂ ਬਲਕਿ ਇਸ ਗੱਲ ਦੇ ਖਿਲਾਫ ਹੈ ਕਿ ਬਹੁਜਨ ਸਮਾਜ ਨੂੰ ਦਲਿਤਾਂ, ਸੋਸ਼ਿਤਾਂ ਨੂੰ ਜ਼ਬਰਦਸਤੀ ਸ਼ਰਾਬ ਨਾ ਪਿਲਾਉ। ਬਰੇਲੀ ਮੋਰਚਾ 29 ਜੂਨ 1986 ਤੋਂ ਸ਼ੁਰੂ ਕੀਤਾ ਗਿਆ ਜੋ 31 ਮਾਰਚ 1987 ਤੱਕ ਚੱਲੇਗਾ। ਸਾਡੇ ਨਾਲ ਹੋ ਰਹੇ ਧੋਖੇ ਦੀ ਇਹ ਇਕ ਮਿਸਾਲ ਹੈ। ਤੀਜਾ, ਇਹੀ ਕਿ ਸਾਡਾ ਉਜਾੜਾ ਕਿਉਂ ਹੈ, ਸਾਡੀ ਨੱਠਭੱਜ ਕਿਉਂ ਹੈ। ਸੰਨ 1950 ਤੱਕ 10 ਕਰੋੜ ਦਲਿਤ ਕਿਉਂ ਆਪਣਾ ਘਰ ਬਾਰ ਛੱਡ ਕੇ ਵੱਖ -ਵੱਖ ਥਾਵਾਂ 'ਤੇ ਜਾ ਵਸੇ ਅਤੇ 10000 ਦਲਿਤ ਅੱਜ ਵੀ ਹਰ ਰੋਜ਼, ਇਕ ਥਾਂ ਤੋਂ ਦੂਜੇ ਥਾਂ ਆ ਵਸਦੇ ਹਨ। ਆਖਰ ਕਿਉਂ? ਜੇ ਹਜ਼ਾਰ 'ਚੋਂ ਹਜ਼ਾਰ ਹਿੰਦੂ ਪੰਜਾਬ ਛੱਡ ਕੇ ਹਰਿਆਣਾਂ ਜਾਂ ਦਿੱਲੀ ਚਲੇ ਗਏ ਤਾਂ ਸਭ ਪਾਸੇ ਚੀਕ ਚਿਹਾੜਾ ਪੈ ਗਿਆ, ਪਰ ਸਾਡੇ ਉਜਾੜੇ ਦਾ ਕਿਉਂ ਕਿਸੇ ਨੂੰ ਖਿਆਲ ਨਹੀਂ? ਇਸ ਬਾਰੇ ਸੰਘਰਸ਼ ਅਸਾਂ ਮਥਰਾ ਜ਼ਿਲ੍ਹੇ ਦੀ ਆਗਰਾ ਕਮਿਸ਼ਨਰੀ ਤੋਂ ਸ਼ੁਰੂ ਕੀਤਾ ।

**ਸਵਾਲ - ਬਰੇਲੀ ਮੋਰਚਾ ਕੀ ਹੈ?**

ਜਵਾਬ- ਕਟਰਾ ਚਾਂਦ ਖਾਨ ਬਰੇਲੀ ਵਿਖੇ ਦੇਸੀ ਸ਼ਰਾਬ ਦੀ ਭੱਠੀ, ਜਬਰਦਸਤੀ ਸਰਕਾਰ ਵਲੋਂ ਮੰਨਜੂਰ ਕੀਤੀ ਗਈ ਹੈ ਜਦੋਂ ਕਿ ਉਥੇ ਰਹਿਣ ਵਾਲੇ ਸਾਰੇ ਦੇ ਸਾਰੇ ਲੋਕ ਇਹ ਨਹੀਂ ਚਾਹੁੰਦੇ ਅਸੀਂ, ਬਹੁਜਨ ਸਮਾਜ ਦੀ ਇੱਛਾ 'ਤੇ ਫੁੱਲ ਚਾੜ੍ਹਦਿਆਂ, ਸਥਾਨਕ ਲੋਕਾਂ ਦੇ ਪੰਜਾਬ ਸੰਘਰਸ਼ ਨੂੰ ਬਰੇਲੀ ਤੋਂ, ਯੂ.ਪੀ. ਭਰ ਵਿਚ ਫੈਲਾਅ ਦਿੱਤਾ ਹੈ। ਦਲਿਤਾਂ ਦੀ ਇਸ ਪ੍ਰਕਾਰ ਦੀ ਆਰਥਿਕ ਰਾਜਨੀਤਿਕ ਲੁੱਟ ਖਸੁੱਟ

(ਬਾਕੀ ਸਫਾ 21 'ਤੇ)

# ਪੁਰਾਤਨ ਵਸਤਾਂ ਸਾਂਭਣ ਵਾਲਾ ਸ਼ੌਂਕੀ ਜੱਟ 'ਪਰਮਜੀਤ ਸਿੰਘ ਕੜਿਆਲ'



ਤਸਵਿੰਦਰ ਸਿੰਘ ਬੜੈਚ
91-98763-22677

ਪੱਛਮ ਦੀ ਚਕਾਚੌਂਧ ਅਤੇ ਪੈਸੇ ਦੀ ਦੌੜ ਨੇ ਸਾਨੂੰ ਮੂਲ ਵਿਰਸੇ ਅਤੇ ਸਿਧਾਤਾਂ ਨਾਲੋਂ ਤੋੜ ਸੁਟਿਆ ਹੈ। ਸਾਡੇ ਵਿਰਸੇ ਨਾਲ ਜੁੜੀ ਹਰ ਚੀਜ਼ ਅੱਜ-ਕੱਲ੍ਹ ਕਿਸੇ ਅਜਾਇਬ ਘਰ ਦਾ ਸ਼ਿੰਗਾਰ ਬਣ ਕੇ ਰਹਿ ਗਈ ਹੈ। ਪਰ ਅੱਜ ਵੀ ਮੋਗਾ ਜਿਲ੍ਹੇ ਦੇ ਪਿੰਡ ਕੜਿਆਲ ਦਾ ਵਸਨੀਕ ਪਰਮਜੀਤ ਸਿੰਘ ਕੜਿਆਲ 1945 ਵਿਚ ਉਸਾਰੀ ਗਈ ਆਪਣੀ ਹਵੇਲੀ ਵਿੱਚ ਪੰਜਾਬੀ ਸੱਭਿਆਚਾਰ ਦੀ ਜਿੰਦ-ਜਾਨ ਪੁਰਾਤਨ ਵਸਤਾਂ ਦੀ ਵਿਰਾਸਤ ਸੰਭਾਲੀ ਬੈਠਾ ਹੈ। 2 ਮਾਰਚ 1959 ਨੂੰ ਪਿਤਾ ਸੰਧੂਰਾ ਸਿੰਘ ਗਿੱਲ ਅਤੇ ਮਾਤਾ ਮੁਖਤਿਆਰ ਕੌਰ ਦੀ ਕੁੱਖੋਂ ਜਨਮੇ ਇਸ ਸ਼ਖਸ ਕੋਲ ਹਲ, ਪੰਜਾਲੀ, ਬਲਦਾਂ ਦੀਆਂ ਛਿਕਲੀਆਂ, ਕਰਾਹੇ, ਕਰਾਹੀ, ਊਠ ਤੇ ਘੋੜੇ ਦੀ ਕਾਠੀ, ਰਕਾਬਾਂ, ਕੰਡਿਆਲਾ, ਨਿਓਲ, ਦੇਸੀ ਸੇਰ ਵਾਲੇ ਵੱਟੇ, ਤੱਕੜੀ, ਉਲਟਾਵਾਂ ਹਲ, ਹੱਥ ਪੱਖੇ,ਕੱਪੜੇ ਰੱਖਣ ਵਾਲੀ ਟੋਕਰੀ, ਬੋਹੀਏ, ਹੱਥ ਨਾਲ ਪੱਠੇ ਕੁਤਰਨ ਵਾਲੀ ਮਸ਼ੀਨ, ਪੁਰਾਣਾ ਡੋਲ, ਖੂਹ ਦੀਆਂ ਟਿੰਡਾਂ, ਨਿਉਲੇ ਜਿੰਦੇ, ਬੱਤੀਆਂ ਵਾਲਾ ਸਟੋਪ, ਮਿੱਟੀ ਦੇ ਭੜੋਲੇ, ਚਰਖੇ, ਚੱਕਲਾ-ਵੇਲਣਾ, ਛਿੱਕੂ, ਅਟੇਰਨ, ਘੁਮਿਆਰਾਂ ਦੀਆਂ ਥਾਪੀਆਂ, ਸੰਧਾਰਾਂ ਲੈ ਕੇ



ਜਾਣ ਵਾਲੇ ਲੋਹੇ ਦੇ ਪੀਪੇ, ਨਿਓਲੇ ਜਿੰਦੇ, ਗਰਾਮੋਫੋਨ ਮਸ਼ੀਨ, ਰਿਕਾਰਡ, ਟਿਊਬਾਂ ਵਾਲੇ ਰੇਡੀਉ, ਹੱਥ ਕਢਾਈ ਵਾਲੀਆਂ ਫੋਟੋਆਂ, ਚਾਹ ਵਾਲੀਆਂ ਕੇਤਲੀਆਂ, ਰੂੰਮਾਂ ਰੱਖਣ ਵਾਲੇ ਲੱਕੜ ਦੇ ਬਕਸੇ, ਪਿੱਤਲ, ਕਾਂਸੇ ਦੇ ਭਾਂਡੇ, ਖੱਡੀ ਦੀਆਂ ਨਾਲਾਂ, ਰੂੰ-ਵੇਲਣੇ, ਕੱਤਣੀ, ਲਾਲਟੈਣ, ਲੈਂਪ, ਦਰੀਆਂ ਬੁਣਨ ਵਾਲੇ ਪੰਜੇ, ਕੁੰਡੀਆਂ,ਦੀਵੇ, ਮਧਾਣੀ, ਪੀੜ੍ਹੀਆਂ, ਪੀੜ੍ਹਾ, ਮੂਹੜੇ, ਗੋਹਲੇ, ਹੱਥ-ਚੱਕੀ, ਹੱਥ-ਖੱਡੀਆਂ ਦਾ ਸਮਾਨ, ਟੋਕਰੀਆਂ, ਭਾਂਡੇ ਰੱਖਣ ਵਾਲੀ ਟੋਕਰੀ, ਨਾਲੇ ਬੁਣਨ ਵਾਲਾ ਅੱਡਾ, ਕੁੱਚ, ਸਲੰਘ, ਤੰਗਲੀ, ਤੇਲ ਪਾਉਣ ਵਾਲੀ ਕੀਪ, ਛਾਬੇ, ਜਿੰਦਰੇ, ਊਰੀ, ਉੱਖਲੀ-ਮੋਹਲਾ, ਦੁੱਧ ਦਾ ਚਟੂਰਾ ਸਾਂਭਣ ਵਾਲਾ ਛਿੱਕਾ, ਰਾਜਸਥਾਨੀ ਲੱਕੜ ਦੇ ਪਹੀਆਂ ਵਾਲੀ ਗੱਡੀ, ਥਾਪੀਆਂ, ਮਿਸਤਰੀਆਂ ਦੇ ਸੰਦ, ਗੰਧਾਲੀ, ਪੁਰਾਣੇ ਸਿੱਕੇ, ਪਣਖ, ਵਿਹੜੇ ਵਿੱਚ ਲੱਗੀ ਨਿੰਮ ਦੁਆਲੇ ਗੋਲ ਥੜ੍ਹਾ, ਪਾਣੀ ਕੱਢਣ ਵਾਲੀ ਖੂਹੀ, ਚੁੱਲ੍ਹਾ-ਚੌਂਕਾ, ਹਾਰਾ-ਹਾਰੀ, ਭਾਂਡੇ ਰੱਖਣ ਵਾਲੀ ਲੱਕੜ ਦੀ ਪਰਛੱਤੀ ਆਦਿ ਚੀਜ਼ਾਂ ਸਾਂਭਿਆਂ ਹੋਈਆਂ ਹਨ। ਜਿਨ੍ਹਾਂ ਨੂੰ ਉਸ ਨੇ ਆਪਣੇ ਘਰ ਵਿਚ ਖੂਬਸੂਰਤ ਢੰਗ ਨਾਲ ਸਜਾਇਆ ਹੋਇਆ ਹੈ। ਜਿਨ੍ਹਾਂ ਨੂੰ ਵੇਖ ਕੇ ਰੂਹ ਖੁਸ਼ ਹੋ ਜਾਂਦੀ ਹੈ। ਇਹ ਪੁਰਾਤਨ ਵਸਤਾਂ ਜਿਆਦਾਤਰ ਉਸ ਦੇ ਘਰ ਪੀੜ੍ਹੀ-ਦਰ-ਪੀੜ੍ਹੀ ਚਲੀਆ ਆ ਰਹੀਆਂ ਹਨ, ਜਦਕਿ ਕੁੱਝ ਵਸਤਾਂ ਉਸ ਨੇ ਖਰੀਦੀਆਂ ਹਨ। ਪਿਛਲੇ ਲੰਮੇ ਸਮੇਂ ਤੋਂ ਸ਼ੌਕ ਨਾਲ ਸਾਂਭਦੇ ਆ ਰਹੇ ਪਰਮਜੀਤ ਸਿੰਘ ਕੜਿਆਲ ਨੇ, ਇਨ੍ਹਾਂ ਵਸਤਾਂ ਨੂੰ ਅਗਲੀਆਂ ਪੀੜ੍ਹੀਆਂ ਤੱਕ ਲਿਜਾਣ ਲਈ ਮਨ ਵਿੱਚ ਧਾਰ ਲਿਆ ਹੈ ਤਾਂ ਕਿ ਪੰਜਾਬ ਦੇ ਅਮੀਰ ਵਿਰਸੇ ਅਤੇ ਸੱਭਿਆਚਾਰ ਤੋਂ ਸੱਖਣੀ ਹੁੰਦੀ ਜਾ ਰਹੀ ਅੱਜ ਦੀ ਨੌਜਵਾਨ ਪੀੜ੍ਹੀ ਆਪਣੇ ਪੁਰਾਤਨ ਅਮੀਰ ਵਿਰਸੇ ਅਤੇ ਸੱਭਿਆਚਾਰ ਤੋਂ ਜਾਣੂ ਹੋ ਸਕੇ। ਇਸੇ ਕਾਰਜ ਹਿੱਤ ਪੁਰਾਤਨ ਵਸਤਾਂ ਦੀ ਸੰਭਾਲ 'ਚ ਜੁਟਿਆ ਹੋਇਆ ਹੈ ਪਰਮਜੀਤ ਸਿੰਘ ਕੜਿਆਲ। ਸਹਿਕਾਰੀ ਖੇਤੀਬਾੜੀ ਸਭਾ ਵਿਚ ਸੇਵਾਵਾਂ ਨਿਭਾਅ ਰਿਹਾ ਪਰਮਜੀਤ ਸਿੰਘ ਕੜਿਆਲ, ਇਨ੍ਹਾਂ ਵਿਰਾਸਤੀ ਵਸਤਾਂ ਦੀ ਕਈ ਸੱਭਿਆਚਾਰਕ ਮੇਲਿਆਂ ਸਮੇਤ ਸੈਂਕੜੇ ਥਾਵਾਂ 'ਤੇ ਪ੍ਰਦਰਸ਼ਨੀ ਵੀ ਲਾ ਚੁੱਕਾ ਹੈ। ਇਸੇ ਸ਼ੌਕ ਲਈ ਕਈ ਸੱਭਿਆਚਾਰਕ ਸੰਸਥਾਵਾਂ ਵੱਲੋਂ ਪਰਮਜੀਤ ਸਿੰਘ ਨੂੰ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਦੂਰਦਰਸ਼ਨ ਜਲੰਧਰ ਵੱਲੋਂ ਉਸ ਉੱਪਰ ਇਕ ਫਿਲਮ ਵੀ ਬਣਾਈ ਜਾ ਚੁੱਕੀ ਹੈ। ਆਪਣੀ ਜ਼ਿੰਦਗੀ ਦੇ 58 ਬਸੰਤ ਦੇਖ ਤੇ ਮਾਣ ਚੁੱਕੇ ਪਰਮਜੀਤ ਸਿੰਘ ਕੜਿਆਲ ਨੂੰ ਲਿਖਣ ਦਾ ਵੀ ਸ਼ੌਕ ਹੈ। ਉਸ ਦੁਆਰਾ ਲਿਖੀਆਂ ਕਹਾਣੀਆਂ, ਮਿੰਨੀ ਕਹਾਣੀਆਂ, ਗੀਤ, ਵਿਅੰਗ ਤੇ ਕਵਿਤਾਵਾਂ ਵੱਖ-ਵੱਖ ਅਖਬਾਰਾਂ ਤੇ ਰਸਾਲਿਆਂ 'ਚ ਛਪ ਚੁੱਕੀਆਂ ਹਨ। ਇਨ੍ਹਾਂ ਸ਼ੌਕਾਂ ਦੇ ਨਾਲ-ਨਾਲ ਉਸ ਨੇ ਲੱਕੜੀ ਦੇ ਸੱਪ, ਘੋੜੇ, ਹਾਥੀ, ਅਜਗਰ, ਬੱਤਖ, ਪੈਂਗੁਇਨ, ਨਿਓਲਾ, ਡਾਇਨਾਸੋਰ, ਲੂੰਬੜੀ, ਕੁੱਤੇ, ਹਿਰਨ, ਫੌਜੀ, ਗਊਆਂ ਦੇ ਵੱਛੇ-ਵੱਛੀਆਂ, ਮੱਛੀਆਂ ਚੁੱਕੀ ਜਾਂਦਾ ਬਗਲਾ, ਪੱਥਰ ਨੂੰ ਤਰਾਸ ਕੇ ਸਿੱਖੀ ਸਰੂਪ 'ਚ ਸਰਦਾਰ, ਖੰਡਾ, ੴ, ਪੰਡਿਤ, ਪੰਜਾਬਣ ਮੁਟਿਆਰ, ਖਰਗੋਸ, ਉੱਲੂ, ਮੱਛੀ, ਹਾਥੀ, ਬਗਲਾ, ਘੋੜਾ, ਸ਼ੇਰ, ਥਰਮੋਕਲ ਨਾਲ ਬਗਲਾ, ਖਰਗੋਸ, ਮੱਛੀਆਂ ਅਤੇ ਚੀਨੀ ਮਿੱਟੀ ਨਾਲ ਗਲਹਿਰੀ, ਘੁੱਗੀਆਂ ਤੇ ਮਨੁੱਖੀ ਕਲਾਕ੍ਰਿਤਾਂ ਸਿਰਜ ਕੇ ਆਪਣੀ ਮੁਹਾਰਤ ਦਾ ਜਲਵਾ ਵੀ ਵਿਖਾਇਆ ਹੈ। ਪਰਮਜੀਤ ਸਿੰਘ ਕੜਿਆਲ ਦੀਆਂ ਤਿਆਰ ਕੀਤੀਆਂ ਵੱਖ-ਵੱਖ ਕਲਾਂਕ੍ਰਿਤਾਂ ਉਸ ਅੰਦਰ ਵਸਦੇ ਕਲਾਕਾਰ ਦੇ ਦਰਸ਼ਨ ਕਰਾਉਂਦੀਆਂ ਹਨ। ਉਸ ਦੇ ਹੱਥਾਂ ਵਿਚ ਐਨਾ ਹੁਨਰ ਹੈ ਕਿ ਉਸ ਨੇ ਬਿਨਾਂ ਕਿਸੇ ਤੋਂ ਸਿੱਖਿਆ ਇਹ ਕਲਾਂਕ੍ਰਿਤਾਂ ਬਣਾਈਆ ਹਨ। ਅਲੋਪ ਹੋ ਰਹੀਆਂ ਵਿਰਾਸਤੀ ਵਸਤੂਆਂ ਨੂੰ ਸੰਭਾਲਣ ਵਾਲੇ ਇਸ ਉੱਦਮੀ ਇਨਸ਼ਾਨ ਨੂੰ ਪਰਮਾਤਮਾ ਲੰਬੀ ਉਮਰ ਬਖਸ਼ੇ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਨ੍ਹਾਂ ਚੀਜ਼ਾਂ ਬਾਰੇ ਜਾਣਕਾਰੀ ਮਿਲਦੀ ਰਹੇ ਤੇ ਬਜੁਰਗਾਂ ਨੂੰ ਪੁਰਾਣੀਆਂ ਚੀਜ਼ਾਂ ਦਿਖਾ ਕੇ ਯਾਦਾਂ ਤਾਜ਼ੀਆਂ ਕਰਵਾਉਂਦਾ ਰਹੇ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ

ਯੂਬਾ ਸਿਟੀ- ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ 21 ਮਈ ਦਿਨ ਐਤਵਾਰ ਨੂੰ ਸ੍ਰੀ ਮਨਜੀਤ ਸਿੰਘ, ਬੀਬੀ ਹਰਵਿੰਦਰ ਕੌਰ ਰਾਏ ਜੀ ਨੇ ਪਰਿਵਾਰ ਦੀ ਚੜ੍ਹਦੀ ਕਲਾ ਲਈ ਸ੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਕਰਵਾਏ, ਜਿਸ ਵਿਚ ਐਤਵਾਰ ਸਵੇਰੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ। ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਬਾਅਦ ਬੀਬੀ ਪਰਮਜੀਤ ਕੌਰ ਜੀ ਜੋ ਇੰਡੀਆ ਤੋਂ ਆਏ ਹਨ, ਜੀ ਦੇ ਕੀਰਤਨੀ ਜਥੇ ਨੇ ਸੰਗਤਾਂ ਨੂੰ ਨਿਹਾਲ ਕੀਤਾ।

ਸਟੇਜ ਸੈਕਟਰੀ ਦੀ ਸੇਵਾ ਗੁਰੂ ਘਰ ਦੇ ਵਾਈਸ ਪ੍ਰਧਾਨ ਜਥੇਦਾਰ ਗੁਰਨਾਮ ਸਿੰਘ ਭੰਡਾਲ ਨੇ ਕੀਤੀ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਮਨਜੀਤ ਸਿੰਘ ਰਾਏ, ਬੀਬੀ ਹਰਵਿੰਦਰ ਕੌਰ ਰਾਏ ਜੀ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਇਸ ਤੋਂ ਇਲਾਵਾ ਬੀਬੀ ਪਰਮਜੀਤ ਕੌਰ ਜੀ ਦੇ ਜਥੇ ਨੂੰ ਵੀ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

ਅੰਤ ਵਿਚ ਗੁਰ ਘਰ ਦੇ ਪ੍ਰਧਾਨ ਮਾਣਯੋਗ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

**26, 27 ਅਤੇ 28 ਮਈ ਦਿਨ ਸ਼ੁੱਕਰਵਾਰ, ਸ਼ਨਿਚਰਵਾਰ ਅਤੇ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਕਰਵਾਏ ਜਾਣਗੇ, ਜਿਹਨਾਂ ਦੀ ਸੇਵਾ ਸ. ਗੁਰਮੇਜ ਸਿੰਘ ਜੀ, ਬੀਬੀ ਜਗਜੀਤ ਕੌਰ ਜੀ ਪਰਿਵਾਰ ਵੱਲੋਂ ਕੀਤੀ ਜਾਵੇਗੀ।**












# ਵਿਪਸਾਅ ਬੇ ਏਰੀਆ ਦੀ ਮਾਸਿਕ ਮਿਲਣੀ

**ਫਰੀਮੌਂਟ-** ਵਿਪਸਾਅ ਬੇ ਏਰੀਆ ਦੀ ਮਾਸਿਕ ਮਿਲਣੀ 05/20/17 ਦਿਨ ਸ਼ਨੀਵਾਰ ਨੂੰ ਫਰੀਮੌਂਟ ਵਿਖੇ ਹੋਈ । ਜਿਸ ਦੀ ਪ੍ਰਧਾਨਗੀ ਜਨਾਬ ਸੁਖਵਿੰਦਰ ਕੰਬੋਜ, ਜਨਾਬ ਸੁਰਿੰਦਰ ਸੀਰਤ ਅਤੇ ਕਮਲ ਦੇਵ ਪਾਲ ਨੇ ਕੀਤੀ। ਸਭ ਤੋਂ ਪਹਿਲਾਂ ਵਿਪਸਾਅ ਬੇ ਏਰੀਆ ਇਕਾਈ ਦੇ ਸੰਵਿਧਾਨ ਉੱਤੇ ਵਿਚਾਰ ਚਰਚਾ ਕੀਤੀ ਗਈ। ਜਨਰਲ ਸਕੱਤਰ ਕੁਲਵਿੰਦਰ ਨੇ ਸਵਿੰਧਾਨ ਦੀ ਸਾਰੀਆਂ ਧਾਰਨਾਵਾਂ ਪੜ੍ਹ ਕੇ ਸੁਣਾਈਆਂ। ਜਿਸ ਉੱਤੇ ਸਾਰੇ ਮੈਂਬਰਾਂ ਨੇ ਆਪਣੀ ਸਲਾਹ ਦਿੱਤੀ। ਮੀਟਿੰਗ ਵਿਚ ਇਹ ਫੈਸਲਾ ਲਿਆ ਗਿਆ ਕੇ ਸਮੇ ਸਮੇ ਤੇ ਚੋਣਵੇ ਲੇਖਕਾਂ ਦੀਆਂ ਰਚਨਾਵਾਂ ਨੂੰ ਲੈ ਕੇ ਕਿਤਾਬ ਸੰਪਾਦਿਤ ਕੀਤੀ ਜਾਵੇਗੀ। ਇਸ ਵਾਸਤੇ ਇਕ ਸੰਪਾਦਕੀ ਮੰਡਲ ਸਥਾਪਿਤ ਕੀਤਾ ਜਾਵੇਗਾ । ਲੇਖਕਾਂ ਨਾਲ ਰੂਬਰੂ ਦਾ ਸਿਲਸਿਲਾ ਦੁਬਾਰਾ ਆਰੰਭ ਕੀਤਾ ਜਾਵੇਗਾ। ਨਵੇਂ ਮੈਂਬਰਾਂ ਨੂੰ ਸ਼ਾਮਿਲ ਕਰਨ ਵਾਸਤੇ ਕਾਰਜਕਾਰਨੀ ਦੀ ਮਨਜ਼ੂਰੀ ਲੈਣੀ ਜਰੂਰੀ ਹੋਵੇਗੀ। ਸ਼ੋਸ਼ਲ ਮੀਡੀਆ ਦਾ ਇੰਚਾਰਜ ਪੰਕਜ ਪ੍ਰੀਤ ਸਿੰਘ ਨੂੰ ਨਿਯੁਕਤ ਕੀਤਾ। ਸੰਗੀਤਕਾਰ ਦੋਸਤਾਂ ਨੂੰ ਵਿਸ਼ੇਸ਼ ਅਹਿਮੀਅਤ ਦਿਤੀ ਜਾਵੇਗੀ। ਨੀਲਮ ਸੈਣੀ ਦੀ ਕਹਾਣੀ "ਬੈਸਟ ਮਦਰਜ਼ ਡੇ" ਉੱਪਰ ਵਿਚਾਰ ਚਰਚਾ ਕੀਤੀ ਗਈ। ਜਿਸ ਵਿਚ ਸੁਰਿੰਦਰ ਸਿੰਘ ਸੀਰਤ, ਕਮਲ ਦੇਵ ਪਾਲ ਅਤੇ ਸੁਖਵਿੰਦਰ ਕੰਬੋਜ ਨੇ ਆਪਣੇ ਸੁਝਾਅ ਦਿਤੇ। ਅਗਲੀ ਮੀਟਿੰਗ ਵਿਚ ਸੁਰਿੰਦਰ ਸੀਰਤ ਜੀ ਕਹਾਣੀ ਉੱਪਰ ਚਰਚਾ ਕੀਤੀ ਜਾਵੇਗੀ। ਸਭ ਤੋਂ ਅਖੀਰ ਵਿਚ ਕਵੀ ਦਰਬਾਰ ਹੋਇਆ। ਜਿਸ ਵਿਚ ਕ੍ਰਮਬਾਰ ਰੇਸ਼ਮ ਸਿੱਧੂ, ਪੰਕਜ ਪ੍ਰੀਤ ਸਿੰਘ, ਕੁੰਦਨ ਲਾਲ, ਕੁਲਵਿੰਦਰ, ਕਮਲ ਦੇਵ ਪਾਲ, ਸੁਰਿੰਦਰ ਸੀਰਤ, ਸੁਖਦੇਵ ਸਾਹਿਲ ਅਤੇ ਸੁਖਵਿੰਦਰ ਕੰਬੋਜ ਨੇ ਆਪੋ ਆਪਣੀਆਂ ਰਚਨਾਵਾਂ ਸੁਣਾਈਆਂ।



ਸਟੇਜ ਦੀ ਕਾਰਵਾਈ ਕੁਲਵਿੰਦਰ ਨੇ ਹਮੇਸ਼ਾਂ ਵਾਂਗ ਬਾਖੂਬ ਨਿਭਾਈ। ਅਖੀਰ ਵਿਚ ਸਭ ਦੇ ਪ੍ਰਧਾਨ ਜਨਾਬ ਸੁਖਵਿੰਦਰ ਕੰਬੋਜ ਨੇ ਮੀਟਿੰਗ ਵਿਚ ਸ਼ਾਮਿਲ ਸਾਰੇ ਲੇਖਕਾਂ ਦਾ ਧੰਨਵਾਦ ਕੀਤਾ। **ਰਿਪੋਰਟ- ਕੁਲਵਿੰਦਰ**


# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ

## ਸ਼ਹੀਦ ਸੰਤ ਰਾਮਾਨੰਦ ਜੀ ਦੀ ਸੱਤਵੀ ਬਰਸੀ 28 ਮਈ (ਐਤਵਾਰ) ਨੂੰ ਮਨਾਈ ਜਾਵੇਗੀ



ਸ੍ਰੀ ਗੁਰੂ ਰਵਿਦਾਸ ਸਭਾ ਅਤੇ ਸੰਗਤਾਂ ਵੱਲੋਂ ਲੇਫੋਰਨੀਆ ਸੰਤ ਰਾਮਾਨੰਦ ( ਡੇਰਾ ਸੱਚਖੰਡ ਬੱਲਾਂ) ਜੀ ਦੀ ਸਤਵੀਂ ਬਰਸੀ 29 ਮਈ ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਮਨਾਈ ਜਾਵੇਗੀ। ਇਸ ਸਬੰਧਤ 28 ਮਈ ਨੂੰ ਸਵੇਰੇ 10 ਵਜੇ ਸੁਖਮਨੀ ਸਾਹਿਬ ਦੇ ਪਾਠ ਆਰੰਭ ਹੋਣਗੇ ਅਤੇ 1 ਵਜੇ ਭੋਗ ਪਾਏ ਜਾਣਗੇ। ਇਸ ਦੌਰਾਨ ਵੱਖ-ਵੱਖ ਬੁਲਾਰੇ ਸੰਤਾਂ ਦੀ ਜੀਵਨੀ ਅਤੇ ਮਹਿਮਾ ਬਾਰੇ ਝਲਕ ਪਾਉਂਦੇ ਹੋਏ ਵਿਚਾਰ ਰੱਖਣਗੇ। ਗੁਰੂ ਘਰ ਅਤੇ ਯੂਨਾਈਟਿਡ ਅਵੇਅਰਨੈਸ ਕਮੇਟੀ ਵੱਲੋਂ ਸਮੂਹ ਸੰਗਤ ਨੂੰ ਬੇਨਤੀ ਹੈ ਕਿ ਆਪਣਾ ਕੀਮਤੀ ਸਮਾਂ ਕੱਢਦੇ ਹੋਏ ਹਾਜ਼ਰੀਆਂ ਲਗਵਾਓ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ | ਗੁਰੂ ਘਰ- 916-992-1710

ਸ੍ਰੀ ਸੁਖਰਾਮ ਚੰਦੜ 916-494-4694

ਕੇਵਲ ਬੋਲੀਨਾ 916-548-8902

ਗਿਆਨ ਚੰਦ ਕਾਜਲਾ 916-459-7020

# ਮਾਂ ਦਿਵਸ ਨੂੰ ਸਮਰਪਿਤ ਸੈਮੀਨਾਰ ਅਤੇ ਕਵਿਤਾ ਮੁਕਾਬਲਿਆਂ ਦਾ ਆਯੋਜਨ

## 53 ਮਾਵਾਂ ਦਾ ਕੀਤਾ ਸਨਮਾਨ

**ਬਰੇਟਾ (ਦੀਪ)-** ਨੇੜਲੇ ਪਿੰਡ ਕੁਲਰੀਆਂ ਦੇ ਸਰਕਾਰੀ ਸੈਕੰਡਰੀ ਸਕੂਲ ਵਿਚ ਮਾਂ ਦਿਵਸ ਨੂੰ ਸਮਰਪਿਤ ਇੱਕ ਚੇਤਨਾ ਸੈਮੀਨਾਰ ਅਤੇ ਕਵਿਤਾ ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ।ਇਸ ਸੈਮੀਨਾਰ ਵਿਚ ਮੁੱਖ ਮਹਿਮਾਨ ਦੇ ਤੌਰ ਤੇ ਡੈਮੋਕਰੇਟਿਕ ਇੰਪਲਾਈਜ ਫਰੰਟ ਦੇ ਇਸਤਰੀ ਵਿੰਗ ਦੇ ਪ੍ਰਧਾਨ ਮੈਡਮ ਜਸਵੀਰ ਕੌਰ ਨੱਤ ਮੁੱਖ ਬੁਲਾਰੇ ਦੇ ਤੌਰ ਤੇ ਸ਼ਾਮਿਲ ਹੋਏ, ਜਦ ਕਿ ਸਮਾਗਮ ਦੀ ਪ੍ਰਧਾਨਗੀ ਸੇਵਾਮੁਕਤ ਪ੍ਰਿੰਸੀਪਲ ਚਮਨ ਲਾਲ ਬਾਂਸਲ ਅਤੇ ਵੀਨਾ ਸਿੰਗਲਾ ਵੱਲੋਂ ਕੀਤੀ ਗਈ।ਲੈਕਚਰਾਰ ਭੋਜ ਰਾਜ ਵੱਲੋਂ ਜੀ ਆਇਆ ਨੂੰ ਕਿਹਾ ਗਿਆ। ਸਕੂਲ ਦੇ ਪ੍ਰਿੰਸੀਪਲ ਦਰਸ਼ਨ ਸਿੰਘ ਬਰੇਟਾ ਨੇ ਪ੍ਰੋਗਰਾਮ ਦੀ ਰੂਪਰੇਖਾ ਸਾਂਝੀ ਕਰਦਿਆ ਮਾਂ ਦਿਵਸ ਦੀ ਮਹੱਤਤਾ ਤੇ ਸੈਮੀਨਾਰ ਕਰਵਾਉਣ ਦੇ ਮਕਸਦ ਬਾਰੇ ਵਿਸਥਾਰ ਵਿਚ ਗੱਲਬਾਤ ਕੀਤੀ। ਮੁੱਖ ਬੁਲਾਰੇ ਦੇ ਤੌਰ ਤੇ ਬੋਲਦੇ ਹੋਏ ਮੈਡਮ ਨੱਤ ਨੇ ਕਿਹਾ ਕਿ ਅੱਜ ਦੇ ਜ਼ਮਾਨੇ ਵਿਚ ਵੀ ਔਰਤ ਦੁਬਾਰਾ ਘਰ ਦੇ ਕੀਤੇ ਜਾਂਦੇ ਕੰਮ ਨੂੰ ਅਣਗੌਲਿਆ ਕੀਤਾ ਜਾਂਦਾ ਹੈ। ਘਰ ਦੇ ਕੰਮ ਨੂੰ ਕੋਈ ਅਹਿਮੀਅਤ ਨਹੀਂ ਦਿੱਤੀ ਜਾਂਦੀ, ਜਦਕਿ ਜਿਹੜੀਆਂ ਔਰਤਾਂ ਕੋਈ ਸਰਵਿਸ ਵਗੈਰਾ ਕਰਦੀਆਂ ਹਨ, ਉਨਾਂ ਕੰਮ ਕਾਜੀ ਔਰਤਾਂ ਦੇ ਕੰਮ ਨੂੰ ਹੀ ਗਿਣਿਆ ਜਾਂਦਾ ਹੈ। ਘਰੈਲੂ ਔਰਤਾਂ ਨੂੰ ਮਾਣ ਸਨਮਾਨ ਘੱਟ ਦਿੱਤਾ ਜਾਂਦਾ ਹੈ, ਜਦਕਿ ਇੱਕ ਔਰਤ ਆਪਣੀ ਸਾਰੀ ਉਮਰ ਹੀ ਉਸ ਘਰ ਨੂੰ ਸੰਵਾਰਨ ਤੇ ਲਗਾ ਦਿੰਦੀ ਹੈ। ਅਜਿਹੇ ਵਰਤਾਰੇ ਘਟ ਰਹੀਆਂ ਮਾਨਵੀ ਸੰਵੇਦਨਾਵਾਂ ਦੇ ਵੱਲ ਇਸ਼ਾਰਾ ਕਰਦੇ ਹਨ। ਅੱਜ ਦੀ ਨੌਜਵਾਨ ਪੀੜੀ ਵੱਲੋਂ ਵੀ ਘਰ ਵਿਚ ਮਾਵਾਂ ਨਾਲ ਕੋਈ ਬਹੁਤਾ ਚੰਗਾ ਵਿਹਾਰ ਨਹੀਂ ਕੀਤਾ ਜਾਂਦਾ। ਅਜਿਹੇ ਸਮੇਂ ਵਿਚ ਜਰੂਰਤ ਹੈ ਕਿ ਔਰਤ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋਵੇ ਅਤੇ ਆਪਣੇ ਨਾਲ ਹੋਣ ਵਾਲੀ ਕਿਸੇ ਵਧੀਕੀ ਦਾ ਮੂੰਹ ਤੋੜਵਾਂ ਜਵਾਬ ਦੇਣ ਲਈ ਲਾਮਬੰਦ ਹੋਵੇ। ਸੇਵਾਮੁਕਤ ਪ੍ਰਿੰਸੀਪਲ ਸ਼੍ਰੀ ਬਾਂਸਲ ਨੇ ਕਿਹਾ ਕਿ ਮਾਂ ਦਾ ਦੇਣ ਵਿਅਕਤੀ ਸਾਰੀ ਉਮਰ ਨਹੀਂ ਦੇ ਸਕਦਾ। ਡਾ. ਭਵਾਨੀ ਸ਼ੰਕਰ ਗਰਗ ਵੱਲੋਂ ਮਾਂ ਦਿਵਸ ਦੇ ਇਤਿਹਾਸ ਬਾਰੇ ਚਾਨਣਾ ਪਾਇਆ ਗਿਆ। ਇਸ ਮੌਕੇ ਤੇ ਏ.ਐਨ.ਐਮ. ਸ਼ਿੰਦਰਪਾਲ ਕੌਰ ਸਮੇਤ 53 ਮਾਵਾਂ ਨੂੰ ਸਨਮਾਨਿਤ ਕੀਤਾ ਗਿਆ।ਇੰਨਾਂ ਮਾਵਾਂ ਵੱਲੋਂ ਆਪਣੇ ਘਰੈਲੂ ਕੰਮ ਕਾਰ ਕਰਦਿਆਂ ਆਪਣੇ ਬੱਚਿਆਂ ਨੂੰ ਚੰਗੀ ਤਾਲੀਮ ਹਾਸਿਲ ਵਿਚ ਭਰਵਾਂ ਯੋਗਦਾਨ ਪਾਇਆ ਗਿਆ ਸੀ। ਇਸ ਮੌਕੇ ਤੇ ਕਰਵਾਏ ਅੰਤਰਹਾਊਸ ਕਵਿਤਾ ਮੁਕਾਬਲਿਆਂ ਵਿਚ ਰੁਪਿੰਦਰ ਕੌਰ, ਧਰਮਪ੍ਰੀਤ ਸਿੰਘ ਅਤੇ ਅਮਨਦੀਪ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਿਲ ਕੀਤਾ।ਮੁਕਾਬਲਿਆਂ ਦੀ ਜਜਮੈਂਟ ਅਧਿਆਪਕਾਂ ਮਨਪ੍ਰੀਤ ਕੌਰ, ਕੇਵਲ ਸਿੰਘ ਤੇ ਗਗਨਦੀਪ ਕੌਰ ਨੇ ਨਿਭਾਈ।ਜੈਤੂ ਬੱਚਿਆਂ ਨੂੰ ਵੀ ਸਨਮਾਨਿਤ ਕੀਤਾ ਗਿਆ।ਇਸ ਮੌਕੇ ਸਕੂਲ ਮੈਨਜਮੈਂਟ ਕਮੇਟੀ ਦੇ ਚੇਅਰਮੈਨ ਸਤਪਾਲ ਸ਼ਰਮਾ, ਮਹਿੰਦਰ ਸਿੰਘ ਮੜੀਆਂ, ਨੱਛਤਰ ਸਿੰਘ, ਗੁਰਤੇਜ ਸਿੰਘ ਸੈਣੀ, ਇਕਬਾਲ ਸਿੰਘ, ਜਗਦੀਪ ਸਿੰਘ, ਦੇਸਰਾਜ ਸਿੰਘ, ਗੁਰਮੇਲ ਸਿੰਘ, ਲਖਵਿੰਦਰ ਕੁਮਾਰ,ਪਰਮਿੰਦਰ ਕਟੌਦੀਆ ਸਰੋਜ ਰਾਣੀ, ਅੰਜਨਾ ਰਾਣੀ, ਅਜੈ ਕੁਮਾਰ, ਨੀਰਜ ਗਰਗ, ਵਿਨੈ ਕੁਮਾਰ, ਪਰਵਿੰਦਰ ਸਿੰਘ ਧਾਲੀਵਾਲ, ਮਨਦੀਪ ਸਿੰਘ, ਜਸਵੀਰ ਸਿੰਘ, ਮੀਨਾ ਰਾਣੀ, ਲੀਲਾ ਰਾਮ ਤੇ ਲਾਭ ਸਿੰਘ ਨੇ ਵੀ ਆਪਣੇ ਵਿਚਾਰ ਰੱਖੇ। ਇਸ ਮੌਕੇ ਜਸਵਿੰਦਰ ਕੌਰ ਦੀ ਅਗਵਾਈ ਵਿਚ ਰੈਡ ਕਰਾਸ ਵਲੰਟੀਅਰਾਂ ਵਲੋ ਇਕ ਸਭਿਆਚਾਰਕ ਪਰਦਰਸ਼ਨੀ ਲਗਾਈ ਗਈ ਮੰਚ ਸੰਚਾਲਨ ਪ੍ਰਗਟ ਸਿੰਘ ਵੱਲੋਂ ਕੀਤਾ ਗਿਆ।



# ਪ੍ਰੋ. ਅਜਮੇਰ ਸਿੰਘ ਔਲਖ ਦੇ ਇਲਾਜ ਲਈ ਦੇਸ਼ ਭਗਤ ਕਮੇਟੀ, ਪਰਿਵਾਰ ਦੇ ਅੰਗ-ਸੰਗ

**ਜਲੰਧਰ:** ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ, ਮੰਨੇ ਪ੍ਰਮੰਨੇ ਪ੍ਰਤੀਬੱਧਤ ਨਾਟਕਕਾਰ ਪ੍ਰੋ. ਅਜਮੇਰ ਸਿੰਘ ਔਲਖ ਦੀ ਜਲਦੀ ਸਿਹਤਯਾਬੀ ਲਈ ਸ਼ੁੱਭ ਕਾਮ-ਨਾਵਾਂ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਨੇ ਪ੍ਰੋ. ਅਜਮੇਰ ਸਿੰਘ ਔਲਖ ਦੇ ਵਡੇਰੇ ਪਰਿਵਾਰ ਦਾ ਅੰਗ ਹੁੰਦਿਆਂ ਉਨ੍ਹਾਂ ਦੀ ਹਰ ਸੰਭਵ ਮਦਦ ਕਰਨ ਦਾ ਅਹਿਦ ਲਿਆ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਕਾਮਰੇਡ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਕਾਮਰੇਡ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਕੈਂਸਰ ਤੋਂ ਪੀੜਿਤ ਅਤੇ ਅਸਹਿ ਪੀੜਾ ਝਲਦੇ ਆ ਰਹੇ ਪ੍ਰੋ. ਅਜਮੇਰ ਸਿੰਘ ਔਲਖ ਦਾ ਫੌਰਟਿਸ ਹਸਪਤਾਲ ਮੋਹਾਲੀ ਵਿਖੇ ਸਫ਼ਲ ਅਪਰੇਸ਼ਨ ਹੋਣ ’ਤੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਨੇ ਪਰਿਵਾਰ ਵੱਲੋਂ ਪਹਿਲ ਦੇ ਆਧਾਰ ’ਤੇ ਅਜੇ ਆਪ ਸਾਰਾ ਖਰਚਾ ਕਰਦੇ ਆਉਣ ਦੀ ਦਿਖਾਈ ਸੂਝ ਬੂਝ ਅਤੇ ਸਮਰਪਨ ’ਤੇ ਮਾਣ ਮਹਿਸੂਸ ਕਰਦਿਆਂ ਪਰਿਵਾਰ ਨੂੰ ਵਿਸ਼ਵਾਸ਼ ਦੁਆਇਆ ਹੈ ਕਿ ਕਮੇਟੀ ਉਨ੍ਹਾਂ ਦੀ ਹਰ ਸੰਭਵ ਮਦਦ ਕਰਨਾ ਆਪਣਾ ਫਰਜ਼ ਸਮਝੇਗੀ। ਉਨ੍ਹਾਂ ਦੱਸਿਆ ਕਿ ਪ੍ਰੋ. ਅਜਮੇਰ ਸਿੰਘ ਔਲਖ ’ਤੇ ਆ ਰਹੇ ਵੱਡੇ ਖ਼ਰਚਿਆਂ ਦੇ ਮੱਦੇਨਜ਼ਰ ਜਦੋਂ ਵੀ ਉਨ੍ਹਾਂ ਦਾ ਜੱਦੀ ਪਰਿਵਾਰ ਵਿਸ਼ੇਸ਼ ਆਰਥਿਕ ਮਦਦ ਲਈ ਲੋੜ ਮਹਿਸੂਸ ਕਰੇਗਾ ਤਾਂ ਦੇਸ਼ ਭਗਤ ਯਾਦਗਾਰ ਕਮੇਟੀ ਹੋਰਨਾਂ ਲੋਕ-ਪੱਖੀ ਸੰਸਥਾਵਾਂ ਸਮੇਤ ਡਟਵੀਂ ਮਦਦ ਕਰਨ ਦਾ ਆਪਣਾ ਫਰਜ਼ ਅਦਾ ਕਰੇਗੀ।



# ਇੰਦਰਪੁਰੀ ਸਰਕਾਰੀ ਕੰਨਿਆਂ ਸਕੂਲ ਹੇੜੀਆਂ ਦਾ ਬਾਰ੍ਹਵੀਂ ਦਾ ਨਤੀਜਾ ਸੌ ਫੀਸਦੀ ਰਿਹਾ



**ਮੁਕੰਦਪੁਰ, (ਰੇਸ਼ਮ ਕਰਨਾਣਵੀ)-** ਜ਼ਿਲ੍ਹਾ ਸ਼ਹੀਦ ਭਗਤ ਨਗਰ ਦੇ ਸਕੂਲ ਇੰਦਰਪੁਰੀ ਸਰਕਾਰੀ ਕੰਨਿਆਂ ਸੀਨੀਅਰ ਸੈਕੰਡਰੀ ਸਕੂਲ ਹੇੜੀਆਂ ਦਾ 10+2 ਆਰਟਸ ਅਤੇ ਕਾਮਰਸ ਗਰੁੱਪ ਦਾ ਨਤੀਜਾ 100% ਰਿਹਾ ਹੈ। ਕਾਮਰਸ ਗਰੁੱਪ ਦੀਆਂ 24 ਵਿਦਿਆਰਥਣਾਂ ਪਾਸ ਹੋਈਆ। ਜਿਨ੍ਹਾਂ ਵਿੱਚ ਕ੍ਰਮਵਾਰ ਇੰਦਰਜੋਤ ਪੁੱਤਰੀ ਗੁਰਵਿੰਦਰ ਸਿੰਘ ਪਿੰਡ ਹੇੜੀਆਂ ਨੇ 344 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਪੂਜਾ ਪੁੱਤਰੀ ਨਿਰਮਲ ਸਿੰਘ ਪਿੰਡ ਮਹਿਮੂਦਪੁਰ ਨੇ 343 ਅੰਕ ਪ੍ਰਾਪਤ ਕਰਕੇ ਦੂਜਾ ਅਤੇ ਲਵਪ੍ਰੀਤ ਕੌਰ ਪੁੱਤਰੀ ਜਿੰਦਰਪਾਲ ਵਾਸੀ ਕਮਾਮ ਨੇ 326 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਤਰ੍ਹਾ ਹੀ ਆਰਟਸ ਗਰੁੱਪ ਵਿੱਚ ਲਵਨੀਤ ਧੀਰ ਪੁੱਤਰੀ ਗੁਰਪਾਲ ਸਿੰਘ ਨੇ 363 ਅੰਕ ਲੈ ਕੇ ਪਹਿਲਾ ਸਥਾਨ, ਸਨਮਦੀਪ ਕੌਰ ਪੁੱਤਰੀ ਇੰਦਰਜੀਤ ਸਿੰਘ ਨੇ 351 ਅੰਕ ਲੈ ਕੇ ਦੂਜਾ ਸਥਾਨ ਤੇ ਮਮਤਾ ਪੁੱਤਰੀ ਰਜਿੰਦਰ ਕੁਮਾਰ ਅਤੇ ਮਨਪ੍ਰੀਤ ਕੌਰ ਪੁੱਤਰੀ ਹਰਪਾਲ ਸਿੰਘ ਦੋਵਾਂ ਨੇ 348-348 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ। ਬਾਕੀ 25 ਵਿਦਿਆਰਥਣਾਂ ਵੀ ਚੰਗੇ ਅੰਕ ਲੈ ਕੇ ਪਾਸ ਹੋਈਆ।

ਇਸ ਮੌਕੇ ਪ੍ਰਿੰਸੀਪਲ ਸਤਨਾਮ ਸਿੰਘ ਭੰਵਰਾ, ਸੀਨੀਅਰ ਲੈਕਚਰਾਰ ਸ਼੍ਰੀ ਸੰਜੀਵ ਕੁਮਾਰ, ਸੁਰਿੰਦਰਪਾਲ ਸਿੱਧੂ, ਜਸਵਿੰਦਰ ਕੌਰ ਨੇ ਸਮੂਹ ਸਟਾਫ, ਵਿਦਿਆਰਥਣਾਂ ਅਤੇ ਉਨ੍ਹਾਂ ਦੇ ਮਾਪਿਆ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਜੋ ਬਾਰ੍ਹਵੀਂ ਦਾ ਸੌ ਫੀਸਦੀ ਨਤੀਜਾ ਰਿਹਾ ਹੈ ਇਹ ਸਾਰਾ ਸਿਹਰਾ ਮਿਹਨਤੀ ਸਟਾਫ ਨੂੰ ਜਾਂਦਾ ਹੈ। ਜਿਨ੍ਹਾਂ ਨੇ ਮਿਹਨਤ ਤੇ ਲਗਨ ਨਾਲ ਪੜ੍ਹਾਈ ਕਰਵਾਈ। ਇਸ ਮੌਕੇ ਐੱਸ.ਐਮ.ਸੀ. ਚੇਅਰਮੈਨ ਸ. ਮਹਿੰਦਰ ਸਿੰਘ ਸੂਬੇਦਾਰ, ਸਕੂਲ ਅਧਿਆਪਕ ਸ਼੍ਰੀ ਚੰਚਲ ਸਿੰਘ, ਮੱਖਣ ਬਖਲੌਰ, ਜਤਿੰਦਰ ਕੁਮਾਰ, ਨਵਦੀਪ ਸਿੰਘ, ਰਣਜੀਤ ਸਿੰਘ, ਨਰਿੰਦਰ ਸਿੰਘ, ਸੀਮਾ ਕਲਸੀ, ਮਨਦੀਪ ਕੌਰ, ਅਨੀਤਾ ਰਾਣੀ, ਸਰਬਜੀਤ ਕੌਰ, ਪ੍ਰਿੰਅਕਾ, ਅਰਜਨ ਸਿੰਘ ਆਦਿ ਹਾਜ਼ਰ ਸਨ।

# ਬਲਵਿੰਦਰ ਮੰਗੂਵਾਲ ਦੇ ਪਿਤਾ ਪਿਆਰਾ ਸਿੰਘ ਦੀ ਯਾਦ ’ਚ ਸ਼ਰਧਾਂਜ਼ਲੀ ਸਮਾਗਮ

**ਜਲੰਧਰ-** ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਕਾਮਰੇਡ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਲੰਮੇ ਅਰਸੇ ਤੋਂ ਸਭਿਆਚਾਰਕ ਵਿੰਗ ਨਾਲ ਜੁੜੇ ਬਲਵਿੰਦਰ ਸਿੰਘ ਮੰਗੂਵਾਲ ਦੇ ਪਿਤਾ ਪਿਆਰਾ ਸਿੰਘ ਜੋ ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ, ਉਹਨਾਂ ਦੀ ਯਾਦ ’ਚ 17 ਮਈ ਦਿਨੇ 12 ਵਜੇ ਉਹਨਾਂ ਦੇ ਜੱਦੀ ਪਿੰਡ ਮੰਗੂਵਾਲ (ਸ਼ਹੀਦ ਭਗਤ ਸਿੰਘ ਨਗਰ) ਵਿਖੇ ਸਮੂਹ ਨਗਰ ਅਤੇ ਲੋਕ-ਪੱਖੀ ਜੱਥੇਬ-ਦੀਆਂ ਵੱਲੋਂ ਸ਼ਰਧਾਂਜ਼ਲੀ ਸਮਾਗਮ ਕੀਤਾ ਗਿਆ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਬਲਵਿੰਦਰ ਮੰਗੂਵਾਲ ਦੇ ਪਰਿਵਾਰ ਅਤੇ ਸਾਕ-ਸਬੰਧੀਆਂ ਨਾਲ ਦੁੱਖ ਸਾਂਝਾ ਕਰਨ ਅਤੇ ਬਹੁਤ ਹੀ ਮਿਹਨਤੀ, ਇਮਾਨਦਾਰ, ਦੇਸ਼ ਭਗਤ ਇਨਕਲਾਬੀ, ਜਮਹੂਰੀ ਲਹਿਰ ਦੇ ਹਿਤੈਸ਼ੀ ਪਿਆਰਾ ਸਿੰਘ ਨੂੰ ਸ਼ਰਧਾਂਜ਼ਲੀ ਅਰਪਤ ਕਰਨ ਲਈ ਸ਼ਾਮਲ ਸੰਗਤਾਂ ਦਾ ਧੰਨਵਾਦ ਕੀਤਾ।




# ਪ੍ਰਸ਼ੋਤਮ ਰਾਜ ਅਹੀਰ ਬਸਪਾ (ਪੰਜਾਬ) ਦੇ ਹੁਸ਼ਿਆਰਪੁਰ ਦੇ ਨਵੇਂ ਜਿਲਾ ਪ੍ਰਧਾਨ



**ਹੁਸ਼ਿਆਰਪੁਰ-** ਪ੍ਰਸ਼ੋਤਮ ਰਾਜ ਅਹੀਰ ਜੀ ਪਾਰਟੀ ਦੇ ਅਹਿਮ ਅਹੁਦਿਆਂ ਉਪਰ ਕੰਮ ਕਰ ਚੁੱਕੇ ਹਨ। ਜਿਸ ਵਿੱਚ ਯੂਥ ਕਨਵੀਨਰ ਦੋਆਬਾ ਬਸਪਾ ਪੰਜਾਬ ਤੇ ਮੰਡਲ ਕੋਆਰਡੀਨੇਟਰ ਜੋਨ ਜਲੰਧਰ ਤੇ ਹਲਕਾ ਇੰਚਾਰਜ ਉੜਮੁੜ ਟਾਂਡਾ ਬਹੁਜਨ ਸਮਾਜ ਪਾਰਟੀ ਪੰਜਾਬ ਸਨ। **ਐਚ. ਸੀ. ਹੀਰ ਵੱਲੋਂ ਉਹਨਾਂ ਨੂੰ ਨਵੀਂ ਜ਼ਿੰਮੇਵਾਰੀ ਮਿਲਣ ਤੇ ਵਧਾਈ ਦਿੱਤੀ ਗਈ।**

# ਵਰਲਡ ਕੈਂਸਰ ਕੇਅਰ ਸੰਸਥਾ ਵਲੋਂ ਚੀਮਾ ਕਲਾਂ ’ਚ ਲਗਾਇਆ ਗਿਆ ਕੈਂਪ






**ਮੁਕੰਦਪੁਰ, (ਰੇਸ਼ਮ ਕਰਨਾਣਵੀ)-** ਵਰਲਡ ਕੈਂਸਰ ਕੇਅਰ ਸੰਸਥਾ ਵਲੋਂ ਚਲਾਏ ਜਾ ਰਹੇ ਵੱਖ-ਵੱਖ ਕੈਂਪਾਂ ਦੀ ਲੜੀ ਅਧੀਨ ਬਲਵੀਰ ਕੌਰ ਅਤੇ ਸੁਰਿੰਦਰ ਸਿੰਘ ਯੂ.ਕੇ., ਪਿੰਡ ਪੰਚਾਇਤ ਚੀਮਾ ਕਲਾਂ ਅਤੇ ਪਤਵੰਤਿਆਂ ਦੇ ਸਹਿਯੋਗ ਨਾ.ਲ ਮੈਡੀਕਲ ਕੈਂਪ ਲਗਾਇਆ ਗਿਆ। ਜਿਸ ਵਿੱਚ ਵੱਡੀ ਗਿਣਤੀ ਵਿੱਚ ਮਰੀਜ਼ਾਂ ਦੀ ਜਾਂਚ ਕੀਤੀ ਗਈ। ਕੈਂਪ ਵਿੱਚ ਸਾਰੇ ਮਰੀਜ਼ਾਂ ਦਾ ਬਲੱਡ ਪ੍ਰੈਸ਼ਰ, ਬਲੱਡ ਸ਼ੂਗਰ ਚੈੱਕ ਕੀਤਾ ਗਿਆ ਅਤੇ ਜ਼ਰੂਰਤਮੰਦ ਮਰੀਜ਼ਾਂ ਨੂੰ ਦਵਾਈਆਂ ਵੀ ਦਿੱਤੀਆਂ ਗਈਆਂ। ਇਸ ਮੌਕੇ ਲੋਕਾਂ ਨੂੰ ਕੈਂਸਰ ਪ੍ਰਤੀ ਜਾਗਰੂਕ ਕਰਨ ਲਈ ਵੀਡੀਓ ਵੀ ਦਿਖਾਈ ਗਈ ਅਤੇ ਕੈਂਸਰ ਦੇ ਲੱਛਣਾਂ ਤੋਂ ਜਾਣੂ ਕਰਵਾਉਣ ਲਈ ਇਸ਼ਤਿਹਾਰ ਵੰਡੇ ਗਏ। ਇਸ ਕੈਂਪ ਵਿੱਚ ਡਾਕਟਰੀ ਟੀਮ ਵਿੱਚ ਧਰਮਿੰਦਰ ਸਿੰਘ, ਕੁਲਜੀਤ ਕੌਰ, ਡਾ. ਸੁਰੇਸ਼, ਡਾ. ਗੁਲਸ਼ਨ, ਡਾ. ਨਵਨੀਤ ਕੌਰ ਅਤੇ ਹੋਰ ਸਹਾਇਕ ਕਰਮਚਾਰੀ ਸ਼ਾਮਲ ਸਨ। ਇਸ ਮੌਕੇ ਪਰਗਣ ਸਿੰਘ ਸਰਪੰਚ ਅਤੇ ਬਹਾਦਰ ਸਿੰਘ ਨੰਬਰਦਾਰ ਹੋਰਾਂ ਨੇ ਕਿਹਾ ਕਿ ਐਨ.ਆਰ.ਆਈਜ਼ ਵਲੋਂ ਸਿਹਤ ਜਾਗਰੂਕਤਾ ਅਤੇ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਦੀ ਜਾਂਚ ਦੇ ਮੁਫਤ ਕੈਂਪ ਲਾਏ ਜਾ ਰਹੇ ਹਨ, ਜੋ ਬਹੁਤ ਹੀ ਸ਼ਲਾਘਾਯੋਗ ਕਦਮ ਹੈ। ਇਨ੍ਹਾਂ ਕੈਂਪਾਂ ਵਿੱਚ ਕੀਤੀ ਜਾਂਚ ਰਾਹੀਂ ਕੈਂਸਰ ਦਾ ਪਹਿਲੀ ਸਟੇਜ ਤੇ ਹੀ ਪਤਾ ਲਗਾ ਕੇ ਉਸ ਦਾ ਇਲਾਜ਼ ਕੀਤਾ ਜਾ ਸਕਦਾ ਹੈ।

ਮੈਡੀਕਲ ਜਾਂਚ ਕੈਂਪ ਨੂੰ ਨੇਪਰੇ ਚੜ੍ਹਾਉਣ ਵਾਸਤੇ ਪਰਗਣ ਸਿੰਘ ਸਰਪੰਚ, ਬਹਾਦਰ ਸਿੰਘ ਨੰਬਰਦਾਰ, ਕੁਲਵੰਤ ਸਿੰਘ ਧਾਰੀਵਾਲ, ਕੁਲਵਿੰਦਰ ਸਿੰਘ, ਅਮਰਜੀਤ ਸਿੰਘ ਰੂਪਰਾਏ, ਅਮਰੀਕ ਸਿੰਘ, ਬਲਵੀਰ ਸਿੰਘ ਸਾਬਕਾ ਸਰਪੰਚ, ਕੁਲਦੀਪ ਸਿੰਘ ਗਿਆਨੀ, ਡਾ. ਹਰਮੇਸ਼, ਡਾ. ਢਿੱਲੋਂ, ਡਾ. ਮਨਮੋਹਨ ਸਿੰਘ ਅਤੇ ਪਿੰਡ ਵਾਸੀਆਂ ਦਾ ਵਡਮੁੱਲਾ ਸਹਿਯੋਗ ਰਿਹਾ।

# AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Transmission, Body and Paint Work We Sell Used Cars at a Good Price**



Free Estimates
Free Towing

**510- 733- 2222**

1421 Industrial PKWY West#F Hayward, CA 94544



Prop: Jasbir Singh Takhar
510-755-2132

Harmandeep Singh



# Capital Services, ਸੈਕਰਾਮੈਂਟੋ

ਟਰੱਕਾਂ ਵਾਲਿਆਂ ਲਈ ਹੁਣ IRP ਪਲੇਟਾਂ ਲੈਣੀਆਂ ਹੋਈਆਂ ਅਸਾਨ!
ਸੈਕਰਾਮੈਂਟੋ, ਕੈਲੀਫੋਰਨੀਆਂ ਤੋਂ ਲਵੋ ਤੁਰੰਤ IRP Plates

**IRP Plates for 48 States- Same day Plates**

**TRUCKING SERVICES:**

IRP PLATES
IFTA- FUEL TAX RETURNS
MC, US DOT #
CA #, MCP, EPN ENROLLMENTS
TITLE TRANSFER

Capital services

**PERSONAL CAR SERVICES:**
(Approved by CA DMV )

ਕਾਰਾਂ ਦੀ ਤੁਰੰਤ ਟ੍ਰਾਂਸਫਰ
ਕਾਰਾਂ ਦੀਆਂ ਤੁਰੰਤ ਪਲੇਟਾਂ ਤੇ ਸਟਿੱਕਰ,
ਡੁਪਲੀਕੇਟ ਟਾਈਟਲ ਤੇ ਹੋਰ

Vin Verification (Approved by CA DMV
ਕਰਵਾਉਣ ਲਈ ਲਈ ਵੀ ਸੰਪਰਕ ਕਰੋ

**INSURANCE SERVICES:**
ਕਿਸੇ ਤਰਾਂ ਦੀ ਵੀ ਇੰਸ਼ੋਰੈਂਸ ਲੈਣ ਲਈ
COVERED CALIFORNIA (ਉਬਾਮਾ ਕੇਅਰ)
*Auto *Home *Business *Truck *Life
*Medical *Special Events & others

**ਹੋਰ ਸੇਵਾਵਾਂ**

ਵੀਜਾ ਤੇ ਪਾਸਪੋਰਟ * ਫੈਮਲੀ ਪਟੀਸ਼ਨ * ਸਰੈਂਡਰ ਸਰਟੀਫਿਕੇਟ * ਓ ਸੀ ਆਈ * ਗਰੀਨ ਕਾਰਡ * ਸਿਟੀਜਨਸ਼ਿਪ * ਐਫੀਡੇਵਿਟ ਆਫ ਸਪੋਰਟ ਆਦਿ

**OTHER SERVICES:**

Live Scan / Fingerprints, Notary Public/ ਨੋਟਰੀ ਪਬਲਿਕ, Mail Box
Business Cards, International Driver Lic.,
Translation Docs, Banners, Print, Copy, Fax etc.

For Legal Services,
Once a week Attorney
at your service.

ਕਿਸੇ ਵੀ ਜਾਣਕਾਰੀ ਲਈ Call (916) 427-4321

6624 Florin Road Sacramento CA 95828
Email : sacramento99@yahoo.com
Website : www.capitalservices.us



## Buying or Selling Gas Stations and Hotels All over in California

Do you want to Buy/Sell your Gas Station and Hotel Business property? Call us for a free consultation.

ਕੀ ਤੁਸੀਂ ਆਪਣਾ ਗੈਸ ਸਟੇਸ਼ਨ ਜਾਂ ਹੋਟਲ ਦੀ ਕਾਰੋਬਾਰੀ ਸੰਪਤੀ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ। ਅਸੀਂ ਤੁਹਾਨੂੰ ਮੁਫਤ ਮਾਹਿਰਾਂ ਦੀ ਸਲਾਹ ਅਤੇ ਹੋਟਲ ਜਾਂ ਗੈਸ ਸਟੇਸ਼ਨ ਦੀ ਕੀਮਤ ਬਾਰੇ ਜਾਣਕਾਰੀ ਦਿਆਂਗੇ।

Call us for a Free Consultation about Selling your Gas Station or Hotel and we can also Give you our Expert opinion of the Value of Your Gas Station or Hotel.








JOHN SINGH BANGA
916.271.5404
Lic # 01397975

DALVIR 'DIL' NIJJAR
916.628.2210
Lic # 01418648

*Commercial Real estate and investment adviser*

Shell Mobil EXXON TEXACO Chevron VALERO Holiday Inn Express Hampton Inn COURTYARD Marriott

**7412 Elsie Avenue, Sacramento CA 95828**

"Honesty and Experience make the Difference"
www.buyorsellgasstationsandhotels.com



# A & S

## Auto Repair & Services

**Specializing in Brakes & Axles**

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਖ਼ਾਲੀ ਖ਼ਜ਼ਾਨਾ, ਚੋਣ ਵਾਅਦੇ ਅਤੇ ਆਮ ਲੋਕ

**ਖ਼ਜ਼ਾਨਾ ਖ਼ਾਲੀ ਹੋਣ ਦੀ ਗੱਲ ਸਰਕਾਰ ਵੱਲੋਂ ਕੀਤੀ ਜਾਣੀ ਨਿਰੰਤਰ ਜਾਰੀ ਹੈ। ਖ਼ਜ਼ਾਨਾ ਤਾਂ ਹਰ ਵਰ੍ਹੇ 31 ਮਾਰਚ ਨੂੰ ਖ਼ਾਲੀ ਹੋ ਜਾਂਦਾ ਹੈ। ਸਮੇਂ ਦੀਆਂ ਸਰਕਾਰਾਂ ਕਰਜ਼ਾ ਚੁੱਕਦੀਆਂ ਹਨ। ਓਵਰ ਡਰਾਫਟ ਲੈਂਦੀਆਂ ਹਨ। ਤਨਖ਼ਾਹਾਂ ਦਿੰਦੀਆਂ ਹਨ। ਹੋਰ ਕੰਮ ਚਲਾਉਂਦੀਆਂ ਹਨ। ਇਹ ਕੰਮ ਰੋਜ਼ਮਰਾ ਦੇ ਹਨ, ਪਰ ਸਰਕਾਰ ਜਦੋਂ ਖ਼ਜ਼ਾਨੇ ਉੱਤੇ ਵਾਧੂ ਬੋਝ ਪਾਉਂਦੀ ਹੈ, ਤਾਂ ਉਹ ਲੋਕਾਂ ਨੂੰ ਰੜਕਦਾ ਹੈ। ਮੌਕੇ ਦੀ ਸਰਕਾਰ ਨੇ ਵੀ ਬੋਝ ਲੋਕਾਂ ਉੱਤੇ ਬੇਵਜ੍ਹਾ ਪਾਉਣਾ ਸ਼ੁਰੂ ਕੀਤਾ ਹੋਇਆ ਹੈ। ਸਲਾਹਕਾਰਾਂ ਦੀ ਫ਼ੌਜ ਭਰਤੀ ਕਰ ਲਈ ਗਈ ਹੈ। ਉਹਨਾਂ ਦੇ ਖ਼ਰਚਿਆਂ ਦਾ ਬੋਝ ਲੋਕਾਂ ਨੂੰ ਰੜਕਦਾ ਹੈ।**



ਗੁਰਮੀਤ ਸਿੰਘ ਪਲਾਹੀ
91-98158-02070

ਖ਼ਾਲੀ ਖ਼ਜ਼ਾਨਾ ਹੋਣ ਦਾ ਬਹਾਨਾ ਲਾ ਕੇ ਕੈਪਟਨ ਦੀ ਸਰਕਾਰ ਕਿੰਨਾ ਹੋਰ ਸਮਾਂ ਆਪਣੇ ਕੀਤੇ ਵਾਅਦਿਆਂ ਨੂੰ ਲਾਗੂ ਕਰਨ ਤੋਂ ਟਾਲਾ ਵੱਟਦੀ ਰਹੇਗੀ? ਨੌਜਵਾਨ ਆਮ ਤੌਰ 'ਤੇ ਹੁਣ ਸਵਾਲ ਕਰਦੇ ਹਨ ਕਿ ਉਹਨਾਂ ਨੂੰ 2500 ਰੁਪਏ ਦਾ ਮਹਿੰਗਾਈ ਭੱਤਾ ਕਦੋਂ ਮਿਲਣ ਲੱਗੇਗਾ? ਆਮ ਲੋਕ ਪੁੱਛਦੇ ਹਨ ਕਿ 500 ਰੁਪਏ ਮਾਸਿਕ ਪ੍ਰਾਪਤ ਕਰਨ ਵਾਲੇ ਬਜ਼ੁਰਗ ਪੈਨਸ਼ਨ ਧਾਰਕਾਂ ਨੂੰ 2000 ਰੁਪਏ ਮਹੀਨਾ ਪੈਨਸ਼ਨ ਮਿਲਣ ਦੇ ਵਾਅਦੇ ਨੂੰ ਬੂਰ ਕਦੋਂ ਪਵੇਗਾ? ਪੰਜਾਬ ਦੇ ਹਰ ਘਰ 'ਚ ਇੱਕ ਨੌਕਰੀ, ਕਿਸਾਨਾਂ ਦੇ ਕਰਜ਼ੇ ਦੀ ਮੁਆਫ਼ੀ, ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦੀ ਗੱਲ ਕਦੋਂ ਪੂਰੀ ਹੋਵੇਗੀ?

ਲੋਕਾਂ ਦੇ ਮਨਾਂ 'ਚ ਇੱਕ ਕਾਹਲ ਹੈ, ਪੰਜਾਬ ਦੇ ਹਾਲਾਤ ਚੰਗੇ ਦੇਖਣ ਦੀ, ਵਾਅਦਿਆਂ ਦੀ ਪੂਰਤੀ ਦਿਨਾਂ 'ਚ ਪੂਰੀਆਂ ਹੋਣ ਦੀ। ਸਰਕਾਰ ਆਖਦੀ ਹੈ ਕਿ ਉਹ ਫ਼ੈਸਲੇ ਲੈ ਰਹੀ ਹੈ। ਕੁਝ ਮੁੱਦੇ, ਮਸਲੇ ਨਿਰਾ ਵੱਡੇ ਖ਼ਰਚ ਨਾਲ ਜੁੜੇ ਹੋਏ ਹਨ। ਉਹਨਾਂ ਸੰਬੰਧੀ ਸਰਕਾਰ ਕਹਿੰਦੀ ਹੈ ਕਿ ਕਮਿਸ਼ਨ ਬਿਠਾ ਦਿੱਤਾ ਹੈ (ਜਿਵੇਂ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਲਈ), ਪਰ ਲੋਕਾਂ ਲਈ ਇਹਨਾਂ ਕਮਿਸ਼ਨਾਂ ਦੇ ਕੀ ਮਾਅਨੇ? ਉਹ ਕੰਮ, ਜਿਹੜੇ ਬਿਨਾਂ ਪੈਸੇ ਖ਼ਰਚਿਆਂ ਪੂਰੇ ਹੋਣ ਵਾਲੇ ਸਨ, ਉਹਨਾਂ ਪ੍ਰਤੀ ਸਰਕਾਰ ਦੀ ਉਦਾਸੀਨਤਾ ਅਤੇ ਲਟਕਾਪੁਣਾ ਲੋਕਾਂ ਨੂੰ ਚੰਗਾ ਨਹੀਂ ਲੱਗ ਰਿਹਾ। ਭਲਾ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ 'ਚ ਸਰਕਾਰ ਦਾ ਕੀ ਲੱਗਣਾ ਹੈ? ਪੰਜਾਬੀ ਭਾਸ਼ਾ ਨੂੰ ਰਾਜ 'ਚ ਪੂਰੀ ਤਰ੍ਹਾਂ ਲਾਗੂ ਕਰਨ ਲਈ ਕਿਹੜੇ ਪੈਸਿਆਂ ਦੀ ਲੋੜ ਹੈ? ਅਮਨ-ਕਨੂੰਨ ਦੀ ਸਥਿਤੀ ਨੂੰ ਥਾਂ ਸਿਰ ਕਰਨ, ਗੁੰਡਾ ਅਨਸਰਾਂ ਨੂੰ ਨੱਥ ਪਾਉਣ ਲਈ ਸਰਕਾਰ ਨੂੰ ਕਿਹੜੇ ਵੱਡੇ ਖ਼ਜ਼ਾਨੇ ਦੀ ਲੋੜ ਹੈ? ਨਿੱਤ ਵੱਡੇ-ਵੱਡੇ ਗੁੰਡਾਗਰਦੀ ਦੇ ਕਾਰੇ ਹੋ ਰਹੇ ਹਨ, ਆਪਸੀ ਦੁਸ਼ਮਣੀਆਂ ਨਾਲ ਕਤਲ ਹੋ ਰਹੇ ਹਨ, ਪਰ ਥੋਕ ਦੇ ਭਾਅ ਪੁਲਸ ਅਫ਼ਸਰਾਂ ਦੇ ਤਬਾਦਲੇ ਹੋ ਰਹੇ ਹਨ। ਅਜਿਹੇ 'ਚ ਲੋਕ ਸਮਝਣ ਲੱਗ ਪਏ ਹਨ ਕਿ ਪਹਿਲੀ 10 ਵਰ੍ਹਿਆਂ ਵਾਲੀ ਸਰਕਾਰ ਨਾਲੋਂ ਹੁਣ ਦੀ ਸਰਕਾਰ ਭਲਾ ਕੀ ਵੱਖਰਾ ਕਰ ਰਹੀ ਹੈ? ਰੇਤ ਮਾਫੀਆ 'ਚ ਚਿਹਰੇ ਬਦਲ ਗਏ ਹਨ। ਰੇਤਾ ਹੋਰ ਮਹਿੰਗਾ ਹੋ ਗਿਆ ਹੈ। ਸਾਂਝੇ ਵਿਕਾਸ ਦੇ ਪੰਚਾਇਤੀ ਕੰਮ ਠੱਪ ਹੋ ਗਏ ਹਨ। ਟਰੱਕ ਯੂਨੀਅਨਾਂ ਦੇ ਨਵੇਂ ਕਾਂਗਰਸ-ਪੱਖੀ ਪ੍ਰਧਾਨਾਂ ਨੇ ਯੂਨੀਅਨਾਂ ਉੱਤੇ ਕਬਜ਼ੇ ਕਰ ਲਏ ਹਨ। ਨਵੇਂ ਹਾਕਮਾਂ ਦੇ ਸਮੱਰਥਕਾਂ ਵੱਲੋਂ ਕੀਤੀਆਂ ਜਾ ਰਹੀਆਂ ਧੱਕੇ-ਧੌਂਸ ਦੀਆਂ ਘਟਨਾਵਾਂ 'ਚ ਨਿੱਤ ਵਾਧਾ ਹੋ ਰਿਹਾ ਹੈ।

ਨਿੱਤ ਨਵੀਂਆਂ ਘਟਨਾਵਾਂ ਵਾਪਰਦੀਆਂ ਹਨ। ਇਹਨਾਂ ਵਿੱਚੋਂ ਕੁਝ ਘਟਨਾਵਾਂ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣਦੀਆਂ ਹਨ ਅਤੇ ਬਹੁਤੀਆਂ ਸਮੇਂ ਦੀ ਪੈੜ-ਚਾਲ 'ਚ ਦੰਦ-ਕਥਾ ਤਾਂ ਬਣਦੀਆਂ ਹਨ, ਪਰ ਚਰਚਾ 'ਚ ਨਹੀਂ ਆਉਂਦੀਆਂ। ਵੇਖੋ ਨਾ, 'ਦੇਸ਼ ਦੇ ਨੇਤਾ' ਦੀ ਦੋ ਕਰੋੜ ਰੁਪਏ ਦੇ ਲੈਣ-ਦੇਣ ਦੀ ਗੱਲ ਮੀਡੀਆ ਵੱਲੋਂ ਧੂਤੂ ਫੜ ਕੇ ਪਿੱਟੀ ਜਾਂਦੀ ਹੈ, ਪਰ ਖ਼ੁਦਕੁਸ਼ੀਆਂ ਕਰਨ ਵਾਲੇ ਕਿਸਾਨ ਦੀ ਫੋਟੋ ਸਮੇਤ ਛੋਟੀ ਜਿਹੀ ਖ਼ਬਰ ਛਪ ਜਾਂਦੀ ਹੈ ਜਾਂ ਬਹੁਤਿਆਂ ਨੂੰ ਖ਼ਬਰ ਵੀ ਨਸੀਬ ਨਹੀਂ ਹੁੰਦੀ। ਬੱਸ ਉਸ ਦੀ ਲਾਸ਼ ਚੁੱਕੀ ਜਾਂਦੀ ਹੈ, ਸ਼ਮਸ਼ਾਨ ਘਾਟ 'ਚ ਪਹੁੰਚਾਈ ਜਾਂਦੀ ਹੈ, ਥਾਣੇ-ਕਚਹਿਰੀ ਦੇ ਚੱਕਰਾਂ 'ਚ ਪੈਣ ਦੇ ਡਰੋਂ ਪੰਚਾਇਤੀ ਸਹਿਮਤੀ ਨਾਲ ਅਗਨ ਭੇਟ ਕਰ ਦਿੱਤੀ ਜਾਂਦੀ ਹੈ, ਪਰ ਨਵੀਂ ਸਰਕਾਰ ਦੀ ਇਸ ਸੰਵੇਦਨਸ਼ੀਲ ਖ਼ਬਰ 'ਤੇ ਚੁੱਪੀ ਪ੍ਰੇਸ਼ਾਨ ਕਰਦੀ ਹੈ।

ਕੀ ਇਹ ਘਟਨਾ ਛੋਟੀ ਹੈ? ਇਹ ਦੋ ਕਰੋੜੀ ਰਿਸ਼ਵਤ ਜਾਂ ਕਿਸੇ ਨੇਤਾ ਦੇ ਦਰਬਾਰ ਸਾਹਿਬ ਮੱਥਾ ਟੇਕਣ ਜਾਣ ਜਾਂ ਦੁਰਗਿਆਣਾ ਮੰਦਰ 'ਚ ਫੇਰੀ ਪਾਉਣ ਦੀ ਖ਼ਬਰ ਤੋਂ ਘੱਟ ਹੈ? ਪਰ ਕਿਉਂਕਿ ਖ਼ਬਰ ਆਮ ਆਦਮੀ ਦੀ ਹੈ, ਜਿਹੜਾ ਭੁੱਖ ਨਾਲ ਮਰ ਰਿਹਾ ਹੈ, ਜਿਹੜਾ ਛੱਤੋਂ ਵਿਰਵਾ ਹੈ, ਜਿਹੜਾ ਬੱਚਿਆਂ ਨੂੰ ਸਕੂਲ ਦੀਆਂ ਕਿਤਾਬਾਂ ਲੈ ਕੇ ਦੇਣ ਤੋਂ ਵੀ ਅਸਮਰੱਥ ਹੈ, ਇਸ ਕਰ ਕੇ ਇਹ ਖ਼ਬਰ ਨਹੀਂ ਛਪਦੀ, ਸਰਕਾਰੀ ਟੇਬਲਾਂ 'ਤੇ ਨਹੀਂ ਪੁੱਜਦੀ। ਇਹ ਉੱਪਰਲਿਆਂ ਦੀ ਚਰਚਾ ਦਾ ਬਿੰਦੂ ਵੀ ਨਹੀਂ ਬਣਦੀ। ਇਹ ਕਲਮਕਾਰਾਂ ਲਈ ਭਖਵਾਂ ਵਿਸ਼ਾ ਨਹੀਂ ਬਣਦੀ।

ਵੇਖੋ ਨਾ, ਪੰਜਾਬ ਪਿਛਲੇ ਇੱਕ ਸਾਲ ਤੋਂ ਵੱਧ ਸਮਾਂ ਚੋਣਾਂ ਦੀ ਗਰਮੀ 'ਚ ਤਪਦਾ ਰਿਹਾ। ਲੋਕ ਨਵੀਂ ਸਰਕਾਰ ਲਈ ਟਿੱਲ ਲਾਉਂਦੇ ਰਹੇ। ਜ਼ੋਰ ਲਗਾ ਕੇ ਹਈ-ਸ਼ਾ ਕਰਦੇ ਰਹੇ। ਵਾਅਦੇ ਸੁਣਦੇ ਰਹੇ। ਗੱਲਾਂ ਵੀ ਨੇਤਾਵਾਂ ਦੀਆਂ ਮੰਨਦੇ ਰਹੇ। ਨਵੀਂ ਸਰਕਾਰ ਬਣੀ। ਬੱਲੇ-ਬੱਲੇ ਹੋਈ। ਚਿਹਰੇ ਬਦਲੇ। ਸਲਾਹਕਾਰ ਨਵੇਂ ਆਏ। ਕੀ ਕੁਝ ਬਦਲਿਆ? ਸਰਕਾਰੀ ਦਫ਼ਤਰਾਂ 'ਚ ਉਹੀ ਵਤੀਰਾ ਹੈ। ਆਮ ਆਦਮੀ ਨੂੰ ਰਾਹਤ ਦੀ ਉਡੀਕ ਹੈ। ਕੱਚੇ ਮੁਲਾਜ਼ਮਾਂ ਨੂੰ ਪੱਕੇ ਹੋਣ ਦੀ ਤਾਂਘ ਹੈ। ਪੱਕਿਆਂ ਨੂੰ ਵੱਖ-ਵੱਖ ਸਹੂਲਤਾਂ ਦੀ ਪ੍ਰਾਪਤੀ ਦੀ ਆਸ ਹੈ। ਕਿਸਾਨਾਂ ਨੂੰ ਕਰਜ਼ਾ ਮੁਆਫ਼ੀ, ਬੇਰੁਜ਼ਗਾਰਾਂ ਨੂੰ ਨੌਕਰੀ, ਭੁੱਖਿਆਂ ਨੂੰ ਰੋਟੀ, ਮਹਿੰਗਾਈ ਦੇ ਪੁੜਾਂ 'ਚ ਪਿੱਸਦਿਆਂ ਨੂੰ ਕੁਝ ਤਾਂ ਮਿਲਣਾ ਹੀ ਚਾਹੀਦਾ ਹੈ। ਉਹ ਸੋਚਦੇ ਹਨ, ਪਰ ਉਹਨਾਂ ਦੀ ਸੋਚ ਨੂੰ ਬੂਰ ਕਦੋਂ ਪਵੇਗਾ?

ਬਹੁਤ ਹੀ ਤਾਂਘ ਸੀ ਲੋਕਾਂ ਨੂੰ ਪੁਰਾਣਿਆਂ ਨੂੰ ਲਾਹੁਣ ਅਤੇ ਨਵਿਆਂ ਨੂੰ ਗੱਦੀ ਉੱਤੇ ਸਜਾਉਣ ਦੀ। ਇਸ ਵਿੱਚ ਲੋਕਾਂ ਨੇ ਕਾਮਯਾਬੀ ਵੀ ਹਾਸਲ ਕਰ ਲਈ, ਜਸ਼ਨ ਵੀ ਮਨਾ ਲਏ, ਨਵੀਂ ਸਰਕਾਰ ਦੇ ਗੁੱਗੇ ਵੀ ਗਾ ਲਏ, ਪਰ ਪੱਲੇ ਕੀ ਪਿਆ ਹਾਲੇ ਤੱਕ ਲੋਕਾਂ ਦੇ? ਹੁਣੇ ਹੀ ਕਿਉਂ ਉਹਨਾਂ ਨੂੰ ਸ਼ੰਕਾ ਹੋਣ ਲੱਗ ਪਿਆ ਹੈ ਕਿ ਉਹ ਕਿਧਰੇ ਠੱਗੇ ਤਾਂ ਨਹੀਂ ਗਏ?

ਘਟਨਾਵਾਂ ਛੋਟੀਆਂ ਹਨ, ਪਰ ਧਿਆਨ ਮੰਗਦੀਆਂ ਹਨ। ਕੈਪਟਨ ਨੇ ਪੰਜਾਬੀ ਸੂਬੇ ਦੇ ਮੁੱਖ ਮੰਤਰੀ ਵਜੋਂ ਅੰਗਰੇਜ਼ੀ 'ਚ ਸਹੁੰ ਚੁੱਕੀ। ਪੰਜਾਬੀ ਬੋਲੀ ਤੋਂ ਕੋਰੀ ਸਿਆਸੀ ਸ਼ਖ਼ਸ ਨੂੰ ਸਿੱਖਿਆ ਮੰਤਰੀ ਬਣਾ ਦਿੱਤਾ ਗਿਆ। ਲਾਲ ਬੱਤੀ ਕਾਰਾਂ ਤੋਂ ਲੁਹਾ ਦਿੱਤੀ, ਪਰ ਅਹਿਮ ਹੋਣ ਦੀ ਗੱਲ, ਦਿਲਾਂ ਤੋਂ ਲੱਥਣ ਦੀ ਗੱਲ ਹਾਕਮਾਂ, ਸਿਆਸੀ ਲੋਕਾਂ ਤੋਂ ਦੂਰ ਹੈ।

ਸ਼੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਮੁੱਖ ਮੰਤਰੀ ਆਪਣੇ ਮੰਤਰੀਆਂ, ਵਿਧਾਇਕਾਂ ਸਮੇਤ ਮੱਥਾ ਟੇਕਣ ਗਏ, ਸਧਾਰਨ ਸ਼ਖਸ ਦੇ ਤੌਰ 'ਤੇ ਨਹੀਂ, ਵੀ ਆਈ ਪੀ ਦੇ ਤੌਰ 'ਤੇ। ਇੱਕੋ ਮੰਤਰੀ ਮਨਪ੍ਰੀਤ ਸਿੰਘ ਬਾਦਲ ਸੰਗਤ 'ਚ ਜਾ ਕੇ ਮੱਥਾ ਟੇਕਣ ਗਿਆ, ਬਾਕੀ ਸਾਰੇ ਵੀ ਆਈ ਪੀ ਬਣੇ ਰਹੇ। ਵੱਡਿਆਂ ਨਾਲ ਫੋਟੋ ਖਿਚਾਉਂਦੇ ਰਹੇ। ਬਾਬੇ ਦੇ ਦਰ ਉੱਤੇ ਮੱਥਾ ਟੇਕਣਾ ਤਾਂ ਇੱਕ ਰਸਮ ਜਿਹੀ ਬਣ ਗਈ।

ਖ਼ਜ਼ਾਨਾ ਖ਼ਾਲੀ ਹੋਣ ਦੀ ਗੱਲ ਸਰਕਾਰ ਵੱਲੋਂ ਕੀਤੀ ਜਾਣੀ ਨਿਰੰਤਰ ਜਾਰੀ ਹੈ। ਖ਼ਜ਼ਾਨਾ ਤਾਂ ਹਰ ਵਰ੍ਹੇ 31 ਮਾਰਚ ਨੂੰ ਖ਼ਾਲੀ ਹੋ ਜਾਂਦਾ ਹੈ। ਸਮੇਂ ਦੀਆਂ ਸਰਕਾਰਾਂ ਕਰਜ਼ਾ ਚੁੱਕਦੀਆਂ ਹਨ। ਓਵਰ ਡਰਾਫਟ ਲੈਂਦੀਆਂ ਹਨ। ਤਨਖ਼ਾਹਾਂ ਦਿੰਦੀਆਂ ਹਨ। ਹੋਰ ਕੰਮ ਚਲਾਉਂਦੀਆਂ ਹਨ। ਇਹ ਕੰਮ ਰੋਜ਼ਮਰਾ ਦੇ ਹਨ, ਪਰ ਸਰਕਾਰ ਜਦੋਂ ਖ਼ਜ਼ਾਨੇ ਉੱਤੇ ਵਾਧੂ ਬੋਝ ਪਾਉਂਦੀ ਹੈ, ਤਾਂ ਉਹ ਲੋਕਾਂ ਨੂੰ ਰੜਕਦਾ ਹੈ। ਮੌਕੇ ਦੀ ਸਰਕਾਰ ਨੇ ਵੀ ਬੋਝ ਲੋਕਾਂ ਉੱਤੇ ਬੇਵਜ੍ਹਾ ਪਾਉਣਾ ਸ਼ੁਰੂ ਕੀਤਾ ਹੋਇਆ ਹੈ। ਸਲਾਹਕਾਰਾਂ ਦੀ ਫ਼ੌਜ ਭਰਤੀ ਕਰ ਲਈ ਗਈ ਹੈ। ਉਹਨਾਂ ਦੇ ਖ਼ਰਚਿਆਂ ਦਾ ਬੋਝ ਲੋਕਾਂ ਨੂੰ ਰੜਕਦਾ ਹੈ।

ਜਦੋਂ ਸਰਕਾਰ ਕੋਲ ਆਈ ਏ ਐੱਸ ਅਫ਼ਸਰ ਹਨ, ਆਈ ਪੀ ਐੱਸ ਪੁਲਸ ਅਫ਼ਸਰ ਹਨ, ਸੀਨੀਅਰ ਮੁਲਾਜ਼ਮ ਹਨ, ਲੋਕਾਂ ਦੇ ਚੁਣੇ ਹੋਏ ਸਿਆਣੇ ਵਿਧਾਇਕ ਹਨ, ਫਿਰ ਸਿਆਣੇ ਮੁੱਖ ਮੰਤਰੀ ਜੀ ਨੂੰ ਸਲਾਹਕਾਰਾਂ ਦੀ ਫ਼ੌਜ ਦੀ ਕੀ ਜ਼ਰੂਰਤ ਸੀ? ਕੀ ਉਹ ਚੁਣੇ ਹੋਏ ਲੋਕ ਕਾਬਲ ਨਹੀਂ? ਕੀ ਵਿਧਾਇਕਾਂ ਦੀਆਂ ਸਲਾਹਾਂ, ਮੰਤਰੀਆਂ ਦਾ ਕੰਮ-ਕਾਰ ਮੁੱਖ ਮੰਤਰੀ ਪਸੰਦ ਨਹੀਂ ਕਰਦੇ?

ਮੌਜੂਦਾ ਭਾਰਤੀ ਲੋਕਤੰਤਰ ਵਿੱਚ ਵਿਧਾਇਕਾਂ, ਮੰਤਰੀਆਂ ਨੂੰ ਖੂੰਜੇ ਲਾ ਕੇ ਸਲਾਹਕਾਰਾਂ, ਕੁਝ ਚੁਣਵੇਂ ਅਫ਼ਸਰਾਂ ਨਾਲ ਰਾਜ-ਭਾਗ ਚਲਾਉਣ ਦੀ ਪਿਰਤ ਕੇਂਦਰ ਵਿੱਚ ਵੀ ਭਾਰੂ ਹੈ ਅਤੇ ਰਾਜਾਂ ਵਿੱਚ ਵੀ ਭਾਰੂ ਹੁੰਦੀ ਜਾ ਰਹੀ ਹੈ। ਇਹ ਪਿਰਤ ਮੁੱਖ ਸਿਆਸੀ ਨੇਤਾਵਾਂ ਤੋਂ, ਵਿਧਾਇਕਾਂ/ਸਾਂਸਦਾਂ ਤੋਂ ਲੋਕਾਂ ਦੀ ਦੂਰੀ ਦਾ ਕਾਰਨ ਬਣਦੀ ਜਾ ਰਹੀ ਹੈ। ਤਦੇ ਲੋਕਾਂ ਦੇ ਮੁੱਦੇ, ਸਮੱਸਿਆਵਾਂ, ਚੋਣ ਵਾਅਦੇ ਰੱਦੀ ਦੀ ਟੋਕਰੀ 'ਚ ਸੁੱਟ ਦਿੱਤੇ ਜਾਂਦੇ ਹਨ ਅਤੇ ਆਮ ਆਦਮੀ ਵਾਅਦਿਆਂ ਦੀ ਪੂਰਤੀ ਲੱਭਦਾ ਪ੍ਰੇਸ਼ਾਨ ਹੋ ਕੇ ਪਿਛਲੀ ਸਰਕਾਰ ਨੂੰ ਬਦਲ ਕੇ ਅਗਲੀ ਸਰਕਾਰ ਨੂੰ ਬਦਲਣ ਦੇ ਰਾਹ ਤੁਰ ਪੈਂਦਾ ਹੈ।

ਕੀ ਪੰਜਾਬ ਦੀ ਮੌਜੂਦਾ ਸਰਕਾਰ ਲੋਕ-ਮਨਾਂ 'ਚ ਉਪਜ ਰਹੇ ਸ਼ੰਕਿਆਂ ਦੀ ਨਵਿਰਤੀ ਲਈ ਲੋਕ-ਹਿੱਤੂ ਠੋਸ ਕਦਮ ਪੁੱਟਣ ਦੇ ਰਾਹ ਤੁਰੇਗੀ ਜਾਂ ਬਹਾਨੇ ਲਾ ਕੇ ਅੱਖਾਂ ਮੀਟ ਕੇ ਦਿਨ-ਕਟੀ ਕਰਨ ਦੇ ਰਾਹ ਤੁਰਦੀ ਰਹੇਗੀ?

# ਸਾਨੂੰ ਵੀ ਪੁੱਛੋ : ਦੇਸ਼ ਨੂੰ ਕਿਹੋ ਜਿਹਾ ਰਾਸ਼ਟਰਪਤੀ ਚਾਹੀਦੈ?

**ਮੂਲ : ਗਿਰੀਰਾਜ ਕਿਸ਼ੋਰ**
**ਪੰਜਾਬੀ ਰੂਪ : ਗੁਰਮੀਤ ਪਲਾਹੀ**

ਵਿਰੋਧੀ ਦਲ ਜਾਗੇ ਹਨ। ਜਾਗੇ ਵੀ ਹਨ ਜਾਂ ਨਹੀਂ, ਕਹਿਣਾ ਔਖਾ ਹੈ। ਪਿਛਲੇ ਦਿਨੀਂ ਸ਼ਿਵ ਸੈਨਾ ਦੇ ਬੁਲਾਰੇ ਕਹਿ ਰਹੇ ਸਨ ਕਿ ਉਨ੍ਹਾਂ ਦੀ ਪਹਿਲ ਤਾਂ ਸੰਘ ਦੇ ਮੁੱਖ ਸੰਚਾਲਕ ਮੋਹਨ ਭਾਗਵਤ ਜੀ ਹੀ ਹਨ, ਜੋ ਹੁਣ ਵਾਲੀ ਸਰਕਾਰ ਦੀਆਂ ਮਨ ਦੀਆਂ ਬਾਤਾਂ ਦੀ ਪੂਰਤੀ ਲਈ ਸਹਾਇਕ ਹੋ ਸਕਦੇ ਹਨ। ਅਮਿਤ ਸ਼ਾਹ ਨੇ ਕਿਹਾ ਹੈ ਕਿ ਜਦੋਂ ਪੱਛਮੀ ਬੰਗਾਲ, ਕੇਰਲ ਅਤੇ ਉੜੀਸਾ ਜਿੱਤ ਲਵਾਂਗੇ, ਤਦ ਸੁਨਹਿਰੀ ਯੁੱਗ ਆ ਜਾਏਗਾ। ਪਹਿਲਾਂ ਉਹ ਉੱਤਰ ਪ੍ਰਦੇਸ਼ ਦੇ ਲਈ ਕਹਿੰਦੇ ਸਨ ਕਿ ਦਿੱਲੀ ਦਾ ਰਾਹ ਯੂ ਪੀ ਤੋਂ ਹੋ ਕੇ ਜਾਂਦਾ ਹੈ। ਅਗਲੀ ਚੜ੍ਹਾਈ ਸੁਨਹਿਰੇ ਯੁੱਗ ਵੱਲ ਹੈ। ਸੁਨਹਿਰੇ ਯੁੱਗ ਦਾ ਸੰਬੰਧ ਦੇਸ਼ ਦੀ ਜਨਤਾ ਨਾਲ ਹੈ ਜਾਂ ਸਰਕਾਰ ਦੇ ਸੁਨਹਿਰੇ ਯੁੱਗ ਨਾਲ!ਜਨਤਾ ਦਾ ਸੁਨਹਿਰਾ ਯੁੱਗ ਕਦੇ ਰਿਹਾ ਹੋਵੇ ਜਾਂ ਨਾ ਰਿਹਾ ਹੋਵੇ, ਕਦੇ ਆਏਗਾ, ਪਤਾ ਨਹੀਂ। ਸਰਕਾਰ ਦੇ ਸੁਨਹਿਰੇ ਯੁੱਗ ਦਾ ਜੁਗਾੜ ਰਾਸ਼ਟਰਪਤੀ ਦੀ ਚੋਣ ਤੋਂ ਬਾਅਦ ਹੋ ਸਕਦਾ ਹੈ। ਜੇਕਰ ਭਾਗਵਤ ਰਾਸ਼ਟਰਪਤੀ ਬਣ ਜਾਣ ਅਤੇ ਸੁਨਹਿਰੇ ਯੁੱਗ ਤੱਕ ਪਹੁੰਚਣ ਦੀਆਂ 'ਸ਼ਾਹ' ਦੀਆਂ ਦੱਸੀਆਂ ਤਿੰਨ ਪੌੜੀਆਂ ਉਹ ਚੜ੍ਹ ਗਏ, ਤਾਂ ਸੰਵਿਧਾਨ ਵਿੱਚ ਦੋ ਸੋਧਾਂ ਤਤਕਾਲ ਸੰਭਵ ਹਨ; ਹਿੰਦੂ ਰਾਸ਼ਟਰ ਦੀ ਚੜ੍ਹਤ ਅਤੇ ਧਰਮ-ਨਿਰਪੱਖਤਾ ਦੀ ਨੀਵਾਣ। ਭਾਗਵਤ ਰਾਸ਼ਟਰਪਤੀ ਨਹੀਂ ਵੀ ਬਣ ਸਕਦੇ, ਕਿਉਂਕਿ ਸੰਘ ਦੇ ਨਿਯਮਾਂ ਦੇ ਅਨੁਸਾਰ ਉਹ ਸਰਕਾਰੀ ਅਹੁਦਾ ਨਹੀਂ ਲੈ ਸਕਦੇ, ਇਹ ਕਿਹਾ ਜਾ ਰਿਹਾ ਹੈ, ਪਰ ਇਸ ਸਮੇਂ ਤਾਂ ਸੰਘੀਆਂ ਦੀਆਂ ਪੌਂ-ਬਾਰਾਂ ਹਨ। ਭਾਜਪਾ ਦੀ ਮੈਂਬਰੀ ਲੈ ਕੇ ਉਹ ਅਹੁਦਿਆਂ ਉੱਤੇ ਬਿਰਾਜਮਾਨ ਹਨ। ਜਿਸ ਦੋਹਰੀ ਨਾਗਰਿਕਤਾ ਦਾ ਪ੍ਰਧਾਨ ਮੰਤਰੀ ਪਰਵਾਸੀ ਭਾਰਤੀਆਂ ਨੂੰ ਯਕੀਨ ਦੁਆਉਂਦੇ ਹਨ, ਉਹ ਸਰਕਾਰ ਅਤੇ ਸੰਘ ਦੇ ਸੰਦਰਭ ਵਿੱਚ ਸਾਕਾਰ ਹੋਈਆਂ ਹਨ।

ਜੇਕਰ ਭਾਗਵਤ ਆਪਣੀ ਗੱਲ ਦੇ ਪ੍ਰਤੀ ਗੰਭੀਰ ਹਨ, ਤਾਂ ਸ਼ਿਵ ਸੈਨਾ ਨੇ ਉਸ ਦਾ ਬਦਲ/ਤੋੜ ਵੀ ਲੱਭ ਲਿਆ ਹੈ। ਸ਼ਿਵ ਸੈਨਾ ਦੇ ਬੁਲਾਰੇ ਸ਼ਰਦ ਪਵਾਰ ਦਾ ਗੁਣ ਗਾਇਣ ਕਰ ਹੀ ਰਹੇ ਸਨ ਕਿ ਦੋ ਨਾਂਅ ਹੋਰ ਆ ਗਏ : ਇੱਕ ਜਨਤਾ ਦਲ ਦੇ ਨੇਤਾ ਸ਼ਰਦ ਯਾਦਵ ਦਾ, ਦੂਸਰਾ ਗੋਪਾਲ ਕ੍ਰਿਸ਼ਨ ਗਾਂਧੀ ਦਾ। ਉਹ ਨਾ ਕਿਸੇ ਪਾਰਟੀ ਵਿੱਚ ਹਨ, ਨਾ ਕਿਸੇ ਵਿਚਾਰਧਾਰਾ ਨਾਲ ਜੁੜੇ ਹੋਏ ਹਨ। ਇਸ ਸਮੇਂ ਗ਼ੈਰ-ਮੁਸਲਿਮ ਅਤੇ ਹਿੰਦੂਆਂ ਦੇ ਹੱਕ 'ਚ ਮਾਹੌਲ ਹੈ।

ਦਿੱਲੀ ਨਗਰ ਨਿਗਮ ਦੀਆਂ ਚੋਣਾਂ ਵਿੱਚ ਇਸ ਮਾਹੌਲ ਨੇ ਬਹੁਤ ਕੰਮ ਕੀਤਾ ਹੈ। ਕਹਿੰਦੇ ਹਨ, ਮਸ਼ੀਨ ਅਤੇ ਉਹਨਾਂ 'ਚ ਗੱਠਜੋੜ ਸੀ। ਜਿਵੇਂ ਹਾਈ ਕੋਰਟ ਨੇ ਨਦੀਆਂ ਨੂੰ ਇਨਸਾਨ ਦਾ ਦਰਜਾ ਦਿੱਤਾ ਹੈ, ਚੋਣ ਕਮਿਸ਼ਨ ਨੇ ਮਸ਼ੀਨ ਨੂੰ ਉਹੀ ਦਰਜਾ ਦੇ ਦਿੱਤਾ ਹੈ। ਉਹ ਲੰਡਨ ਦੇ ਬਾਦਸ਼ਾਹ ਦੀ ਤਰ੍ਹਾਂ ਕੋਈ ਗ਼ਲਤੀ ਨਹੀਂ ਕਰ ਸਕਦੀਆਂ।

ਰਾਸ਼ਟਰਪਤੀ ਕਿਹੋ ਜਿਹਾ ਹੋਵੇ, ਇਹ ਸਵਾਲ ਜਨਤਾ ਤੋਂ ਨਹੀਂ ਪੁੱਛਿਆ ਜਾ ਰਿਹਾ। ਉਹਨਾਂ ਦੀ ਤਰਫੋਂ ਸਿਆਸੀ ਪਾਰਟੀਆਂ ਆਪੇ ਨਾਂਅ ਤੈਅ ਕਰ ਰਹੀਆਂ ਹਨ। ਨੇਤਾ ਲੋਕ ਜਨਤਾ ਦੇ ਹਰ ਅਧਿਕਾਰ ਨੂੰ ਆਸਾਨੀ ਨਾਲ ਵਰਤ ਰਹੇ ਹਨ। ਸਭ ਤੋਂ ਪਹਿਲੀ ਸਲਾਹ ਪ੍ਰਧਾਨ ਮੰਤਰੀ ਅਤੇ ਸ਼ਿਵ ਸੈਨਾ ਵਿਚਾਲੇ ਹੋਈ ਸੀ। ਉਸ ਵਿੱਚ ਹੀ ਭਾਗਵਤ ਦਾ ਨਾਂਅ ਆਇਆ। ਤਦੇ ਵਿਰੋਧੀ ਦਲ ਚੌਂਕ ਗਏ ਅਤੇ ਜਾਗੇ ਸਨ। ਵਿਰੋਧੀ ਨੇਤਾ ਉਸ ਦੌੜਾਕ ਦੀ ਤਰ੍ਹਾਂ ਹਨ, ਜੋ ਤਿਆਰ ਹੋ ਕੇ ਦੌੜ ਵਿੱਚ ਹਿੱਸਾ ਲੈਣ ਲਈ ਨਿਕਲਦੇ ਹਨ। ਫਿਰ ਜਾ ਕੇ ਲੰਮੀਆਂ ਤਾਣ ਕੇ ਸੌਂ ਜਾਂਦੇ ਹਨ। ਉਹਨਾਂ ਨੂੰ ਪਤਾ ਹੈ ਕਿ ਦੇਸ਼ ਦਾ ਰਾਸ਼ਟਰਪਤੀ ਕਿਹੋ ਜਿਹਾ ਹੋਵੇ!

ਦੇਸ਼ ਦੇ ਪਹਿਲੇ ਰਾਸ਼ਟਰਪਤੀ ਨੇ ਹਿੰਦੂ ਕੋਡ ਬਿੱਲ ਨੂੰ ਵਾਪਸ ਕਰ ਦਿੱਤਾ ਸੀ, ਜਦੋਂ ਕਿ ਐਮਰਜੈਂਸੀ ਦੇ ਕਾਗਜ਼ਾਂ ਉੱਤੇ ਤੱਤਕਾਲੀਨ ਰਾਸ਼ਟਰਪਤੀ ਨੇ ਅੰਗੂਠਾ ਲਾ ਦਿੱਤਾ ਸੀ। ਹੁਣ ਜੋ ਹਾਲਾਤ ਹਨ, ਉਹ ਦਸਤਖਤ ਕਰਨ ਵਾਲੇ ਰਾਸ਼ਟਰਪਤੀ ਦੇ ਪੱਖ ਵਾਲੇ ਹਨ।

ਦੇਸ਼ ਉੱਤੇ ਬਾਹਰੀ ਖ਼ਤਰਾ ਹੋਵੇ ਨਾ ਹੋਵੇ, ਅੰਦਰੂਨੀ ਸੰਕਟ ਵਿਕਰਾਲ ਹੈ। ਦੇਸ਼ ਦੀ ਸਿੱਖਿਆ, ਸਿਹਤ, ਬੇਰੁਜ਼ਗਾਰੀ ਅਤੇ ਮਹਿੰਗਾਈ, ਜਲ ਸੰਕਟ, ਕਿਸਾਨਾਂ ਦਾ ਸੰਕਟ ਪਹਿਲ ਨਹੀਂ ਹੈ। ਗਊ ਰੱਖਿਆ, ਘੱਟ-ਗਿਣਤੀ, ਟੁੱਟੀਆਂ ਸੜਕਾਂ ਅਤੇ ਜੀ ਡੀ ਪੀ ਦੀ ਚਿੰਤਾ ਕਰਨ ਵਾਲਿਆਂ ਨੂੰ ਲੋਕਾਂ ਦੀਆਂ ਸਮੱਸਿਆਵਾਂ ਦੀ ਚਿੰਤਾ ਨਹੀਂ ਹੈ। ਹੋ ਵੀ ਨਹੀਂ ਸਕਦੀ। ਪ੍ਰਧਾਨ ਮੰਤਰੀ ਨੇ ਚੱਪਲਬਾਜ਼ਾਂ ਦੇ ਲਈ ਸਸਤਾ ਹਵਾਈ ਜਹਾਜ਼ ਉਡਾ ਦਿੱਤਾ ਹੈ। ਨੰਗੇ ਪੈਰਾਂ ਵਾਲਿਆਂ ਲਈ ਹਵਾਈ ਚੱਪਲਾਂ ਦਾ ਪ੍ਰਬੰਧ ਹੋ ਜਾਏ, ਤਾਂ ਇਹ ਉਨ੍ਹਾਂ ਲਈ ਹਵਾਈ ਜਹਾਜ਼ ਹੋ ਜਾਣਗੀਆਂ।

ਇੱਕ ਅਖ਼ਬਾਰ 'ਚ ਇੱਕ ਸਿਰਲੇਖ ਹੈ : 'ਸੰਗਠਨ ਵਿਸਥਾਰ ਨੂੰ ਦੇਣ ਵਾਲਾ ਹੋਇਆ ਰਾਸ਼ਟਰਪਤੀ ਦਾ ਉਮੀਦਵਾਰ'। ਸੰਗਠਨ ਦਾ ਮਤਲਬ ਸੰਘ ਤੋਂ ਹੈ। ਸੰਘ ਵੱਡਾ ਹੈ ਜਾਂ ਦੇਸ਼? ਰਾਸ਼ਟਰਪਤੀ ਅਤੇ ਸਰਕਾਰ ਦੋਵੇਂ ਜੇਕਰ ਸੰਘ ਨੂੰ ਹੀ ਮਜ਼ਬੂਤ ਕਰਨਗੇ, ਤਾਂ ਦੇਸ਼ ਕਿਹੜੇ ਖ਼ੂਹ 'ਚ ਡਿੱਗੇਗਾ? ਇਸੇ ਉਦੇਸ਼ ਨਾਲ ਸ਼ਿਵ ਸੈਨਾ ਨੇ ਭਾਗਵਤ ਦਾ ਨਾਮ ਪ੍ਰਸਤਾਵਤ ਕੀਤਾ ਸੀ। ਹੁਣ ਦੌਪਦੀ ਮੁਰਮੂੰ ਅਤੇ ਮਾਘਵਨ ਨਾਇਰ ਦੇ ਨਾਂਅ ਵੀ ਪ੍ਰਸਤਾਵਤ ਹੋਏ ਹਨ। ਉਹ ਸ਼ਾਇਦ ਭਾਗਵਤ ਦਾ ਵਿਕਲਪ ਹਨ। ਜੇਕਰ ਰਾਸ਼ਟਰਪਤੀ ਅਤੇ ਸਰਕਾਰ ਸੰਗਠਨ ਨੂੰ ਹੀ ਮਜ਼ਬੂਤ ਕਰਨਗੇ, ਤਾਂ ਅੱਧੀ ਤੋਂ ਜ਼ਿਆਦਾ ਜਨਤਾ ਦਾ ਕੀ ਹੋਵੇਗਾ, ਕਹਿਣਾ ਮੁਸ਼ਕਲ ਹੈ।

ਡਾ: ਰਾਧਾ ਕ੍ਰਿਸ਼ਨਨ ਇਕੱਲੇ ਹੀ ਇਹੋ ਜਿਹੇ ਰਾਸ਼ਟਰਪਤੀ ਸਨ, ਜੋ ਵਿਦਵਾਨ ਹੋਣ ਦੇ ਨਾਲ-ਨਾਲ ਚਿੰਤਕ ਵੀ ਸਨ। ਬਹੁਤੀਆਂ ਫ਼ਾਈਲਾਂ ਉੱਤੇ ਜ਼ਰੂਰਤ ਪੈਣ 'ਤੇ ਉਹ ਸੰਬੰਧਤ ਮੰਤਰੀ ਨਾਲ ਚਰਚਾ ਕਰਦੇ ਸਨ। ਸਿਆਸੀ ਪਾਰਟੀਆਂ ਤੋਂ ਆਉਣ ਵਾਲੇ ਰਾਸ਼ਟਰਪਤੀ ਪੱਖਪਾਤ ਨਿਭਾਉਂਦੇ ਹਨ। ਰਾਸ਼ਟਰਪਤੀ ਦੇ ਲਈ ਜੋ ਨਾਂਅ ਆਏ ਹਨ, ਉਹਨਾਂ ਵਿੱਚੋਂ ਗੋਪਾਲ ਕ੍ਰਿਸ਼ਨ ਗਾਂਧੀ ਹੀ ਇਹੋ ਜਿਹੇ ਹਨ, ਜੋ ਸੁਤੰਤਰ ਚਿੰਤਨ ਦੇ ਨਾਲ-ਨਾਲ ਵੱਖੋ-ਵੱਖਰੇ ਖੇਤਰਾਂ ਦਾ ਤਜਰਬਾ ਰੱਖਦੇ ਹਨ। ਮਹਾਤਮਾ ਗਾਂਧੀ ਦੇ ਪੋਤਰੇ ਹੋਣ ਦੀ ਗੱਲ, ਹੋ ਸਕਦਾ ਹੈ, ਮੌਜੂਦਾ ਹਾਕਮਾਂ ਲਈ ਕਠਿਨਾਈ ਪੈਦਾ ਕਰੇ, ਪਰ ਉਸ ਦਾ ਲਾਭ ਵੀ ਮਿਲੇਗਾ।

ਵਿਕਲਪ ਦੇ ਰੂਪ ਵਿੱਚ ਕਿਸੇ ਰਿਟਾਇਰਡ, ਸਾਫ਼ ਅਕਸ ਵਾਲੇ ਮੁੱਖ ਜੱਜ ਜਾਂ ਵਿਗਿਆਨੀ ਜਾਂ ਸਿੱਖਿਆ ਸ਼ਾਸਤਰੀ ਦੇ ਨਾਂਅ ਦੀ ਚੋਣ ਵੀ ਹੋ ਸਕਦੀ ਹੈ। ਜਦੋਂ ਲੋਕ ਗਫ਼ਲਤ ਵਿੱਚ ਹਨ, ਤਦ ਰਾਸ਼ਟਰਪਤੀ ਦੇ ਅਹੁਦੇ ਉੱਤੇ ਆਜ਼ਾਦ ਵਿਚਾਰਾਂ ਵਾਲੇ ਅਤੇ ਰਾਜਨੀਤੀ ਮੁਕਤ ਵਿਅਕਤੀ ਨੂੰ ਹੀ ਲਿਆਉਣਾ ਚਾਹੀਦਾ ਹੈ। ਡਾ: ਰਾਧਾ ਕ੍ਰਿਸ਼ਨਨ ਅਤੇ ਡਾ: ਕਲਾਮ ਦਾ ਯੋਗਦਾਨ ਸਾਡੇ ਸਾਹਮਣੇ ਹੈ।

# ਆਨੰਦ ਦਾ ਮਿਲਣਾ

ਲੰਮੀਆਂ ਲੰਮੀਆਂ ਦੁਪਹਿਰਾਂ...
ਲੰਮੀਆਂ ਲੰਮੀਆਂ...
ਬਹੁਤ ਲੰਮੀਆਂ ਲੰਮੀਆਂ...
ਵਿਹਲੀਆਂ ਦੁਪਹਿਰਾਂ।
ਕੰਮ ਕੋਈ ਨਹੀਂ।
ਮਈ ਦਾ ਮਹੀਨਾ ਚਲ ਰਿਹਾ ਹੈ।
ਗਰਮੀ ਦੇ ਦਿਨ...।

ਗਰਮ ਹਵਾ ਦੇ ਮਿੱਠੇ-ਮਿੱਠੇ ਝੋਲੇ ਬਾਰੀ ਰਾਹੀਂ ਅੰਦਰ ਆਉਂਦੇ ਹਨ ਤੇ ਪੱਖੇ ਦੀ ਹਵਾ ਦੇ ਹੁਲਾਰਿਆਂ ਨਾਲ ਮਿਲ ਕੇ ਅਜਬ ਸਕੂਨ ਦਿੰਦੇ ਹਨ। ਸੁਜਾਨ ਸਿੰਘ ਦੀ ਲਿਖੀ 'ਕੁਲਫ਼ੀ' ਕਹਾਣੀ ਦਾ ਵਾਤਾਵਰਨ ਯਾਦ ਆਉਂਦਾ ਹੈ।

ਘਰ ਵਿੱਚ ਬੱਚੇ ਖੇਡ ਰਹੇ ਹਨ, ਤਰ੍ਹਾਂ-ਤਰ੍ਹਾਂ ਦੀਆਂ ਖੇਡਾਂ। ਕਦੇ ਚੋਰ ਪਰਚੀ, ਕਦੇ ਛੂਹਣ-ਛਮੀਕਾ। ਕਦੇ ਕਦੇ ਮੈਂ ਵੀ ਉਨ੍ਹਾਂ ਨਾਲ ਚੋਰ ਪਰਚੀ ਖੇਡਦਾ ਹਾਂ। ਬੜਾ ਮਜ਼ਾ ਆਉਂਦਾ ਹੈ।

ਮੇਰੇ ਹੱਥ ਅਕਸਰ ਚੋਰ ਦੀ ਪਰਚੀ ਆਉਂਦੀ ਹੈ ਪਰ ਬਹੁਤੀ ਵਾਰ ਮੈਂ ਫੜਿਆ ਨਹੀਂ ਜਾਂਦਾਂ ਕਿਉਂਕਿ ਬੱਚੇ ਆਪਣੇ ਪਾਪਾ ਨੂੰ ਚੋਰ ਨਹੀਂ ਸਮਝਦੇ। ਕਈ ਵਾਰ ਫੜਿਆ ਵੀ ਜਾਂਦਾਂ ਹਾਂ- ਬੱਚੇ ਆਖ਼ਰ ਕਿੰਨਾ ਚਿਰ ਬਰਦਾਸ਼ਤ ਕਰਨ।
ਮੈਨੂੰ ਆਪਣੇ ਬਚਪਨ ਦੇ ਦਿਨ ਯਾਦ ਆ ਜਾਂਦੇ ਹਨ।
ਲੰਮੀਆਂ ਲੰਮੀਆਂ ਦੁਪਹਿਰਾਂ...
ਵਿਹਲ ਭਰੀਆਂ...।
ਹੁਣ ਵੀ ਕੁਝ ਨਹੀਂ ਬਦਲਿਆ।
ਬਦਲੇ ਹਾਂ ਤਾਂ ਸਿਰਫ਼ ਅਸੀਂ।
ਕਦੇ ਸਾਰਾ ਕੁਝ ਛੱਡ ਕੇ ਦੇਖੋ, ਟੀ.ਵੀ., ਮੋਬਾਇਲ। ਤੇ ਬੱਚਿਆਂ ਨਾਲ ਖੇਡ ਕੇ ਦੇਖੋ। ਇਹ ਜ਼ਿੰਦਗੀ ਆਨੰਦ ਭਰੀ ਹੈ। ਹਰ ਪਾਸੇ ਆਨੰਦ ਪਸਰਿਆ ਹੈ।



**- ਬਲਵੀਰ ਮੰਨਣ**
**91- 94173-45485**

# राज्य पुरुस्कार प्रशिक्षण और परीक्षण शिवर स्काउट और गाइड. नवोदय विद्यिालय समिति स्टेट










All pictures by Mohan Studio Jaganoo



**13–05–2017, राज्य पुरुस्कार प्रशिक्षण और परीक्षण शिविर के पहले दिन की रिपोर्ट**

13–05–2017 को जवाहर नवोदय विद्यालय, ऊधमपुर, जम्मू और कश्मीर, चंडीगढ़ संभाग, में पांच दिवयी राज्य पुरुस्कार प्रशिक्षण और परीक्षण शिविर का विधिवत्, उद्घाटन हुआ। 22 विद्यालयों के 142 स्काउट्स और 139 गाइड प्रतिभागियों के लिए इस शिविर में श्री आर0पी0 कोतवाल, संयुक्त राज्य प्रशिक्षण आयुक्त, जम्मू और कश्मीर, भारत स्काउट और गाइड, शिविर लीडर के रूप में, श्रीमती वीणा शर्मा, जिला प्रशिक्षण आयुक्त, गाइड, ऊधमपुर और श्री बलवान सिंह, जिला सचिव, भारत स्काउट और गाइड, ऊधमपुर रिसोर्स पर्सनस के रूप में पधारे। इसके अतिरिक्त इन प्रतिभागियों के प्रशिक्षण के लिए श्रीमती शालिनी नेगी, पी0ई0टी0, रूपनगर पंजाब और श्रीमती हरजीत कौर, टी0जी0टी0 सामाजिक विज्ञान, जवाहर नवोदय विद्यालय, लुधियाना पंजाब, श्री दीपेंद्र सिंह, टी0जी0टी0 पंजाबी, जवाहर नवोदय विद्यालय, सॉबा, जम्मू और कश्मीर, श्री शिंदरपाल सिंह, टी0जी0टी0 पंजाबी, जवाहर नवोदय विद्यालय, कपूरथला, पंजाब रिसोर्स पर्सनस के रूप में पधारे। इस कार्यक्रम में विशिष्ट अतिथि के रूप में श्रीमती निरंजन कौर, पी0जी0टी0 इतिहास, जवाहर नवोदय विद्यालय, जालंधर, पंजाब भी पधारीं।इन सब गणमान्य अतिथियों का प्राचार्य श्री अशोक कुमार ने सभागार में मंच पर पुष्पगुच्छ देकर स्वागत किया। उन्होंने पधारे हुए समस्त रिसोर्स पर्सनस और स्काउट्स और गाइड्स एस्कोर्ट अध्यापकों तथा स्कउट्स और गाइड्स का इस प्रशिक्षण और परीक्षण शिविर में औपचारिक स्वागत गरिमापूर्ण भाषण देकर किया। इसके बाद मंच संचालिका श्रीमतती कर्मजीत कौर पी0जी0टी0, अर्थशास्त्र, जवाहर नवोदय ऊधमपुर, जम्मू और कश्मीर ने प्राचार्य श्री अशोक कुमार, शिविर लीडर श्री आर0पी0 कोतवाल, रिसोर्स पर्सन श्री बलवान सिंह और श्रीमती वीणा शर्मा को मंच पर दीप प्रज्जवलन के लिए बुलाया। प्राचार्य अशोक कुमार सहित समस्त विद्वानों के द्वारा दीप प्रज्जवलन किया गया। उसके बाद प्राचार्य अशोक कुमार के द्वारा गणमान्य रिसोर्स पर्सनस को स्कार्फ पहनाकर सम्मानित किया। शिविर लीडर श्री आर0पी0 कोतवाल ने भी प्राचार्य श्री अशोक कुमार को स्कार्फ पहनाकर सम्मानित किया। इसके बाद मंच संचालिका श्रीमती कर्मजीत कौर ने मंच का संचालन श्री आर0पी0 कोतवाल को सौंपा। श्री आर0पी0 कोतवाल ने इस प्रशिक्षण और परीक्षण शिविर के शैक्षिक और व्यावहारिक महत्व पर प्रकाश डाला। उनके अनुसार राज्य पुरुस्कार प्रशिक्षण और परीक्षण शिविर की परीक्षा पास करने के लिए स्काउट और गाइड को पहले तीन सोपानों की परीक्षा पास करना अनिवार्य है। स्काउट और गाइड प्रतिभागियों को मूल्यांकन के लिए अपनी लॉग बुक देनी होगी फिर उनकी राष्ट्रपति पुरुस्कार कैंप में जाने की योग्यता निर्धारित की जा सकेगी। उन्होंने स्कूलों के प्रत्येक स्काउट और गाइड पेट्रोल से परिचय भी प्राप्त किया। उन्होंने स्काउट और गाइड के द्वारा परेड को सावधान–विश्राम की कमांड देने और मंच पर मुख्यातिथि को सलामी देने का सभा में अभ्यास सिखाया। इसके बाद मंच पर धन्यवाद प्रस्ताव के लिए श्री बलवान सिंह, जिला सचिव, भारत स्काउट और गाइड, ऊधमपुर आए। उन्होंने कहा कि प्रत्येक स्काउट और गाइड समाज का सच्चा रोल मॉडल होता है क्योंकि यह मानवता का आचरण करता है और इसी का संदेश प्रचारित–प्रसारित करता है। इसके बाद उनहोंने स्कार्फ को त्रिकोण आकार में बांधना सिखाया। इसके बाद कार्यक्रम के अगले हिस्से में स्काउट और गाइड का पंजीकरण किया गया। उन्हें चेस्ट नंबर दिया गया और शिविर प्रतिभागियों को शिविर का पाठ्यक्रम बताया। इस प्रकार यह शिविर का पहला दिन था।

**14–05–2017, राज्य पुरुस्कार प्रशिक्षण और परीक्षण शिविर के दूसरे दिन की गतिवधियॉं की रिपोर्ट:**

राज्य पुरुस्कार प्रशिक्षण और परीक्षण शिविर में दूसरे दिन शिक्षण–प्रशिक्षण की गतिविधियॉं नियमित रूप से चली। दूसरे दिन का आरंभ प्रातः काल शिविर प्रतिभागियों द्वारा बॉडेन पॉवल शरीरिक अभ्यास करने से हुआ। ये अभ्यास शिविर लीडर श्री आर0पी0 कोतवाल जी के द्वारा करवाए गए। 20 मिनट के व्यायाम अभ्यासों को सभी पेट्रोल प्रतिभागियों के द्वारा किया गया। शिविर की अगली गतिविधि निरीक्षण टीम के द्वारा शिविर–प्रतिभागियों के सदनों में उनके रहन–सहन, उनके द्वारा सदनों के रख–रखाव और उनकी साफ सफाई की व्यवस्था तथा उनके अनुशासन का निरीक्षण करना था। स्काउट सेक्शन का निरीक्षण रिसोर्स पर्सन श्री शिंदपाल सिंह, टी0जी0टी0, पंजाबी, जवाहर नवोदय विद्यालय, कपूरथला, पंजाब द्वारा और गाइड सेक्शन का निरीक्षण रिसोर्स पर्सन श्रीमती हरजीत कौर, टी0जी0टी0, सामाजिक विज्ञान, जवाहर नवोदय विद्यालय, लुधियाना, पंजाब द्वारा किया गया। इसके बाद शिविर की अगली गतिविधि प्रातः काल 9 बजे प्रार्थना सभा के रूप में आरंभ हुई। सबसे पहले ''दया कर दान भक्ति का हमें परमात्मा देना'' शीर्षक प्रार्थना गाई गई। उसके बाद श्री आर0पी0 कोतवाल शिविर लीडर ने ध्वजारोहण किया और पूरे कैंपस के द्वारा झंडे की सलामी दी गई। फिर सभा ने झंडा गीत ''भारत स्काउट और गाइड झंडा सदा ऊँचा रहे'' गाया। निरीक्षण टीम ने स्काउट्स और गाइड्स को शिविरि में अनुशासनपूर्ण दिनचर्या के अनुपालन का आदेश दिया । श्री आर0पी0 कोतवाल ने प्रतिभागियों को स्वच्छता, नम्रता और समय का सदुपयोग जैसे नैतिक विषयों पर भाषण दिया। उन्होंने यह भी बताया कि शिविर के झंडे की ऊँचाई 18 से 22 फीट होती है। शिविर में मौखिक संचार के अतिरिक्त सांकेतिक संचार किया जाता है। उनके अनुसार शिविर में नारों और निनाद (ललसस) का बड़ा महत्व होता है। ये ऐसे संचार होते हैं और शिविर प्रतिभागियों का मनोबल ऊँचा करते हैं। उन्होंने छात्रों से नारा भी लगवाया जो इस प्रकार था –

बने जंगल में जो मंगल उसे कैंप कहते हैं
करे निस्वार्थ जो सेवा उसे स्काउट और गाइड कहते हैं।

दूसरे दिन की कक्षाओं में शिविर में श्रीमती वीणा शम्रा ने स्वयं की देखभाल, अनुशासन, पेट्रोल और निरीक्षण, फर्स्ट एड, मैपिंग, एस्टीमेशन, नॉट्स और प्रोफिशिएंशि बैजस जैसे विषय पढ़ाए। उन्होंने प्रतिभागियों की कक्षा को ज्ञानवर्धक बनाने के अतिरिक्त मनोरंजक भी बनाया। उन्होंने प्रतिभागियों के लिए एक मधुर और प्रेरक गाना गया –

''महापुरूषों का आदर करना अच्छा लगता है,
दीन–दुखी की सेवा करना अच्छा लगता है,
अच्छे बच्चे बनना हमको अच्छा लगता है।''

इसके बाद कक्षा में श्री आर0पी0 कोतवाल जी ने शिक्षण किया। उन्होंने चरित्र–निर्माण, अनुशासन, सर्वधर्म, सम्मान जैसे नैतिक विषयों पर शिक्षण किया। इसके बाद उन्होंने छात्रों को पहले, दूसरे और तीसरे सोपान के पाठ्यक्रम की जानकारी दी। शिविर की अगली गतिविधि रात को 9 बजे कैंपफायर के रूप में हुई। इस गतिविधि में सभी एस्कोर्ट अध्यापक, विद्यालय के अध्यापक और सभी स्काउट्स और गाइड्स पधारे। कार्यक्रम की अध्यक्षता प्राचार्य श्री अशोक कुमार ने की। रात को नौ बजे खेल के मैदान में कैंपफायर की रस्म अदा की। इस कार्यक्रम में मुख्य अतिथि प्राचार्य श्री अशोक कुमार और विशिष्ट अतिथि श्रीमती निरंजन कौर, पी0जी0टी0 इतिहास, जवाहर नवोदय विद्यालय जालंधर थी। शिविर लीडर ने उनका सम्मानपूर्वक स्वागत किया। मुख्य अतिथियों के अतिरिक्त पधारे एस्कोर्ट अध्यापकवृंद

(ਬਾਕੀ ਅਗਲੇ ਸਫੇ ਤੇ)

# राज्य पुरुस्कार प्रशिक्षण और परीक्षण शिविर
# स्काउट और गाइड. नवोदय विद्यालय समिति स्टेट












All pictures by Mohan Studio Jaganoo

विकास के अर्जित करने का मंत्र दिया, जिसे सभी कैंप प्रतिभागियों ने उत्सुकतापूर्वक ग्रहण किया। उन्होंने अमेरिका में रह रहे भारतीयों का उदाहरण देते हुए कहा कि एन आर आई भारतीयों ने जीवन के प्रत्येक क्षेत्र में सफलता अपनी अर्जित शिक्षा और कौशल विकास के आधार पर की है। विद्यालय के वरिष्ठ शिक्षक डॉ0 एच0 आर 0 सिंह, पी0जी0टी0, रसायन विज्ञान ने धन्यवाद प्रस्ताव पारि करते हुए अतिथिवृंद को कोटि–कोटि धन्यवाद ज्ञापित किया और स्काउट्स और गाइड्स के कर्तव्यों पर प्रकाश डालकर उन्हें मानव–सेवा में सदैव तत्पर रहने का संदेश दिया। इस कार्यक्रम की अध्यक्षता प्राचार्य श्री अशोक कुमार ने की।

17–5–2017, राज्य पुरुस्कार प्रशिक्षण और परीक्षण शिविर पाँचवें दिन की रिपोर्ट :

सर्वधर्म प्रार्थना सभा और समापन समारोह

सबसे पहले प्रातः 9 बजे शिविर कप्तान श्री आर0पी0 कोतवाल ने सर्वधर्म समभावना पर आधारित प्रार्थना सभा आयोजित करवाई। इस प्रार्थना सभा में प्राचार्य महोदय, रिसोर्स पसर्नस, विद्यालय स्टाफ और स्काउट–गाइड प्रतिभागी सम्मिलित हुए। आधे घंटे की इस प्रार्थना सभा में भजन, सामूहिक गान और हिंदु–सिख–मुस्लिम–इसाई और बौध प्रार्थनाएं समस्त सभा ने बड़े श्रद्धा भाव से। इसके बाद कार्यक्रम का समापन समारोह सफलतापूर्वक आयोजित हुआ। यह कार्यक्रम दोपहर 2:30 बजे आरंभ हुआ। इस कार्यक्रम में मुख्य अतिथि पंजाब के मूल निवासी, एन आर आई, श्री प्रेम चुंबर, एडीटर–इन–चीफ, देश दोआबा (पंजाबी) और अंबेडकर टाइम्स (पंजाबी और अंग्रेजी), केलिफोर्निया, यू0एस0ए0 थे। उनके साथ विशिष्ट अतिथि के रूप में श्री डी0पी0 महमी, रिटायर्ड, बैंक मैनेजर, ऑरियंटल बैंक ऑफ कॉमर्स, अवाबलपुर, जालंधर और श्रीमती निरंजन कौर, पी0जी0टी0 इतिहास, जवाहर नवोदय विद्यालय, जालंधर, पंजाब पधारीं। सबसे पहले मंच पर प्राचार्य जी ने अतिथिवृंद को पुष्पगुच्छ देकर सम्मानित किया। मंच संचालिका कर्मजीत कौर, पी0जी0टी0 अर्थशास्त्र, जवाहर नवोदय विद्यालय, ऊधमपुर ने प्राचार्य महोदय को स्वागत भाषण के लिए मंच पर आमंत्रित किया गया। प्राचार्य महोदय ने मुख्य अतिथि श्री प्रेम चुंबर और विशिष्ट अतिथियों श्री डी0पी0 महमी तथा श्रीमती निरंजन कौर का कार्यक्रम में पधारने पर स्वागत किया। उनके अनुसार इस शिविर को सफल बनाने में रिसोर्स पर्सनस का अथक योगदान है। अतः वे इसके लिए उनके आभारी रहेंगे। प्राचार्य महोदय के अनुसार शिविर की शिक्षण प्रशिक्षण की गतिविधियाँ नियमित रूप से चली, जिनसे शिविर प्रतिभागियों को सकारात्मक, रचनात्मक और मानवीय बनने की अमूल्य सीख मिली। जवाहर नवोदय विद्यालय अनंतनाग की गाइड्स ने ''स्वागतम् स्वागतम् वेल्कम वेल्कम'' शीर्षक स्वागत गान प्रस्तुत करके, जवाहर नवोदय विद्यालय, कपूरथला, पंजाब की गाइड्स ने ''जलवा'' शीर्षक देशभक्ति पूर्ण गान प्रस्तुत करके सभा में समां बांध दिया। जवाहर नवोदय विद्यालय, जालंधर और लुधियाना की गाइड्स ने ''मैं वारि नी वारि मेरी समिए'' पर बहुत ही सुंदर गिद्धा प्रस्तुत किया। जवाहर नवोदय विद्यालय, लुधियाना की गाइड नेहा ने मंच पर आगमन किया और शिविर के बारे में अपने अनुभव बाँटते हुए कहा कि इस शिविर में ज्ञान के अतिरिक्त बहुभाषी और मिली जुली संस्कृति का वातावरण उपलब्ध हुआ। मंच पर इस कार्यक्रम में एक सांकेतिक संचार की गतिविधि हुई। शिविर लीडर श्री आर0पी0 कोतवाल ने मुख्य अतिथि से गाइड की कॉपी पर कोई लघु संदेश लिखने के लिए निवेदन किया। श्री प्रेम चुंबर ने एक गाइड की कॉपी पर संदेश लिखा '' आत्मविश्वासी और साहसी बनिए''। इस लिखित संदेश को गाइड ने स्काउट्स और गाइड्स के समक्ष अमौखिक भाषा या सांकेतिक चिहनों के माध्यम से समझाया। यह इशारे मूक–बधिर की भाषा से जुड़े हुए थे। स्काउट्स और गाइड्स ने गाइड के अमौखिक संचार को समझ लिया और कॉपी पर लिखकर शीघ्रता से मुख्य अतिथि को दिखाया। मुख्य अतिथि ने मूक–बधिर की भाषा में प्रस्तुत किए संदेश को ठीक ठीक संदेश में प्रकट होने पर प्रसन्नता जताई। इसके बाद कैंप के बारे में अपने विचार प्रकट करने के लिए जवाहर नवोदय विद्यालय, बारामूला के गाइड इखलाक नबी ने कैंप को एक बहुत अच्छा मंच कहा, जिसमें छात्रों के सीखने के लिए, रिसोर्स पर्सनस की अथक सेवाओं के प्रदान करने से बहुत से अवसर उपलब्ध हुए।

इसके बाद मुख्यातिथि का भाषण हुआ उन्होंने शिविर प्रतिभागियों को आत्मविश्वासी, विनम्र और अनुशासित व्यक्तित्व बनने का संदेश दिया। उन्होंने शिविर का अपना अनुभव बाँटते हुए कहा कि वे इस शिविर में आकर एक सुखद और शांतिमय अनुभव कर रहे हैं। उनके अनुसार यह शिविर अनेकता में एकता, जो कि पूरे भारत की विशेषता है, को चरितार्थ करता है। इसके बाद कार्यक्रम में पधारे रिसोर्स पर्सनस और अतिथिवृंद को प्राचार्य ने विद्यालय परिवार की ओर से स्मृति–चिह्न भेंट करके उन्हें सम्मानित–गौरान्वित किया।

कार्यक्रम के अंत में धन्यवाद प्रस्ताव के लिए मंच पर विद्यालय के वरिष्ठ शिक्षक डॉ0 एच0आर0 सिंह, पी0जी0टी0 रसायन विज्ञान पधारे। उन्होंने अतिथिवृंद और राज्य पुरूस्कार प्रशिक्षण और परीक्षण शिविर में योगदान देने के लिए सभी महानुभावों का हार्दिक आभार जताया। उन्होंने अपने धन्यवाद प्रस्ताव में यह कहा कि 'नर सेवा नारायण सेवा'। अतः स्काउट्स और गाइड्स इस प्रशिक्षण में प्राप्त शिक्षा और कौशल को जनहित में संपादित करें। अर्थात् वे कर्तव्यवान बनें। उन्होंने अपने धन्यवाद प्रस्ताव में स्काउट्स और गाइड्स को अभिप्रेरित करते गरिमापूर्ण काव्यात्मक पंक्तियां भी सुनाई।–

कदम ऐसे रखो कि निशान बन जाए
काम इस तरह करो कि पहचान बन जाए
जीते तो सभी हैं इस दुनिया में
कुछ इस तरह कर जाओ, कि दुनिया में मिसाल बन जाए।

मंच संचालन कर्मजीत कौर, पी0जी0टी0, अर्थशास्त्र, और अमित कुमार शर्मा, पी0जी0टी0, हिंदी ने किया। कार्यक्रम के अंत में ध्वजारोहण हुआ।



# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust



## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

## ਪੁਰਾਣੇ ਟਾਇਰਾਂ ਦੀ ਸੇਲ

### ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED
TIRES
WASH, LUBE, BRAKES

Call:
650-642-0697

## 3525 Highway 99, West Corning, CA 96021

Across the Street from TA Truck Stop

# 'ਛੋਟਾ ਘੱਲੂਘਾਰਾ'



ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਪੰਜਾਬ 'ਚ ਸਿੱਖ ਵਰਗ ਦਾ ਜਿਊਣਾ ਮੁਗਲ ਹਕੂਮਤ ਨੇ ਹਰਾਮ ਕਰ ਦਿੱਤਾ ਸੀ। ਉਹਨਾਂ ਦੇ ਸਿਰਾਂ ਦੇ ਇਨਾਮ ਰੱਖ ਦਿੱਤੇ ਗਏ ਤੇ ਉਹਨਾਂ ਨਾਲ ਬੜਾ ਕਰੂਰ ਵਿਵਹਾਰ ਕੀਤਾ ਜਾਂਦਾ ਸੀ। ਬਾਬਾ ਬੰਦਾ ਸਿੰਘ ਬਹਾਦਰ ਦੀਆਂ ਲੜਾਈਆਂ 'ਚ ਜਿਹੜੇ ਸਿੱਖ ਸੂਰਮੇ ਬਚੇ ਸਨ, ਉਹ ਰੂਪੋਸ਼ ਹੋ ਕੇ ਜੰਗਲਾਂ 'ਚ ਚਲੇ ਗਏ ਸਨ। ਇੱਥੋਂ ਤੱਕ ਕਿ ਉਹਨਾਂ ਨੇ ਆਪਣੀ ਪਛਾਣ ਲੁਕਾਉਣ ਲਈ, ਉਹ ਪੰਜਾਬੀ ਬੋਲੀ ਨਹੀਂ ਬੋਲਦੇ ਸਨ ਸਗੋਂ ਕੋਈ ਦੂਸਰਾ ਬੰਦਾ ਸਾਹਮਣੇ ਹੋਵੇ ਤਾਂ ਉਹ ਸਿੱਖ ਆਪਸ 'ਚ 'ਗੜਗੱਜ ਬੋਲਿਆਂ' 'ਚ ਗੱਲਾਂ ਕਰਦੇ ਸਨ ਤਾਂ ਕਿ ਦੂਸਰਾ ਬੰਦਾ ਇਹਨਾਂ ਦੀ ਭਾਸ਼ਾ ਸਮਝ ਨਾ ਸਕੇ ਕਿ ਇਹ ਲੋਕ ਪੰਜਾਬੀ ਸਿੱਖ ਹਨ। ਇਸਦੇ ਨਾਲ ਹੀ ਉਹਨਾਂ ਨੇ ਮੁਗਲ ਹਕੂਮਤ ਨਾਲ ਟੱਕਰ ਲੈਣ ਲਈ ਆਪਣੀ ਯੁੱਧ ਨੀਤੀ ਵੀ ਬਦਲ ਲਈ ਸੀ।

ਜ਼ਕਰੀਆ ਖਾਨ ਦੀ ਮੌਤ ਤੋਂ ਬਾਅਦ ਉਸ ਦਾ ਛੋਟਾ ਪੁੱਤਰ ਯਹੀਆ ਖਾਨ ਪੰਜਾਬ ਪ੍ਰਾਂਤ ਦਾ ਰਾਜਪਾਲ ਬਣਿਆ। ਉਸਨੇ ਵੀ ਆਪਣੇ ਪਿਤਾ ਵਾਂਗ ਸਿੱਖ ਵਿਰੋਧੀ ਨੀਤੀ ਨੂੰ ਅਪਣਾਇਆ। ਜ਼ਕਰੀਆ ਖਾਨ ਦੇ ਸ਼ਾਸਨ ਕਾਲ ਤੋਂ ਹੀ ਲਾਹੌਰ ਦੀ ਪ੍ਰਸ਼ਾਸਨਿਕ ਵਿਵਸਥਾ 'ਚ ਦੀਵਾਨ ਲਖਪਤ ਰਾਏ ਤੇ ਜਸਪਤ ਰਾਏ ਨਾਮ ਦੇ ਦੋ ਹਿੰਦੂ ਭਰਾਵਾਂ ਦਾ ਬੜਾ ਪ੍ਰਭਾਵ ਸੀ। ਲਖਪਤ ਰਾਏ ਪੰਜਾਬ ਪ੍ਰਾਂਤ ਦਾ ਦੀਵਾਨ ਤੇ ਵੱਡਾ ਭਰਾ ਜਸਪਤ ਰਾਏ ਐਮਨਾਬਾਦ ਨਗਰ ਦਾ ਫੌਜਦਾਰ ਭਾਵ ਸੈਨਿਕ ਪ੍ਰਸ਼ਾਸਕ ਨਿਯੁਕਤ ਸੀ। ਅਸਲ ਵਿਚ ਇਹ ਦੋਵੇਂ ਭਰਾ ਕਲਾਨੌਰ, ਜ਼ਿਲ੍ਹਾ ਗੁਰਦਾਸਪੁਰ ਦੇ ਇਕ ਖੱਤਰੀ ਪਰਿਵਾਰ ਨਾਲ ਸਬੰਧ ਰੱਖਦੇ ਸਨ। ਸਰਕਾਰੀ ਨੌਕਰੀ 'ਚ, ਸਰਕਾਰ ਦੀ ਚਮਚਾਗਿਰੀ ਕਰਕੇ ਤਰੱਕੀ ਕਰਦੇ-ਕਰਦੇ ਇਹ ਉੱਚ ਅਹੁਦਿਆਂ 'ਤੇ ਪਹੁੰਚ ਗਏ ਸਨ। ਇਹ ਦੋਵੇਂ ਭਰਾ ਉਹਨਾਂ ਵਿਅਕਤੀਆਂ 'ਚੋਂ ਸਨ, ਜਿਹੜੇ ਆਪਣੇ ਮਤਲਬ ਦੀ ਪੂਰਤੀ ਲਈ, ਆਪਣਾ ਧਰਮ-ਇਮਾਨ ਵੇਚ ਕੇ, ਆਪਣੀ ਜ਼ਮੀਰ ਨੂੰ ਛਿੱਕੇ ਟੰਗ ਕੇ ਰੱਖਦੇ ਸਨ। ਇਹ ਆਪਣੇ ਉੱਚ ਅਹੁਦਿਆਂ 'ਤੇ ਟਿਕੇ ਰਹਿਣ ਲਈ ਮੁਗਲ ਪ੍ਰਸ਼ਾਸਨ ਦੇ ਅੱਤਿਆਚਾਰਾਂ ਨੂੰ ਜਾਇਜ਼ ਠਹਿਰਾਉਂਦੇ ਸਨ। ਇਹਨਾਂ ਦਾ ਇਕੋ ਹੀ ਮੰਤਵ ਸੀ ਕਿ ਕਿਸੇ ਨਾ ਕਿਸੇ ਤਰੀਕੇ ਨਾਲ ਮੁਗਲਾਂ ਦੇ ਹਿਤਾਇਸ਼ੀ ਬਣੇ ਰਹੀਏ।



ਪ੍ਰੋ: ਐਚ.ਐਲ.ਕਪੂਰ
001- 916- 587-4002

ਮੁਗਲ ਸਰਕਾਰ ਦੀ ਸੁਨਿਸ਼ਚਿਤ ਨੀਤੀ ਅਨੁਸਾਰ ਉਹਨਾਂ ਦੀਆਂ ਗਸ਼ਤੀ ਫੌਜੀ ਟੁਕੜੀਆਂ, ਸਿੱਖਾਂ ਦਾ ਸਫਾਇਆ ਕਰਨ 'ਤੇ ਤੁਲੀਆਂ ਹੋਈਆਂ ਸਨ। ਇਸ ਦਾ ਵਿਰੋਧ ਕਰਨ ਲਈ 'ਦਲ ਖਾਲਸਾ' ਨੇ ਵੀ ਆਪਣੇ ਪੱਚੀ (25) ਛੋਟੇ-ਛੋਟੇ ਦਲ ਬਣਾ ਕੇ ਦੁਸ਼ਮਣ ਦਾ ਮੁਕਾਬਲਾ ਕਰਨ ਲਈ ਗੁਰੀਲਾ ਯੁੱਧ ਨੀਤੀ ਅਪਣਾ ਕੇ, ਫੌਜ ਨਾਲ ਲੋਹਾ ਲੈਣਾ ਆਰੰਭ ਕਰ ਦਿੱਤਾ। ਇਸੇ ਦੌਰਾਨ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੇ ਸਰਦਾਰ ਸੁੱਖਾ ਸਿੰਘ ਮਾੜੀ ਕੰਬੋਅ ਦੇ ਦਸਤੇ, ਮੁਗਲਾਂ ਦੀ ਗਸ਼ਤੀ ਫੌਜ ਦੀ ਟੁਕੜੀ ਨਾਲ ਟੱਕਰ ਲੈਂਦੇ ਹੋਏ ਡੱਲੋਝੱਲ ਪਹਾੜੀ ਖੇਤਰ ਵੱਲ ਵੱਧ ਰਹੇ ਸਨ ਤਾਂ ਸਥਾਨਕ ਪ੍ਰਸ਼ਾਸਨਿਕ ਫੌਜਦਾਰ ਜਸਪਤ ਰਾਏ ਨੇ ਸਿੱਖਾਂ ਦਾ ਪਿੱਛਾ ਕਰਕੇ ਉਹਨਾਂ ਨੂੰ ਐਮਨਾਬਾਦ ਦੀ ਤਰਫ਼ ਖਦੇੜ ਦਿੱਤਾ। ਸਥਾਨਕ ਚੌਧਰੀ ਵੀ ਆਪਣੀਆਂ ਛੋਟੀਆਂ-ਛੋਟੀਆਂ ਟੁਕੜੀਆਂ ਲੈ ਕੇ ਜਸਪਤ ਰਾਏ ਨਾਲ ਆ ਮਿਲੇ। ਇਸ ਤਰ੍ਹਾਂ ਸਿੱਖ ਜਥਿਆਂ ਨੇ ਆਪਣਾ ਰੁਖ ਬਦੌਰੀ ਵੱਲ ਕਰ ਲਿਆ। ਇੱਥੇ ਸਿੱਖ ਕੰਡਿਆਂ ਵਾਲੀਆਂ ਝਾੜੀਆਂ ਵਾਲੇ ਜੰਗਲ 'ਚ, ਆਪਣਾ ਸਿਰ ਛੁਪਾਅ ਕੇ ਆਪਣਾ ਰੋਟੀ-ਪਾਣੀ ਦਾ ਪ੍ਰਬੰਧ ਕਰਨ ਲੱਗ ਪਏ। ਉਸ ਸਮੇਂ ਜਸਪਤ ਰਾਏ ਨੇ ਸਿੱਖਾਂ ਨੂੰ ਸੰਦੇਸ਼ ਭੇਜਿਆ ਕਿ ਇਹ ਇਲਾਕਾ ਉਹ ਤੁਰੰਤ ਖਾਲੀ ਕਰ ਦੇਣ। ਇਸ ਦੇ ਉੱਤਰ 'ਚ ਸਿੱਖਾਂ ਨੇ ਬੜੀ ਨਿਮਰਤਾ ਪੂਰਵਕ ਲਹਿਜ਼ੇ 'ਚ ਉੱਤਰ ਦਿੱਤਾ ਕਿ ਉਹ ਤਿੰਨ ਦਿਨਾਂ ਤੋਂ ਭੁੱਖੇ ਪਿਆਸੇ ਹਨ ਤੇ ਉਹ ਰਾਸ਼ਨ-ਪਾਣੀ ਖਾਧੇ ਬਿਨਾਂ ਅੱਗੇ ਨਹੀਂ ਵੱਧ ਸਕਦੇ ਤੇ ਅਸੀਂ ਕੱਲ੍ਹ ਸਵੇਰੇ ਰੋੜ੍ਹੀ ਸਾਹਿਬ ਦੇ ਸਥਾਨ 'ਤੇ ਵਿਸਾਖੀ ਦੇ ਮੇਲੇ 'ਚ ਭਾਗ ਲੈ ਕੇ, ਖੁਦ ਹੀ ਅੱਗੇ ਚਾਲੇ ਪਾ ਦਿਆਂਗੇ। ਇਸ 'ਤੇ ਜਸਪਤ ਰਾਏ ਨੇ ਆਪਣੇ ਪੁਰਾਣੇ ਸੰਦੇਸ਼ ਨੂੰ ਹੀ ਦੁਹਰਾਇਆ। ਪ੍ਰੰਤੂ ਸਿੱਖਾਂ ਦਾ ਵੀ ਪੁਰਾਣਾ ਉਤਰ ਹੀ ਸੀ ਤੇ ਸਾਡਾ ਤੇਰੇ ਨਾਲ ਕੋਈ ਵੈਰ ਨਹੀਂ ਹੈ। ਅਸੀਂ ਸਿਰਫ਼ ਲੰਗਰ-ਪਾਣੀ ਛਕ ਕੇ ਦੂਸਰੇ ਸਥਾਨਾਂ ਲਈ ਚਾਲੇ ਪਾ ਦਿਆਂਗੇ। ਇਹੀ ਉੱਤਰ ਸੁਣ ਕੇ ਜਸਪਤ ਰਾਏ ਬਹੁਤ ਗੁੱਸੇ 'ਚ ਆ ਗਿਆ ਤੇ ਉਸ ਨੇ ਕਿਹਾ, "ਮੈਂ ਤਾਂ ਤੁਹਾਡਾ ਸਰਵਨਾਸ਼ ਕਰਨ 'ਤੇ ਤੁਲਿਆ ਹੋਇਆ ਹਾਂ ਤੇ ਤੁਸੀਂ ਲੋਕ ਮੇਰੇ ਹੀ ਇਲਾਕੇ 'ਚ ਰਾਸ਼ਨ-ਪਾਣੀ ਭਾਲਦੇ ਹੋ।"

ਜਸਪਤ ਰਾਏ ਨੇ ਸਿੱਖਾਂ ਦੇ ਜਥੇ ਨੂੰ ਘੇਰੇ 'ਚ ਲੈ ਲਿਆ। ਉਸ ਸਮੇਂ ਸਿੱਖਾਂ ਨੇ ਅਜੇ ਆਪਣੀ ਸਬਜ਼ੀ-ਭਾਜੀ ਬਣਾਉਣ ਲਈ ਚੁੱਲ੍ਹਿਆਂ ਦੀ ਅੱਗ ਉੱਤੇ ਰੱਖੀ ਹੀ ਸੀ। ਮਜਬੂਰੀ ਵੱਸ ਸਿੱਖਾਂ ਨੇ ਬਿਨਾਂ ਮਾਂਗੇ ਆਈ ਮੌਤ ਨੂੰ ਗਲੇ ਲਗਾਉਣ ਦੀ ਥਾਂ ਦੁਸ਼ਮਣ ਨਾਲ ਸਾਹਮਣਾ ਕਰਕੇ ਵੀਰਗਤੀ ਪ੍ਰਾਪਤ ਕਰਨ ਦਾ ਮਨ ਬਣਾ ਲਿਆ। ਸਿੱਖਾਂ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ 'ਚ ਦੁਸ਼ਮਣ ਦਾ ਇੰਨੇ ਆਤਮਬੱਲ ਨਾਲ ਸਾਹਮਣਾ ਕੀਤਾ ਕਿ ਜਸਪਤ ਰਾਏ ਦੀ ਸੈਨਾ ਤੇ ਉਸ ਦੇ ਸਹਾਇਕ ਗਾਜ਼ੀ ਆਪਣੀ ਜਾਨ ਬਚਾਅ ਕੇ ਦੌੜਨ ਲੱਗ ਪਏ। ਇਸ ਸੰਕਟ ਦੀ ਘੜੀ 'ਚ ਇਕ ਨਿਬਾਹੂ ਸਿੰਘ ਨਾਮਕ ਸਿੱਖ ਜਵਾਨ ਨੇ ਹੌਸਲਾ ਕਰਕੇ ਹਾਥੀ 'ਤੇ ਬੈਠੇ ਜਸਪਤ ਰਾਏ 'ਤੇ ਸਫਲਤਾ ਪੂਰਵਕ ਹਮਲਾ ਕਰ ਦਿੱਤਾ। ਉਸ ਨੇ ਹਾਥੀ ਦੀ ਪੂਛ ਫੜ ਕੇ ਹਾਥੀ 'ਤੇ ਚੜ੍ਹਨ ਦੀ ਕੋਸ਼ਿਸ਼ ਕੀਤੀ ਤੇ ਉਹ ਚੜ੍ਹਨ 'ਚ ਸਫਲ ਹੋ ਗਿਆ ਤੇ ਉਸ ਨੇ ਆਪਣੀ ਤਲਵਾਰ ਦੇ ਇਕੋ ਵਾਰ ਨਾਲ ਜਸਪਤ ਰਾਏ ਦਾ ਸਿਰ ਧੜ ਨਾਲੋਂ ਅਲੱਗ ਕਰਕੇ ਆਪਣੀ ਜਿੱਤ ਦੇ ਜੈਕਾਰੇ ਛੱਡਣੇ ਸ਼ੁਰੂ ਕਰ ਦਿੱਤੇ, ਜਿਸ ਨਾਲ ਲੜਾਈ ਦੇ ਮੈਦਾਨ 'ਚੋਂ ਚਾਰ ਚੁਫੇਰਿਉਂ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਦੀ ਗੂੰਜ ਸੁਣਾਈ ਦੇਣ ਲੱਗ ਪਈ। ਇਹ ਸੁਣ ਕੇ ਦੁਸ਼ਮਣ ਦੀ ਸੈਨਾ ਲੜਾਈ ਦੇ ਮੈਦਾਨ 'ਚੋਂ ਦੌੜਨ ਲੱਗ ਪਈ। ਜਿਉਂ ਹੀ ਸਿੱਖਾਂ ਦੇ ਹੱਥ 'ਚ ਲੜਾਈ ਦਾ ਮੈਦਾਨ ਆਇਆ, ਉਨ੍ਹਾਂ ਨਗਰ 'ਚੋਂ ਆਪਣੀ ਜ਼ਰੂਰਤ ਦੀਆਂ ਚੀਜ਼ਾਂ-ਵਸਤਾਂ ਇਕੱਠੀਆਂ ਕੀਤੀਆਂ ਤੇ ਲੰਗਰ ਵੀ ਲਵਾਇਆ। ਇੰਨੇ ਨੇ ਜਸਪਤ ਰਾਏ ਦੇ ਪਰਿਵਾਰ ਦੀ ਸਿੱਖਾਂ ਨੂੰ ਬੇਨਤੀ ਆਈ ਕਿ ਜਸਪਤ ਰਾਏ ਦਾ ਸਿਰ ਉਹਨਾਂ ਨੂੰ ਵਾਪਸ ਦੇ ਦਿੱਤਾ ਜਾਵੇ ਤਾਂ ਕਿ ਉਹ ਉਸ ਦਾ ਦਾਹ ਸੰਸਕਾਰ ਕਰ ਸਕਣ। ਇਸ 'ਤੇ ਸਿੱਖਾਂ ਨੇ ਹਰਜਾਨੇ ਦੇ ਰੂਪ ਵਿਚ, ਵਿਚੋਲਗੀ ਕਰਨ ਆਏ ਗੁਸਾਂਈ ਕਿਰਪਾ ਰਾਮ ਬਲੌਕੀ ਦੁਆਰਾ 500 ਰੁਪਏ ਲੈ ਕੇ ਜਸਪਤ ਰਾਏ ਦਾ ਸਿਰ ਉਹਨਾਂ ਦੇ ਪਰਿਵਾਰ ਨੂੰ ਵਾਪਸ ਕਰ ਦਿੱਤਾ।

ਜਿਉਂ ਹੀ ਇਸ ਘਟਨਾ ਦੀ ਸੂਚਨਾ ਸ਼ਾਸਕ ਵਰਗ ਨੂੰ ਮਿਲੀ, ਉਹਨਾਂ 'ਚ ਗੁੱਸੇ ਦੀ ਜਵਾਲਾ ਭੜਕ ਉੱਠੀ। ਦੀਵਾਨ ਲਖਪਤ ਰਾਏ ਦਾ ਕ੍ਰੋਧ ਸਬਰ ਦੀਆਂ ਸਾਰੀਆਂ ਹੱਦਾਂ ਪਾਰ ਕਰ ਗਿਆ। ਉਹ ਕਹਿਣ ਲੱਗਾ ਕਿ ਸਿੱਖਾਂ ਨੇ ਮੇਰੇ ਛੋਟੇ ਭਰਾ ਦੀ ਹੱਤਿਆ ਕੀਤੀ ਹੈ, ਮੈਂ ਇਨ੍ਹਾਂ ਸਿੱਖਾਂ ਦਾ ਸਰਵਨਾਸ਼ ਕਰਕੇ ਦਮ ਲਵਾਂਗਾ। ਉਹ ਛੇਤੀ ਨਾਲ ਯਹੀਆ ਖਾਨ ਦੀ ਸ਼ਰਨ 'ਚ ਪਹੁੰਚਿਆ ਤੇ ਉਸ ਨੇ ਆਪਣੀ ਪੱਗੜੀ ਉਤਾਰ ਕੇ ਉਸਦੇ ਚਰਨਾਂ 'ਚ ਰੱਖ ਦਿੱਤੀ ਤੇ ਇਹ ਕਿਹਾ ਕਿ ਮੈਨੂੰ ਸਿੱਖਾਂ ਦਾ ਸਰਵਨਾਸ਼ ਕਰਨ ਦੀ ਜ਼ਿੰਮੇਵਾਰੀ ਦਿੱਤੀ ਜਾਵੇ। ਯਹੀਆ ਖਾਨ ਨੂੰ ਤਾਂ ਜਿਵੇਂ ਬਿਨ ਮੰਗੇ ਮੁਰਾਦ ਮਿਲ ਗਈ ਹੋਵੇ ਤੇ ਉਸ ਨੇ ਲਖਪਤ ਰਾਏ ਦੀ ਬੇਨਤੀ ਨੂੰ ਸਵੀਕਾਰ ਕਰ ਲਿਆ। ਇਸ ਸਮੇਂ ਯਹੀਆ ਖਾਨ ਨੇ ਸਿੱਖਾਂ ਦੇ ਖ਼ਾਤਮੇ ਲਈ ਇਕ ਵਿਸ਼ਾਲ ਯੋਜਨਾ ਤਿਆਰ ਕੀਤੀ ਤੇ ਇਸ ਨੂੰ ਅਮਲੀ ਜਾਮਾ ਪਹਿਨਾਉਣ ਲਈ ਲਖਪਤ ਰਾਏ ਨੂੰ ਇਸ ਯੋਜਨਾ ਦੀ ਅਗਵਾਈ ਸੌਂਪ ਦਿੱਤੀ। ਲਖਪਤ ਰਾਏ ਨੇ ਇਕੱਲੇ-ਇਕੱਲੇ ਸਿੱਖ ਦੇ ਸਿਰ ਲਈ ਇਨਾਮ ਨਿਸ਼ਚਿਤ ਕਰ ਦਿੱਤਾ।

ਦੀਵਾਨ ਲਖਪਤ ਰਾਏ ਨੇ ਸੰਨ 1745 ਦੇ ਮਾਰਚ ਮਹੀਨੇ ਦੇ ਪਹਿਲੇ ਹਫਤੇ, ਸਭ ਤੋਂ ਪਹਿਲਾਂ ਲਾਹੌਰ ਸ਼ਹਿਰ ਦੇ ਦੁਕਾਨਦਾਰਾਂ ਤੇ ਸਰਕਾਰੀ ਕਰਮਚਾਰੀਆਂ ਨੂੰ ਪਕੜ ਕੇ ਜਲਾਦਾਂ ਦੇ ਹਵਾਲੇ ਕਰ ਦਿੱਤਾ। ਬਹੁਤ ਸਾਰੇ ਸਥਾਨਕ ਹਿੰਦੂ, ਸਿੱਖਾਂ ਪ੍ਰਤੀ ਹਮਦਰਦੀ ਰੱਖਦੇ ਸਨ। ਇਨ੍ਹਾਂ 'ਚ ਦੋ ਦਾ ਨਾਮ ਖਾਸ ਕਰਕੇ ਇਸ ਤਰ੍ਹਾਂ ਹੈ- ਦੀਵਾਨ ਕੌਲਾ ਮੱਲ ਅਤੇ ਦੀਵਾਨ ਲੱਛਮੀ ਦਾਸ। ਇਹ ਦੋਵੇਂ ਸਿੱਖਾਂ ਪ੍ਰਤੀ ਹਮਦਰਦੀ ਰੱਖਣ ਵਾਲੇ ਸੱਜਣ, ਲਖਪਤ ਰਾਏ ਦੇ ਗੁਰੂ ਸੰਤ ਜਗਤ ਭਗਤ ਨੂੰ ਆਪਣੇ ਨਾਲ ਲੈ ਕੇ ਲਖਪਤ ਰਾਏ ਨੂੰ ਇਹ ਬੇਨਤੀ ਕੀਤੀ ਕਿ ਨਿਰਦੋਸ਼ ਸਿੱਖਾਂ 'ਤੇ ਅੱਤਿਆਚਾਰ ਨਾ ਕੀਤੇ ਜਾਣ ਪਰ ਉਹਨਾਂ ਦੀ ਬੇਨਤੀ ਦਾ ਲਖਪਤ ਰਾਏ 'ਤੇ ਕੋਈ ਅਸਰ ਨਾ ਹੋਇਆ। ਉਸ ਨੇ ਵਿਸ਼ਵਾਸ ਦੇਣ ਦੀ ਥਾਂ ਬੜੇ ਕਠੋਰ ਸ਼ਬਦਾਂ 'ਚ ਉੱਤਰ ਦਿੱਤਾ ਕਿ ਆਪ ਲੋਕ ਕੀ ਚੀਜ਼ ਹੋ ਅਗਰ ਤੁਹਾਡੀ ਜਗ੍ਹਾ ਖੁਦ ਭਗਵਾਨ ਵੀ ਚੱਲ ਕੇ ਆ ਜਾਵੇ ਤਾਂ ਵੀ ਮੈਂ ਸਿੱਖਾਂ ਨੂੰ ਨਹੀਂ ਛੱਡੂੰਗਾ।

ਗੁਰੂ ਹੋਣ ਦੇ ਨਾਤੇ ਸੰਤ ਜਗਤ ਭਗਤ ਨੇ ਵੀ ਲਖਪਤ ਰਾਏ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਗੁਰੂ ਦੇ ਸਾਰੇ ਯਤਨ ਨਿਰਾਰਥਕ ਸਾਬਤ ਹੋਏ। ਜਦੋਂ ਸੋਮਵਾਰ ਦੇ ਦਿਨ ਇਹ ਖ਼ੂਨ-ਖ਼ਰਾਬਾ ਨਾ ਕਰਨ ਦਾ ਸਾਰਾ ਦਬਾਅ ਪਾਇਆ ਗਿਆ ਤਾਂ ਵੀ ਇਸ ਪਾਪੀ ਅੱਤਿਆਚਾਰੀ ਇਨਸਾਨ 'ਤੇ ਕੋਈ ਅਸਰ ਨਾ ਹੋਇਆ ਸਗੋਂ ਆਪਣੇ ਗੁਰੂ ਲਈ ਨਿਰਾਦਰ ਭਰੇ ਸ਼ਬਦਾਂ 'ਚ ਕਿਹਾ- 'ਕਿ ਤੁਹਾਨੂੰ ਇਹਨਾਂ ਗੱਲਾਂ ਬਾਰੇ ਕੁਝ ਪਤਾ ਨਹੀਂ ਹੈ। ਤੁਹਾਨੂੰ ਇਸ 'ਚ ਦਖ਼ਲ-ਅੰਦਾਜ਼ੀ ਨਾ ਕਰਕੇ ਆਪਣੇ ਡੇਰੇ 'ਚ ਰਹਿਣਾ ਚਾਹੀਦਾ ਹੈ।'

ਨਿਰਾਸ਼ ਹੋਏ ਗੋਸਾਂਈ ਜੀ ਦੇ ਮੂੰਹ 'ਚੋਂ ਗੁੱਸੇ ਨਾਲ ਇਹ ਸ਼ਬਦ ਨਿਕਲੇ- 'ਜਿਹਨਾਂ ਦੇ ਸਹਾਰੇ ਤੁਸੀਂ ਇੰਨੇ ਅਭਿਮਾਨੀ ਬਣੇ ਬੈਠੇ ਹੋ, ਇਹੀ ਲੋਕ ਤੇਰਾ ਸਰਵਨਾਸ਼ ਕਰਾਉਣਗੇ। ਤੇਰੀ ਜੜ੍ਹ ਵੀ ਨਹੀਂ ਬਚੇਗੀ ਅਤੇ 'ਸਿੱਖ ਪੰਥ' ਪ੍ਰਤੀ ਦਿਨ ਪ੍ਰਫੁੱਲਿਤ ਤੇ ਚੜ੍ਹਦੀਕਲਾ 'ਚ ਹੋਵੇਗਾ।'

'ਛੋਟਾ ਘੱਲੂਘਾਰਾ' (ਦੁਖਾਂਤ) ਜੂਨ 1746 ਈਸਵੀ ਨੂੰ ਲਾਹੌਰ ਦੇ ਸੂਬੇਦਾਰ ਯਹੀਆ ਖਾਨ ਨੇ ਉਸ ਦੇ ਗ੍ਰਹਿ ਮੰਤਰੀ ਲਖਪਤ ਰਾਏ ਦੇ ਉਕਸਾਉਣ 'ਤੇ ਸਿੱਖਾਂ ਨੂੰ ਮੂਲੋਂ ਖਤਮ ਕਰਨ ਦੀ ਕਸਮ ਲੈ ਲਈ ਸੀ। ਇਸੇ ਤਰ੍ਹਾਂ ਉਸ ਨੇ ਦੀਵਾਨ ਲਖਪਤ ਰਾਏ ਦੀ ਅਗਵਾਈ 'ਚ ਬਹੁਤ ਵੱਡੀ ਗਿਣਤੀ 'ਚ ਫੌਜੀ ਅਤੇ ਜਹਾਦੀ ਨੌਜਵਾਨ ਭੇਜੇ। ਰਾਵੀ ਦਰਿਆ ਦੇ ਦਲਦਲੀ ਖੇਤਰ ਕਾਹਨੂੰਵਾਲ ਵਿਚ ਡੇਰਾ ਲਾਈ ਬੈਠੇ ਸਿੱਖਾਂ 'ਤੇ ਉਸ ਨੇ ਹਮਲਾ ਕਰ ਦਿੱਤਾ। ਘੱਟ ਗਿਣਤੀ ਅਤੇ ਰਸਦ, ਗੋਲਾ ਬਾਰੂਦ ਦੀ ਥੁੜ੍ਹ ਕਾਰਨ ਸਿੱਖ ਚਾਰੋਂ ਤਰਫ਼ੋਂ ਘਿਰ ਗਏ। ਉਸ ਸਮੇਂ ਉਹਨਾਂ ਦੇ ਪਰਿਵਾਰ ਵੀ ਨਾਲ ਸਨ। ਇਸ ਕਾਰਨ ਘੱਲੂਘਾਰੇ 'ਚ ਸਿੱਖਾਂ ਦਾ ਬਹੁਤ ਭਾਰੀ ਜਾਨੀ ਨੁਕਸਾਨ ਹੋਇਆ। ਇਕ ਅਨੁਮਾਨ ਅਨੁਸਾਰ ਸ਼ਹੀਦ ਸਿੰਘਾਂ ਦੀ ਗਿਣਤੀ 10 ਹਜ਼ਾਰ ਤੱਕ ਹੋ ਸਕਦੀ ਹੈ।

ਦੀਵਾਨ ਲਖਪਤ ਰਾਏ ਦੇ ਮਨ ਨੂੰ ਸ਼ਾਂਤੀ ਤਾਂ ਹੀ ਮਿਲ ਸਕਦੀ ਸੀ, ਜੇਕਰ ਉਹ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੇ ਸਰਦਾਰ ਚੜ੍ਹਤ ਸਿੰਘ ਤੇ ਉਹਨਾਂ ਦੇ ਸਾਥੀਆਂ ਨੂੰ ਘੋਰ ਸਜ਼ਾਵਾਂ ਦੇਣ 'ਚ ਸਫਲ ਹੋ ਜਾਏ ਤਾਂ। ਪਰ ਉਹ ਉਸ ਸਮੇਂ ਲਾਹੌਰ ਤੋਂ ਬਹੁਤ ਦੂਰ ਆਪਣੇ ਦੂਸਰੇ 10 ਹਜ਼ਾਰ ਸਾਥੀਆਂ ਨਾਲ ਕਾਹਨੂੰਵਾਲ ਦੀ ਝੀਲ ਦੇ ਆਲੇ-ਦੁਆਲੇ ਦਿਨ ਕੱਟੀ ਕਰ ਰਹੇ ਸਨ। ਉਹਨਾਂ ਦਿਨਾਂ 'ਚ ਨਵਾਬ ਕਪੂਰ ਸਿੰਘ ਸਰਦਾਰ ਗੁਰਦਿਆਲ ਸਿੰਘ ਹੱਲੇਵਾਲੀਆ ਤੇ ਦੂਸਰੇ ਹੋਰ ਮਹਾਨ ਨੇਤਾ ਵੀ ਉਹਨਾਂ ਦੇ ਨਾਲ ਹੀ ਸਨ।

ਦੀਵਾਨ ਲਖਪਤ ਰਾਏ ਨੇ ਆਪਣੀ ਵਿਸ਼ਾਲ ਸੈਨਾ ਦੇ ਨਾਲ ਸਿੱਖਾਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਇਸ ਸਮੇਂ ਸਿੱਖਾਂ ਕੋਲ ਨਾ ਤਾਂ ਬਹੁਤੀ ਰਸਦ ਸੀ ਅਤੇ ਨਾ ਹੀ ਗੋਲਾ ਬਾਰੂਦ ਤੇ ਨਾ ਹੀ ਕੋਈ ਕਿਲ੍ਹਾ ਸੀ। ਫਿਰ ਵੀ ਉਹ ਲਖਪਤ ਰਾਏ ਦੀ ਸੈਨਾ ਨਾਲ ਮੁਕਾਬਲਾ ਕਰਨ ਲਈ ਉਤਾਵਲੇ ਸਨ ਪਰ ਫਿਰ ਵੀ ਸਿੱਖਾਂ ਨੂੰ ਆਪਣਾ ਬਹੁਤ ਜ਼ਿਆਦਾ ਨੁਕਸਾਨ ਹੋਣ ਦਾ ਖਦਸ਼ਾ ਸੀ।

ਪਹਿਲਾਂ-ਪਹਿਲਾਂ ਸਿੱਖਾਂ ਨੇ ਬੜੀ ਸਮਝਦਾਰੀ ਤੋਂ ਕੰਮ ਲਿਆ। ਉਹਨਾਂ ਨੇ ਦੁਸ਼ਮਣ ਨੂੰ ਭੁਲੇਖੇ 'ਚ ਪਾਉਣ ਲਈ ਆਪਣੇ ਲੁਕਣ ਸਥਾਨਾਂ ਨੂੰ ਛੱਡ ਕੇ ਦੌੜ ਜਾਣ ਦਾ ਨਾਟਕ ਕੀਤਾ। ਜਦ ਰਾਤ ਨੂੰ ਲਖਪਤ ਰਾਏ ਦੀ ਸੈਨਾ ਅਸਾਵਧਾਨ ਹੋ ਗਈ ਤਾਂ ਸਿੱਖਾਂ ਨੇ ਵਾਪਸ ਆ ਕੇ ਇਕ ਛਾਪਾ ਮਾਰਿਆ ਤੇ ਦੁਸ਼ਮਣ ਦੀ ਛਾਉਣੀ 'ਚੋਂ ਬਹੁਤ ਸਾਰੇ ਘੋੜੇ ਤੇ ਖਾਣਾ-ਦਾਣਾ ਲੁੱਟ ਕੇ ਵਾਪਸ ਆਪਣੇ ਟਿਕਾਣਿਆਂ 'ਤੇ ਪਹੁੰਚ ਗਏ। ਇਸ ਤਰ੍ਹਾਂ ਦਾ ਹਮਲਾ ਦੇਖ ਕੇ ਲਖਪਤ ਰਾਏ ਬਹੁਤ ਗੁੱਸੇ 'ਚ ਆ ਗਿਆ। ਉਸ ਨੇ ਸਿੱਖਾਂ ਦੇ ਟਿਕਾਣਿਆਂ ਨੂੰ ਅੱਗ ਲਗਵਾ ਦਿੱਤੇ ਤੇ ਦੌੜਦੇ ਹੋਏ ਸਿੱਖਾਂ ਨੂੰ ਮਾਰਨ ਲਈ ਉਹਨਾਂ 'ਤੇ ਤੋਪਾਂ ਦੀ ਗੋਲੀਬਾਰੀ ਤੇਜ ਕਰ ਦਿੱਤੀ।

ਰਾਵੀ ਨਦੀ ਦੇ ਪਾਣੀ ਦਾ ਵਹਾਅ ਹੌਲੀ ਦੇਖ ਕੇ ਇਕ ਜਗ੍ਹਾ ਤੋਂ ਪਾਣੀ ਦੀ ਗਹਿਰਾਈ ਘੱਟ ਦੇਖ ਕੇ, ਬਚੇ-ਖੁਚੇ ਸਿੱਖਾਂ ਨੇ ਨਦੀ ਪਾਰ ਕਰ ਲਈ। ਇਹ ਵੀ ਸਿਰਫ਼ ਇਸ ਲਈ ਕਿ ਰਾਵੀ ਪਾਰ ਕਰਕੇ ਪਹਾੜਾਂ 'ਚ ਚਲੇ ਜਾਣ 'ਤੇ ਬਲਾ ਟਲ਼ ਜਾਏਗੀ ਪ੍ਰੰਤੂ ਸਥਾਨਕ ਬਸੋਹਲੀ, ਯੁਸੇਲ ਤੇ ਕਠੂਆ ਦੇ ਲੋਕਾਂ ਨੇ ਉਹਨਾਂ ਨੂੰ ਰਸਤੇ 'ਚ ਹੀ ਰੋਕ ਲਿਆ ਤੇ ਉਹਨਾਂ ਨਾਲ ਯੁੱਧ ਕਰਨ ਲਈ ਤਿਆਰ ਹੋ ਗਏ। ਇਸ ਤਰ੍ਹਾਂ ਸਿੱਖਾਂ ਨਾਲ 'ਅਸਮਾਨ ਤੋਂ ਡਿੱਗੇ ਤੇ ਖਜੂਰ 'ਚ ਅਟਕੇ' ਵਾਲੀ ਕਹਾਵਤ ਹੋਈ। ਉਹ ਜਿੱਧਰ ਵੀ ਜਾਂਦੇ, ਉਧਰ ਦੁਸ਼ਮਣ ਲੜਾਈ ਲਈ ਤਿਆਰ ਦਿਖਾਈ ਦਿੰਦੇ। ਉਹ ਬਹੁਤ ਬੁਰੀ ਤਰ੍ਹਾਂ ਫਸ ਗਏ ਸਨ, ਉਹਨਾਂ ਅੱਗੇ ਵੱਧ ਸਕਦੇ ਸਨ ਤੇ ਨਾ ਪਿੱਛੇ ਹੀ ਮੁੜ ਸਕਦੇ ਸਨ। ਖੈਰ ਇਸ ਤਰ੍ਹਾਂ ਦੇ ਹਾਲਾਤ 'ਚ ਖਾਲਸੇ ਨੇ ਬਹੁਤ ਸੋਚ ਵਿਚਰ ਤੋਂ ਉਪਰੰਤ ਇਹ ਫੈਸਲਾ ਲਿਆ ਕਿ ਥੋੜ੍ਹੇ-ਥੋੜ੍ਹੇ, ਦੋ-ਦੋ, ਚਾਰ-ਚਾਰ ਦੀ ਗਿਣਤੀ 'ਚ ਗਿਆੜਸੀ ਤੇ ਹੋਰ ਦੂਸਰੇ ਇਲਾਕਿਆਂ 'ਚ ਬਿਖਰ ਜਾਓ ਤੇ ਫਿਰ ਕਦੀ ਇਕੱਠੇ ਹੋ ਕੇ ਲਖਪਤ ਰਾਏ ਨਾਲ ਦੋ-ਦੋ ਹੱਥ ਕਰ ਲਵਾਂਗੇ।

ਤਤਕਾਲ ਜੱਥੇਦਾਰਾਂ ਦਾ ਕਹਿਣਾ ਸੀ ਕਿ ਯੁੱਧ ਕਲਾ ਦੇ ਦੋ ਰੂਪ ਹੁੰਦੇ ਹਨ। ਪਹਿਲਾ ਹੈ ਆਪਣੀ ਹਾਰ ਮੰਨ ਕੇ ਘੁਟਣੇ ਟੇਕ ਦੇਣਾ, ਦੂਸਰਾ ਦੁਬਾਰਾ ਹਮਲਾ ਕਰਨ ਦੀ ਇੱਛਾ ਨਾਲ ਦੁਸ਼ਮਣ ਦੀਆਂ ਅੱਖਾਂ ਤੋਂ ਦੂਰ ਛੁਪ ਜਾਣਾ ਤੇ ਸਹੀ ਸਮਾਂ ਆਉਣ 'ਤੇ ਮੁੜ ਉਸ ਦੇ ਸਾਹਮਣੇ ਛਾਤੀ ਠੋਕ ਕੇ ਜੂਝ ਮਰਨਾ। ਇਸ ਸਮੇਂ ਹਾਰ ਮੰਨ ਲੈਣਾ ਤੇ ਆਤਮ ਸਮਰਪਣ ਕਰਨ ਵਾਲੀ ਗੱਲ ਬਾਰੇ ਤਾਂ ਸੋਚਿਆ ਵੀ ਨਹੀਂ ਜਾ ਸਕਦਾ ਸੀ, ਕਿਉਂਕਿ ਖਾਲਸਾ ਗੁਰੂ ਤੋਂ ਇਲਾਵਾ ਕਿਸੇ ਦੂਸਰੇ ਸਾਹਮਣੇ ਘੁਟਣੇ ਨਹੀਂ ਟੇਕ ਸਕਦਾ। ਇਸ ਲਈ ਰਣਨੀਤੀ ਦੇ ਦੂਸਰੇ ਰੂਪ ਦਾ ਸਹਾਰਾ ਲੈਣਾ ਹੀ ਸਮੇਂ ਦੇ ਅਨੁਕੂਲ ਸੀ।

ਖੁਰਦ ਇਲਾਕੇ 'ਚ ਪਹੁੰਚ ਕੇ ਸਿੱਖ ਫਿਰ ਸੰਗਠਿਤ ਹੋ ਗਏ ਤੇ ਫਿਰ ਉਨ੍ਹਾਂ ਨੇ ਪਿੱਛੇ ਮੁੜ ਕੇ ਲਖਪਤ ਰਾਏ ਦੀ ਫੌਜ 'ਤੇ ਦੁਬਾਰਾ ਹਮਲਾ ਕਰ ਦਿੱਤਾ। ਉਹਨਾਂ ਨੇ ਹਮਲਾ ਕਰਨ ਸਮੇਂ ਲਖਪਤ ਰਾਏ ਦੀ ਤਲਾਸ਼ ਕੀਤੀ ਪਰ ਉਹ ਬਹੁਤ ਪਿੱਛੇ ਹੋਣ ਕਰਕੇ ਸਿੱਖਾਂ ਦੇ ਹੱਥ ਨਾ ਆਇਆ। ਲਖਪਤ ਰਾਏ ਦੀ ਸੈਨਾ ਨੂੰ ਖਦੇੜਦੇ ਹੋਏ ਸਿੱਖ ਵਾਪਸ ਰਾਵੀ ਨਦੀ ਪਾਰ ਕਰਨ ਲਈ ਨਦੀ ਦੇ ਤੱਟ 'ਤੇ ਪਹੁੰਚਣ 'ਚ ਸਫਲ ਹੋ ਗਏ। ਪ੍ਰੰਤੂ ਇਸ ਜਗ੍ਹਾ 'ਤੇ ਨਦੀ ਦੇ ਪਾਣੀ ਦੀ ਗਤੀ ਬਹੁਤ ਤੇਜ਼ ਸੀ ਤੇ ਇਸ ਨੂੰ ਪਾਰ ਕਰਨ ਦਾ ਕਿਸੇ 'ਚ ਵੀ ਹੌਸਲਾ ਨਹੀਂ ਹੋ ਰਿਹਾ ਸੀ। ਡੱਲੇਵਾਲੀਆ ਸਰਦਾਰ ਗੁਰਦਿਆਲ ਸਿੰਘ ਦੇ ਦੋ ਭਰਾਵਾਂ ਨੇ ਹੌਸਲਾ ਕਰਕੇ ਆਪਣੇ ਘੋੜੇ ਪਾਣੀ 'ਚ ਵਾੜ ਦਿੱਤੇ, ਪਰ ਠਾਠਾਂ ਮਾਰਦੇ ਨਦੀ ਦੇ ਪਾਣੀ 'ਚ ਕਿਸੇ ਦੀ ਪੇਸ਼ ਨਾ ਚੱਲੀ। ਘੋੜ ਸਵਾਰ ਤੇ ਘੋੜੇ ਦੇਖਦੇ ਹੀ ਦੇਖਦੇ ਪਾਣੀ 'ਚ ਰੁੜ੍ਹ ਗਏ।

ਇਸ ਤਰ੍ਹਾਂ ਦੇ ਕਰੁਣਾਮਈ ਦ੍ਰਿਸ਼ ਦੇਖ ਕੇ ਸਿੱਖ ਨੇਤਾ ਕਦੀ ਵੀ ਫਿਕਰਮੰਦ ਨਹੀਂ ਹੋਏ। ਇਸ ਸਮੇਂ ਜੱਸਾ ਸਿੰਘ ਆਹਲੂਵਾਲੀਆ ਤੇ ਦੂਸਰੇ ਕੁਝ ਸਰਦਾਰਾਂ ਨੇ ਕਿਹਾ ਕਿ ਇੱਥੇ ਡੁੱਬ ਕੇ ਮਰਨ ਦੀ ਥਾਂ, ਦੁਸ਼ਮਣ ਨਾਲ ਜੂਝ ਕੇ ਮਰਨਾ ਕਿਤੇ ਚੰਗਾ ਹੈ। ਇਸ ਲਈ ਸਰਦਾਰ ਸੁੱਖਾ ਸਿੰਘ ਦੀ ਅਗਵਾਈ 'ਚ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਬੋਲ ਕੇ ਤੇ ਆਖਰੀ ਦਾਅ ਮੰਨ ਕੇ ਸਿੱਖਾਂ ਨੇ ਦੁਸ਼ਮਣ ਦੀ ਸੈਨਾ 'ਤੇ ਧਾਵਾ ਬੋਲ ਦਿੱਤਾ। ਬਹੁਤ ਹੀ ਘਮਾਸਾਨ ਦਾ ਯੁੱਧ ਹੋਇਆ। ਇਸ 'ਚ ਜਸਪਤ ਰਾਏ ਦਾ ਪੁੱਤਰ ਹਰਭਜਨ ਰਾਏ, ਯਹੀਆ ਖਾਨ ਦਾ ਬੇਟਾ ਨਾਹਰ ਖਾਨ, ਫੌਜਦਾਰ ਸੈਫ ਅਲੀ, ਕਰਮ ਬਖਸ਼, ਰਸੂਲਨ ਸਹਿਸੀਆ ਤੇ ਅਗਰ ਖਾਨ ਆਦਿ ਬਹੁਤ ਸਾਰੇ ਪ੍ਰਮੁੱਖ ਲੋਕ ਮਾਰੇ ਗਏ। ਇਸ 'ਚ ਸਿੱਖਾਂ ਦਾ ਵੀ ਬਹੁਤ ਜਾਨੀ ਤੇ ਮਾਲੀ ਨੁਕਸਾਨ ਹੋਇਆ। ਸਰਦਾਰ ਸੁੱਖਾ ਸਿੰਘ ਦੀ ਲੱਤ 'ਤੇ ਇਕ ਦੇਸੀ ਤੋਪ ਦਾ ਗੋਲੀ ਲੱਗਾ ਤੇ ਉਸ ਨਾਲ ਉਸ ਦੀ ਹੱਡੀ ਟੁੱਟ ਗਈ। ਉਹ ਫਿਰ ਉਸ ਨੂੰ ਬੰਨ੍ਹ ਕੇ ਦੁਬਾਰਾ ਆਪਣੇ ਦਲ 'ਚ ਆ ਮਿਲਿਆ। ਇਸ ਬੜੇ ਨਾਜ਼ੁਕ ਸਮੇਂ 'ਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਦੂਸਰੇ ਸਰਦਾਰਾਂ ਦੀ ਸਹਾਇਤਾ ਨਾਲ ਬੜਾ ਜ਼ਬਰਦਸਤ ਹਮਲਾ ਕਰ ਦਿੱਤਾ। ਇਸ ਹਮਲੇ ਨਾਲ ਦੁਸ਼ਮਣ ਦੀ ਕੀਤੀ ਗਈ ਨਾਕੇਬੰਦੀ ਤਬਾਹ ਹੋ ਗਈ। ਇਸ ਸਥਿਤੀ ਦਾ ਫਾਇਦਾ ਉਠਾਉਂਦੇ ਹੋਏ ਸਿੱਖ ਜਵਾਨ ਬਹੁਤ ਸੰਘਣੀ ਝਾੜੀਆਂ 'ਚ ਚਲੇ ਗਏ। ਇਸ ਉਪਰੰਤ ਰਾਤ ਹੋ ਗਈ। ਸਿੱਖ ਇਤਿਹਾਸ 'ਚ ਇਹ ਪਹਿਲਾ ਮੌਕਾ ਸੀ ਜਦੋਂ ਇਕ ਹੀ ਦਿਨ 'ਚ ਸਿੱਖਾਂ ਨੇ ਆਪਣੇ ਭਾਰੀ ਜਾਨੀ ਤੇ ਮਾਲੀ ਨੁਕਸਾਨ ਨੂੰ ਝੱਲਣਾ ਪਿਆ। ਨਤੀਜੇ ਵਜੋਂ ਇਸ ਦਿਨ ਨੂੰ 'ਘੱਲੂਘਾਰੇ' (ਬਹੁਤ ਤਬਾਹੀ) ਦਾ ਦਿਨ ਕਿਹਾ ਜਾਂਦਾ ਹੈ। ਇਹ ਪਹਿਲਾ ਤੇ ਛੋਟਾ 'ਘੱਲੂਘਾਰਾ' ਸੀ। ਦੂਸਰਾ ਤੇ ਵੱਡਾ 'ਘੱਲੂਘਾਰਾ' 5 ਫਰਵਰੀ, 1762 ਈਸਵੀ ਨੂੰ ਅਹਿਮਦਸ਼ਾਹ ਅਬਦਾਲੀ (ਦੁਰਾਨੀ) ਦੇ ਨਾਲ ਰਣ-ਖੇਤਰ 'ਚ ਹੋਇਆ ਸੀ।

ਰਾਤ ਦਾ ਹਨੇਰਾ ਹੋਣ ਕਾਰਨ ਯੁੱਧ ਖਤਮ ਹੋ ਗਿਆ। ਲਖਪਤ ਰਾਏ ਦੀ ਫੌਜ ਨੇ ਸਮਝ ਲਿਆ ਕਿ ਸਿੱਖ ਬੁਰੀ ਤਰ੍ਹਾਂ ਹਾਰ ਕੇ ਦੌੜ ਗਏ ਹਨ। ਆਖਿਰ ਉਸ ਦੀ ਸੈਨਾ ਬੇਫਿਕਰ ਹੋ ਕੇ ਆਪਣੇ-ਆਪਣੇ ਸ਼ਿਵਰਾਂ 'ਚ ਆਰਾਮ ਕਰਨ ਲਈ ਚਲੇ ਗਈ। ਦੂਸਰੇ ਪਾਸੇ ਸਿੱਖ ਝਾੜੀਆਂ 'ਚੋਂ ਬਾਹਰ ਨਿਕਲ ਕੇ 'ਖਾਲਸਾ ਦਲ' ਦੁਬਾਰਾ ਇਕੱਠਾ ਹੋ ਗਿਆ। ਉਹਨਾਂ ਦੇ ਨੇਤਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਆਪਣੇ ਸਿੱਖਾਂ ਦੇ ਮਨੋਬਲ ਨੂੰ ਹੋਰ ਤਕੜਾ ਬਣਾਉਣ ਲਈ ਕਿਹਾ- ਖਾਲਸਾ ਜੀ! ਦੁਸ਼ਮਣ ਦਾ ਨੁਕਸਾਨ ਕਰਨ ਲਈ ਹੁਣ ਇਹੀ ਮੌਕਾ ਵਧੀਆ ਹੈ, ਸਾਨੂੰ ਦੌੜਦਿਆਂ ਨੂੰ ਦੇਖ ਕੇ ਦੁਸ਼ਮਣ ਨਿਡਰ ਹੋ ਕੇ ਸੌਂ ਗਿਆ ਹੈ। ਇਸ ਸਮੇਂ ਉਹਨਾਂ ਨੂੰ ਨੀਂਦ ਨੇ ਦਬਾਇਆ ਹੋਇਆ ਹੈ, ਇਸ ਲਈ ਹਮਲਾ ਕਰਕੇ ਉਹਨਾਂ ਤੋਂ ਕੁਝ ਘੋੜੇ ਤੇ ਅਸ਼ਤਰ-ਸਸ਼ਤਰ ਆਸਾਨੀ ਨਾਲ ਪ੍ਰਾਪਤ ਕੀਤੇ ਜਾ ਸਕਦੇ ਹਨ। ਸਾਰੇ ਸਿੱਖ ਸਰਦਾਰਾਂ ਨੇ ਇਸ ਸੁਝਾਅ 'ਤੇ ਪੂਰੀ ਤਰ੍ਹਾਂ ਅਮਲ ਕਰਨ ਦਾ ਆਪਣਾ ਮਨ ਬਣਾ ਲਿਆ ਤੇ ਦੁਸ਼ਮਣ ਦੀਆਂ ਫੌਜਾਂ 'ਤੇ ਹਮਲਾ ਕਰ ਦਿੱਤਾ। ਸਿੱਖ ਨੌਜਵਾਨਾਂ ਨੇ ਦੇਖਦੇ ਹੀ ਦੇਖਦੇ ਸੁੱਤੇ ਪਏ ਅਣਗਿਣਤ ਦੁਸ਼ਮਣਾਂ ਨੂੰ ਸਦਾ ਦੀ ਨੀਂਦ ਸੁਆ ਦਿੱਤਾ ਤੇ ਦੁਸ਼ਮਣ ਦੁਆਰਾ ਮਿਸ਼ਾਲਾਂ ਜਗਾਉਣ ਤੇ ਚੁਸਤ-ਦਰੁਸਤ ਹੋਣ ਤੋਂ ਪਹਿਲਾਂ ਹੀ ਬਹੁਤ ਸਾਰੇ ਘੋੜੇ ਤੇ ਹਥਿਆਰ ਖੋਹ ਕੇ ਫਿਰ ਕੰਡੇਦਾਰ ਝਾੜੀਆਂ 'ਚ ਚਲੇ ਗਏ। ਸ਼ਾਮ ਤੱਕ ਲਖਪਤ ਰਾਏ ਆਪਣੀ ਵਿਸ਼ੇਸ਼ ਸੈਨਾ ਲੈ ਕੇ ਉਹਨਾਂ ਦੀ ਮਦਦ ਲਈ ਪਹੁੰਚ ਗਿਆ। ਉਸ ਦੇ ਨਾਲ ਉਸ ਇਲਾਕੇ ਦੇ ਅਣਗਿਣਤ ਲੋਕ ਵੀ ਸਨ ਤੇ ਉਹ ਲਖਪਤ ਰਾਏ ਦੀ ਸੈਨਾ ਦੇ ਅੱਗੇ-ਅੱਗੇ ਢੋਲ ਤੇ ਨਗਾਰੇ ਵਜਾ ਰਹੇ ਸਨ। ਢੋਲ ਨਗਾਰਿਆਂ ਦੇ ਵਜਾਉਣ ਵਾਲਿਆਂ ਦੇ ਪਿੱਛੇ ਸਨ ਪਿੰਡਾਂ 'ਚ ਬਣੇ ਤੋੜੇ (ਪਲੀਤੇ), ਬੇਲ, ਨੇਜੇ, ਕੁਲਹਾੜੀਆਂ ਤੇ ਗੰਡਾਸਿਆਂ ਨਾਲ ਲੈਸ ਸੈਨਿਕ। ਇਹ ਲੋਕ ਝਾੜੀਆਂ ਇਸ ਤਰ੍ਹਾਂ ਫਰੋਲ ਰਹੇ ਸਨ, ਜਿਵੇਂ ਸ਼ਿਕਾਰੀ ਕੁੱਤੇ ਝਾੜੀਆਂ 'ਚ ਛਿਪੇ ਹੋਏ ਇਹਨਾਂ ਨੂੰ ਲੱਭ ਰਹੇ ਹੋਣ। ਇਹ ਸਮਾਂ ਸਿੱਖਾਂ ਲਈ ਜੰਗਲ 'ਚੋਂ ਬਾਹਰ ਆਉਣਾ ਬੜਾ ਜੋਖਿਮ ਭਰਿਆ ਸੀ ਪ੍ਰੰਤੂ ਫਿਰ ਵੀ ਸਿੱਖ ਸੂਰਮਿਆਂ ਨੇ ਵਾਹਿਗੁਰੂ 'ਤੇ ਭਰੋਸਾ ਕਰਕੇ ਇਕ ਵਾਰ ਫਿਰ ਹਮਲਾ ਕੀਤਾ। ਇਸ ਜ਼ੋਰਦਾਰ ਹਮਲੇ 'ਚ ਉਥੋਂ ਦੇ ਸਥਾਨਕ ਲੋਕ ਦੌੜ ਗਏ। ਸਿਰ ਧੜ ਦੀ ਬਾਜੀ ਲਾਉਣ ਵਾਲੇ ਸਿੱਖ ਸੂਰਵੀਰਾਂ ਦੇ ਸਾਹਮਣੇ ਮੇਲਾ ਦੇਖਣ ਆਈ ਭੀੜ ਕਿਵੇਂ ਟਿਕ ਸਕਦੀ ਸੀ। ਸਿੱਖਾਂ ਦੇ ਦੁਸ਼ਮਣ ਬਣ ਕੇ ਆਏ ਤਮਾਸ਼ਬੀਨ ਲੋਕਾਂ ਦੀ ਭੀੜ ਨੇ ਦੌੜਦੇ ਹੋਏ ਪਿੱਛੇ ਮੁੜ ਕੇ ਵੀ ਨਹੀਂ ਦੇਖਿਆ। ਸਿੱਖਾਂ ਨੇ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਬੁਲਾਅ ਕੇ ਮਿਆਨ 'ਚੋਂ ਆਪਣੀਆਂ ਤਲਵਾਰਾਂ ਖਿੱਚੀਆਂ ਹੀ ਸਨ ਕਿ ਲਖਪਤ ਰਾਏ ਦੀ ਸੈਨਾ 'ਚ ਭਗਦੜ ਮੱਚ ਗਈ ਤੇ ਉਸ ਦੇ ਸੈਨਿਕ ਆਪਣੀਆਂ ਜਾਨਾਂ ਬਚਾਉਣ ਲਈ ਝਾੜੀਆਂ 'ਚ ਸਿਰ ਛੁਪਾਉਣ ਲਈ ਜਗ੍ਹਾ ਢੂੰਡਣ ਲੱਗ ਪਏ।

ਪਿੱਛੇ ਬਚੇ ਸਿੱਖ ਜਵਾਨਾਂ ਨੇ ਦਰਖਤਾਂ ਦੀਆਂ ਟਹਿਣੀਆਂ ਦੀ ਬੇੜੀ ਬਣਾ ਲਈ ਤੇ ਉਸ ਦੇ ਸਹਾਰੇ ਹੌਲੀ-ਹੌਲੀ ਉਹ ਰਾਵੀ ਨਦੀ ਪਾਰ ਕਰਦੇ ਗਏ ਤੇ ਉਹ ਰਿਆੜਵੀ ਇਲਾਕੇ 'ਚ ਪਹੁੰਚ ਗਏ। ਇਹ ਇਲਾਕਾ ਰਾਮਾ ਰੰਧਾਵਾ ਦਾ ਸੀ। ਉਸ ਦਾ ਵਤੀਰਾ ਤਾਂ ਸਿੱਖਾਂ ਪ੍ਰਤੀ ਬਹੁਤ ਹੀ ਬੁਰਾ ਸੀ। ਉਸ ਬਾਰੇ ਤਾਂ ਇਕ ਲੋਕ ਕਹਾਵਤ ਬੜੀ ਪ੍ਰਸਿੱਧ ਸੀ-
'ਦੇਸ਼ ਨਾ ਤੁਸੀਂ ਰਾਮੇ ਦੇ ਜਾਇਓ, ਭਲੇ ਹੀ ਤੁਸੀਂ ਕੰਦਮੂਲ (ਘਾਹ-ਫੂਸ) ਮਾਝੇ ਵਿਚ ਖਾਇਓ'

ਸਿੱਖਾਂ ਨੇ ਇਕ ਅੱਧਾ ਦਿਨ ਬੜੀ ਅੱਤ ਦੀ ਗਰਮੀ 'ਚ ਬਤੀਤ ਕੀਤਾ। ਉਹ ਫਿਰ ਸ੍ਰੀ ਹਰਿਗੋਬਿੰਦ ਸਾਹਿਬ ਦੇ ਪਵਿੱਤਰ ਸਥਾਨ ਦੇ ਨਜ਼ਦੀਕੋਂ ਬਿਆਸ ਨਦੀ ਪਾਰ ਕਰਕੇ ਦੁਆਬਾ ਖੇਤਰ 'ਚ ਆ ਗਏ ਤੇ ਮੀਰ ਕੋਟ ਦੇ ਕੰਡੇਦਾਰ ਦਰਖਤਾਂ ਤੇ ਝਾੜੀਆਂ ਦੇ ਝੁਰਮਟ 'ਚ ਆਪਣੇ ਠਿਕਾਣੇ ਬਣਾ ਲਏ। ਸਿੱਖ ਕਈ ਦਿਨਾਂ ਦੇ ਭੁੱਖੇ ਸਨ। ਇਸ ਸਮੇਂ ਇਹਨਾਂ ਕੋਲ ਨਾ ਤਾਂ ਕੋਈ ਰਾਸ਼ਨ-ਪਾਣੀ ਸੀ ਤੇ ਨਾ ਹੀ ਭੋਜਨ ਤਿਆਰ ਕਰਨ ਲਈ ਕੋਈ ਬਰਤਨ ਆਦਿ ਸਨ। ਇੱਥੇ ਇਹਨਾਂ ਨੇ ਨੇੜੇ ਦੇ ਪਿੰਡਾਂ ਤੋਂ ਆਟਾ-ਦਾਲ ਖਰੀਦਿਆ ਤੇ ਘੋੜਿਆਂ ਨੂੰ ਘਾਹ ਵਗੈਰਾ

**(ਬਾਕੀ ਅਗਲੇ ਸਫੇ ਤੇ)**

### ਮਹਾਨ ਸ਼ਖ਼ਸੀਅਤ- ਮਹਾਨ ਸਿਧਾਂਤ

# ਅਣਖ ਤੋਂ ਸੱਖਣਾ ਬੰਦਾ ਕੁਝ ਵੀ ਨਹੀਂ!



ਕੇ. ਸੀ. ਸੁਲੇਖ
0172-4623503

ਮਹਾਰਾਸ਼ਟਰ ਵਿਚ ਬਾਬਾ ਸਾਹਿਬ ਅੰਬੇਡਕਰ ਇਕ ਜਗ੍ਹਾ ਦਲਿਤ ਲੋਕਾਂ ਨੂੰ ਸਾਵਧਾਨ ਕਰਦੇ ਹੋਏ ਆਪਣੇ ਭਾਸ਼ਣ ਵਿਚ ਕਿਹਾ ਸੀ, "ਬੰਦੇ ਨੂੰ ਆਪਣਾ ਮਾਣ ਸਨਮਾਨ ਗੁਆ ਕੇ ਜਿਉਂਦੇ ਰਹਿਣਾ ਬਹੁਤ ਹੀ ਸ਼ਰਮਨਾਕ ਗੱਲ ਹੈ। ਆਤਮ ਸਨਮਾਨ ਦਾ ਆਦਮੀ ਦੇ ਜੀਵਨ ਵਿਚ ਇਕ ਬਹੁਤ ਹੀ ਮਹੱਤਵਪੂਰਨ ਸਥਾਨ ਹੈ, ਇਸ ਤੋਂ ਬਿਨਾਂ ਇਨਸਾਨ ਸਿਫ਼ਰ (ਕੁਝ ਵੀ ਨਹੀਂ) ਹੈ। ਇੱਜ਼ਤ ਮਾਣ ਨਾਲ ਜੀਵਨ ਜਿਊਣ ਵਾਲੇ ਬੰਦੇ ਨੂੰ ਹਜ਼ਾਰਾਂ ਮੁਸ਼ਕਿਲਾਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਹਨਾਂ ਉੱਤੇ ਕਾਬੂ ਪਾਉਣਾ ਜ਼ਰੂਰੀ ਹੈ। ਕਠਿਨ ਅਤੇ ਨਿਰੰਤਰ ਸੰਘਰਸ਼ ਕਰਕੇ ਹੀ ਬੰਦੇ ਨੂੰ ਸ਼ਕਤੀ, ਹਿੰਮਤ ਅਤੇ ਮਾਨਤਾ ਮਿਲ ਸਕਦੀ ਹੈ।' ਇਹ ਵਿਚਾਰ ਸਹੀ ਮਾਅਨਿਆਂ ਵਿਚ ਖੁਦ ਬਾਬਾ ਸਾਹਿਬ ਦੇ ਆਪਣੇ ਹੀ ਸੰਘਰਸ਼ਮਈ ਜੀਵਨ ਦਾ ਅਲੰਕਾਰ ਹਨ। ਉਹਨਾਂ ਨੂੰ ਜੋ ਆਪਣੀ ਮੰਜ਼ਿਲ ਤੱਕ ਪੁੱਜਣ ਦੀ ਸ਼ਕਤੀ ਮਿਲੀ, ਬ੍ਰਾਹਮਣੀ ਵਿਵਸਥਾ ਖ਼ਿਲਾਫ਼ ਟੱਕਰ ਲੈਣ ਦਾ ਹੌਸਲਾ ਮਿਲਿਆ ਅਤੇ ਜੋ ਉਹਨਾਂ ਨੂੰ ਆਪਣੇ ਸੰਘਰਸ਼ ਦੀ ਕਾਮਯਾਬੀ ਲਈ ਦੁਨੀਆਂ ਭਰ 'ਚੋਂ ਸਨਮਾਨ ਅਤੇ ਸ਼ਲਾਘਾ ਮਿਲੀ, ਉਹ ਸਭ ਉਹਨਾਂ ਦੀ ਸਿਧਾਂਤਾਂ ਪ੍ਰਤੀ ਅਡੋਲ ਪ੍ਰਤੀਬੱਧਤਾ, ਸ਼ੁੱਧ ਅੰਤਾਕਰਨ (ਜ਼ਮੀਰ) ਅਤੇ ਦ੍ਰਿੜ੍ਹ ਇੱਛਾ ਸ਼ਕਤੀ ਦੀ ਬਦੌਲਤ ਹੀ ਹੋ ਸਕਿਆ।

ਬੰਦੇ ਦਾ ਇਸ ਸੰਸਾਰ 'ਚ ਆਉਣ ਦਾ ਮਕਸਦ ਅਤੇ ਇੱਥੇ ਆ ਕੇ ਉਸ ਦੇ ਜਿਊਣ ਦਾ ਪੱਧਰ ਕਿਹੋ ਜਿਹਾ ਹੋਣਾ ਚਾਹੀਦੈ, ਇਸ ਵਿਸ਼ੇ 'ਤੇ ਜੋ ਵਿਚਾਰ ਉਹਨਾਂ ਆਪਣੀ ਪੱਤ੍ਰਿਕਾ 'ਬਹਿਸ਼ਕ੍ਰਿਤ ਭਾਰਤ' (1927) ਵਿਚ ਪ੍ਰਗਟ ਕੀਤੇ, ਉਹ ਅੱਜ ਵੀ ਖਾਸ ਕਰ ਦਲਿਤ ਸਮਾਜ ਲਈ ਉਸੇ ਤਰ੍ਹਾਂ ਸਾਰਥਕ ਹਨ। ਉਹਨਾਂ ਨੇ ਲਿਖਿਆ ਸੀ 'ਜੀਵਨ ਨੂੰ ਜਿਵੇਂ ਕਿਵੇਂ ਬੇਮਕਸਦ ਘੜੀਸਣਾ ਜਾਂ ਕਾਂ ਵਾਂਗ ਹਜ਼ਾਰਾਂ ਸਾਲ ਜਿਉਂਦੇ ਰਹਿਣਾ ਇਕ ਮਾਤਰ ਆਦਰ ਯੋਗ ਰਸਤਾ (ਢੰਗ) ਨਹੀਂ ਹੈ। ਜੀਵਨ ਨੂੰ ਕਿਸੇ ਉੱਚੇ ਸੰਕਲਪ, ਦੇਸ਼ ਸਨਮਾਨ ਜਾਂ ਸਤਿਮਾਰਗ ਲਈ ਕੁਰਬਾਨ ਕਰਕੇ ਹੀ ਉੱਚਾ ਅਤੇ ਅਮਰ ਬਣਾਇਆ ਜਾ ਸਕਦਾ ਹੈ। ਮਨੁੱਖੀ ਅਧਿਕਾਰਾਂ ਲਈ ਲੜਦੇ ਲੜਦੇ ਬਹੁਤ ਸਾਰੇ ਮਹਾਂਪੁਰਸ਼ਾਂ ਨੇ ਆਪਣੇ ਫਰਜ਼ (ਕਰਤੱਵ) ਦੀ ਬਲੀ ਵੇਦੀ ਉੱਤੇ ਆਪਣੇ ਪ੍ਰਾਣ ਨਿਛਾਵਰ ਕਰ ਦਿੱਤੇ। ਕਿਸੇ ਮਹਾਨ ਕਾਰਜ ਵਾਸਤੇ ਭਰੀ ਜਵਾਨੀ ਵਿਚ ਜਾਨ ਦੇ ਦੇਣਾ, ਬੁੱਢੇ ਬਿਰਖ ਦੀ ਤਰ੍ਹਾਂ ਅਤੇ ਨਿਕੰਮੇ ਰਹਿ ਕੇ ਜਿਊਣ ਨਾਲੋਂ ਹਜ਼ਾਰ ਦਰਜੇ ਚੰਗਾ ਹੈ।' ਇਹ ਕਥਨ ਵੀ ਅਮਲ ਪੱਖੋਂ ਬਾਬਾ ਸਾਹਿਬ ਦੇ ਜੀਵਨ ਤੇ ਸੌ ਫ਼ੀਸਦੀ ਪੂਰਾ ਉਤਰਦਾ ਹੈ। ਉਹ ਕੇਵਲ 65 ਸਾਲ ਦੀ ਉਮਰ ਵਿਚ ਥੋੜ੍ਹੇ ਜਿਹੇ ਹੀ ਸਮੇਂ ਜੁਦਾ ਹੋ ਗਏ ਅਤੇ ਸਮਾਜਿਕ ਰੁਝੇਵਿਆਂ ਦੇ 35 ਸਾਲਾਂ ਵਿਚ ਹੀ ਉਹ, ਉਹ ਕੰਮ ਕਰ ਗਏ ਜੋ ਹੋਰ ਕੋਈ ਹਜ਼ਾਰਾਂ ਸਾਲ ਵਿਚ ਵੀ ਨਹੀਂ ਕਰ ਸਕਦਾ ਸੀ। ਰਿਸ਼ੀ ਮੁਨੀਆਂ ਅਤੇ ਰੱਬੀ ਅਵਤਾਰਾਂ ਦੀ ਕਹੀ ਜਾਣ ਵਾਲੀ ਇਸ ਧਰਤੀ 'ਤੇ ਪਤਾ ਨਹੀਂ ਕਿੰਨੇ ਮਹੰਤ ਮਹਾਤਮਾ ਅਤੇ ਸ਼ੰਕਰਾਚਾਰੀਆ ਆਏ ਅਤੇ ਚਲੇ ਗਏ, ਜਿਹਨਾਂ ਨੇ ਮਾਨਵ ਕਲਿਆਣ, ਮਾਨਵ ਮੁਕਤੀ ਦੀਆਂ ਬੜੀਆਂ-ਬੜੀਆਂ ਗੱਲਾਂ ਕੀਤੀਆਂ ਅਤੇ ਬੜੇ-ਬੜੇ ਗ੍ਰੰਥ ਵੀ ਲਿਖੇ ਪਰ ਜਿੱਥੋਂ ਤੱਕ ਮਾਨਵ ਕਲਿਆਣ ਨਾਲ ਜੁੜੀ ਅਸਲ ਸਮੱਸਿਆ ਦਾ ਸਬੰਧ ਹੈ, ਉਹ ਤਾਂ ਉਥੇ ਦੀ ਉਥੇ ਹੀ ਹੈ। ਜਿਸ ਬੰਦੇ ਨੂੰ ਇਕ ਖ਼ਤਰਨਾਕ ਛੜਯੰਤਰ ਅਧੀਨ ਅਛੂਤ ਬਣਾ ਕੇ ਬਾਕੀ ਮਨੁੱਖੀ ਸਮਾਜ ਤੋਂ ਛੇਕ ਦਿੱਤਾ ਗਿਆ, ਉਸ ਦੀ ਛੂਹ, ਉਸ ਦੀ ਛਾਂ, ਉਸ ਦੀ ਦਿੱਖ ਮਨਹੂਸ ਅਤੇ ਅਪਵਿੱਤਰ ਕਰਾਰ ਦੇ ਕੇ ਹਜ਼ਾਰਾਂ ਸਾਲ ਕੁੱਤਿਆਂ ਬਿੱਲਿਆਂ ਤੋਂ ਵੀ ਭੈੜਾ ਜੀਵਨ ਜਿਊਣ ਤੇ ਮਜਬੂਰ ਕਰ ਦਿੱਤਾ ਗਿਆ ਉਹ ਤਾਂ ਉਵੇਂ ਜਿਵੇਂ ਗਰੀਬੀ, ਮੁਥਾਜਗੀ ਵਿਚ ਤੜਫਦਾ ਰਿਹਾ। ਬਾਬਾ ਸਾਹਿਬ ਨੂੰ ਵੀ ਤਾਂ ਇਸੇ ਅਡੰਬਰ ਬਾਰੇ ਇਹ ਕੌੜਾ ਸੱਚ ਬੋਲਣਾ ਪਿਆ ਕਿ 'ਮਹਾਤਮਾ' ਲੋਕ ਤੂਫਾਨ ਵਾਵਰੋਲੇ ਦੀ ਤਰ੍ਹਾਂ ਆਉਂਦੇ ਹਨ, ਕੁਝ ਦੇਰ ਸਿਰਫ਼ ਮਿੱਟੀ ਧੂੜ ਹੀ ਉਡਾਉਂਦੇ ਉਭਾਰਦੇ ਹਨ, ਲੇਕਿਨ ਧਰਤੀ (ਸਮਾਜ) ਦਾ ਪੱਧਰ ਨਹੀਂ- Mahatmas came like piantoms They raise only the dust but not the level. (ਚੇਤੇ ਰਹੇ ਇਹ ਸ਼ਬਦ ਬਾਬਾ ਸਾਹਿਬ ਨੇ 'ਮਹਾਤਮਾ' ਗਾਂਧੀ ਦੇ ਮੂੰਹ ਤੇ ਇਕ ਗੱਲਬਾਤ ਦੇ ਦੌਰਾਨ ਬੋਲੇ ਸਨ) ਇਹ ਢੌਂਗੀ ਬਾਬਿਆਂ ਅਤੇ ਆਡੰਬਰੀ ਮਹਾਤਮਾਵਾਂ ਦੀ ਭੂਮਿਕਾ ਉੱਤੇ ਕਿੰਨੀ ਕਰਾਰੀ ਚੋਟ ਹੈ!

ਲੰਡਨ ਦੀਆਂ ਗੋਲਮੇਜ਼ ਕਾਨਫਰੰਸਾਂ ਵਿਚ ਹੋਈ ਟੱਕਰ ਅਤੇ ਉਹਨਾਂ ਤੋਂ ਪੈਦਾ ਹੋਏ ਅੰਗਰੇਜ਼ ਦੇ ਅੰਬੇਡਕਰ-ਪੱਖੀ ਰੁਝਾਨਾਂ ਤੋਂ ਪ੍ਰੇਸ਼ਾਨ ਹੋਏ ਗਾਂਧੀ ਦੀ ਇੱਛਾ ਅਨੁਸਾਰ ਜਦ ਸਿਰੋਜਨੀ ਨਾਇਡੂ ਜਿਹੇ ਕਾਂਗਰਸੀ ਲੀਡਰਾਂ ਨੇ ਗਾਂਧੀ ਜੀ ਦੀ ਬਾਬਾ ਸਾਹਿਬ ਨਾਲ ਮੁਲਾਕਾਤ ਕਰਵਾਈ, ਉਸ ਸਮੇਂ ਵੀ ਜਦ ਗਾਂਧੀ ਜੀ ਨੇ ਬਾਬਾ ਸਾਹਿਬ ਨਾਲ ਕੇਵਲ ਮੰਗਾਂ ਮੰਗਣ ਵਾਲੇ ਭਿੱਖ ਮੰਗੇ ਵਾਂਗ ਸਲੂਕ ਕੀਤਾ, ਉਦੋਂ ਵੀ ਉਹਨਾਂ ਨੇ ਗਾਂਧੀ ਦੇ ਹੰਕਾਰੀ ਰਵੱਈਏ ਦੇ ਜਵਾਬ ਵਿਚ ਗੱਲਬਾਤ ਨੂੰ ਵਿਚੋਂ ਹੀ ਤੋੜ ਦਿੱਤਾ ਸੀ ਅਤੇ ਇਸ ਤਰ੍ਹਾਂ ਉਹਨਾਂ ਨੂੰ ਮਹਿਸੂਸ ਕਰਾ ਦਿੱਤਾ ਕਿ ਉਹਨਾਂ ਦੀ ਟੱਕਰ ਕਿਸ ਨਾਲ ਹੈ। ਇਸੇ ਤਰ੍ਹਾਂ ਦੇ ਹੰਕਾਰ ਅਤੇ ਸਵੈਮਾਣ ਦੀ ਟੱਕਰ ਦੀ ਇਕ ਹੋਰ ਘਟਨਾ ਜ਼ਿਕਰਯੋਗ ਹੈ: ਜਿਸ ਗਾਂਧੀ ਨੇ 1931 ਦੀ ਦੂਜੀ ਗੋਲਮੇਜ਼ ਕਾਨਫਰੰਸ ਵਿਚ ਬਾਬਾ ਸਾਹਿਬ ਨੂੰ ਦਲਿਤਾਂ ਦੇ ਪ੍ਰਤੀਨਿਧ ਦੇ ਰੂਪ ਵਿਚ ਦੇਖ ਕੇ ਗੁੱਸੇ ਅਤੇ ਹਿਕਾਰਤ ਨਾਲ ਕਿਹਾ ਸੀ ਕਿ ਇੱਥੇ ਅੰਬੇਡਕਰ ਦਾ ਕੀ ਕੰਮ ਹੈ? ਮੈਂ ਹੀ ਸਾਰੇ ਭਾਰਤ ਦੇਸ਼ ਦਾ ਦਲਿਤਾਂ ਸਮੇਤ ਪ੍ਰਤੀਨਿਧ ਹਾਂ' ਉਸੇ ਗਾਂਧੀ ਨੂੰ 1932 ਵਿਚ ਮਰਨ ਵਰਤ ਕਾਰਨ ਜਦ ਮੌਤ ਨਜ਼ਰ ਆਉਣ ਲੱਗੀ ਤਾਂ ਉਸੇ ਅੰਬੇਡਕਰ ਤੋਂ ਇਹ ਕਹਿ ਕੇ ਆਪਣੇ ਪ੍ਰਾਣਾਂ ਦੀ ਭੀਖ ਮੰਗਣੀ ਪਈ ਕਿ 'ਡਾ. ਸਾਹਿਬ, ਮੇਰੀ ਜਾਨ ਤੁਹਾਡੀ ਮੁੱਠੀ ਵਿਚ ਹੈ, ਤੁਸੀਂ ਹੀ ਮੇਰੀ ਜਾਨ ਬਚਾ ਸਕਦੇ ਹੋ?'

ਬਾਬਾ ਸਾਹਿਬ ਨੇ 1927 ਵਿਚ ਜੋ ਮਹਾੜ ਵਿਖੇ ਚੌਦਾਰ ਤਾਲਾਬ ਤੋਂ ਪਾਣੀ ਪੀਣ ਅਤੇ 1930 ਵਿਚ ਨਾਸਿਕ ਦੇ ਕਾਲਾਰਾਮ ਮੰਦਰ ਪ੍ਰਵੇਸ਼ ਲਈ ਮੋਰਚੇ ਲਗਾਏ ਅਤੇ ਅੰਦੋਲਨ ਕੀਤਾ, ਉਸ ਦਾ ਇਹ ਮਤਲਬ ਨਹੀਂ ਕਿ ਤਲਾਬ ਤੋਂ ਪਾਣੀ ਪੀਤੇ ਬਿਨਾਂ ਦਲਿਤ ਸਮਾਜ ਪਿਆਸ ਨਾਲ ਮਰਦਾ ਜਾ ਰਿਹਾ ਸੀ ਜਾਂ ਮੰਦਰ ਵਿਚ ਰੱਖੀ 'ਭਗਵਾਨ' ਦੀ ਮੂਰਤੀ ਦੇ ਦਰਸ਼ਨ ਜਾਂ ਪੂਜਾ ਕੀਤੇ ਬਿਨਾਂ ਉਹਨਾਂ ਦੇ ਕੀਤੇ ਅਣਕੀਤੇ ਪਾਪਾਂ ਤੋਂ ਮੁਕਤੀ ਨਹੀਂ ਮਿਲਣੀ ਸੀ, ਸਗੋਂ ਇਸ ਦੇ ਉਲਟ ਇਹ ਅੰਦੋਲਨ ਮਾਨਵ ਅਧਿਕਾਰਾਂ ਦੇ ਹਨਨ ਦੇ ਖ਼ਿਲਾਫ਼ ਦਲਿਤ ਸਮੂਹ ਦਾ ਵਿਦਰੋਹ ਪ੍ਰਦਰਸ਼ਨ ਸੀ। ਧਰਮ ਦੇ ਨਾਂ ਤੇ ਇਹ ਕਿੰਨੀ ਹਨੇਰਗਰਦੀ ਸੀ ਕਿ ਤਲਾਬ ਤੋਂ ਕੁੱਤੇ, ਖੋਤੇ ਅਤੇ ਹੋਰ ਜਾਨਵਰ ਤਾਂ ਪਾਣੀ ਪੀ ਸਕਣ, ਵਿਚ ਪਿਸ਼ਾਬ ਵੀ ਕਰ ਸਕਣ ਲੇਕਿਨ ਅਛੂਤ ਰੂਪੀ ਇਨਸਾਨ ਨੂੰ ਨੇੜੇ ਢੁੱਕਣ ਦੀ ਵੀ ਮਨਾਹੀ ਸੀ। ਫਿਰ ਖੂਨ ਕਿਉਂ ਹਰਕਤ ਵਿਚ ਨਾ ਆਵੇ?

1927 ਵਿਚ ਹੀ ਬ੍ਰਾਹਮਣੀ ਕਾਲੇ ਕਾਨੂੰਨਾਂ ਦੀ ਕਿਤਾਬ 'ਮਨੂ ਸਮ੍ਰਿਤੀ' ਨੂੰ ਚੌਰਾਹੇ ਵਿਚ ਚਿਤਾ ਬਣਾ ਕੇ ਅੱਗ ਨਾਲ ਸਾੜਿਆ ਗਿਆ ਜੋ ਸਵੈ-ਮਾਣ ਦਾ ਹੀ ਇਕ ਉਗਰ ਰੂਪ ਸੀ। ਸਪਸ਼ਟ ਹੈ ਕਿ ਇਸ ਉਗਰ ਵਿਦਰੋਹ ਪ੍ਰਦਰਸ਼ਨ ਦਾ ਮਕਸਦ ਜਿੱਥੇ ਇਕ ਪਾਸੇ ਹਿੰਦੂ ਸਮਾਜ ਦੇ ਘਿਰਣਾ ਯੋਗ ਵਰਨ ਆਸ਼ਰਮ ਧਰਮ ਦੇ ਅਮਾਨਵੀ ਚਿਹਰੇ ਨੂੰ ਬੇਪਰਦਾ ਕਰਨਾ ਸੀ, ਉਥੇ ਦੂਜੇ ਪਾਸੇ ਇਸੇ ਧਰਮ ਦੇ ਸਤਾਏ ਦਲਿਤ ਵਰਗ ਨੂੰ ਉਹਨਾਂ ਦੇ ਨਰਕੀ ਜੀਵਨ ਨੂੰ ਉਜਾਗਰ ਕਰਕੇ ਉਹਨਾਂ ਦੀ ਸੁੱਤੀ ਪਈ ਜ਼ਮੀਰ ਨੂੰ ਟੁੰਬ ਕੇ ਉਹਨਾਂ ਦੇ ਮੁਰਦਾ ਦਿਲਾਂ ਵਿਚ ਆਤਮ ਸਨਮਾਨ, ਆਤਮ ਵਿਸ਼ਵਾਸ ਅਤੇ ਸਮਾਨਤਾ ਦੇ ਜਜ਼ਬਾਤ ਜਗਾਣਾ ਸੀ ਅਤੇ ਉਹ ਮਕਸਦ ਸਫਲ ਵੀ ਹੋ ਗਿਆ। ਖੁਦਦਾਰੀ ਦਾ ਸ਼ੁਰੂ ਹੋਇਆ ਇਹ ਚੱਕਰ ਹੁਣ ਰੁਕਣ ਵਾਲਾ ਵੀ ਨਹੀਂ। ਖੁਦੀ (ਆਤਮ ਪਛਾਣ-ਆਤਮ ਸਨਮਾਨ) ਬਾਰੇ ਬਾਬਾ ਸਾਹਿਬ ਦੀ ਫਿਲਾਸਫ਼ੀ ਨੂੰ ਉਰਦੂ ਫਾਰਸੀ ਦੇ ਮਹਾਨ ਸ਼ਾਇਰ ਅਲਾਮਾ ਇਕਬਾਲ ਨੇ ਆਪਣੀ ਨਜ਼ਮ ਵਿਚ ਕਿੰਨੀ ਖ਼ੂਬਸੂਰਤੀ ਨਾਲ ਬਿਆਨ ਕੀਤਾ ਹੈ:

ਖ਼ੁਦੀ ਕੋ ਕਰ ਬੁਲੰਦ ਇਤਨਾ ਕਿ ਹਰ ਤਕਦੀਰ ਸੇ ਪਹਿਲੇ
ਖ਼ੁਦਾ ਬੰਦੇ ਸੇ ਖ਼ੁਦ ਪੂਛੇ ਬਤਾ ਤੇਰੀ ਰਜ਼ਾ ਕਿਆ ਹੈ

ਗੁਲਾਮ ਬੰਦੇ ਨੂੰ ਜੇ ਇਹ ਅਹਿਸਾਸ ਹੋ ਜਾਵੇ ਕਿ ਉਹ ਗੁਲਾਮ ਹੈ, ਯਾਨਿ ਅਜਿਹਾ ਆਦਮੀ ਜਿਸ ਨੂੰ ਆਪਣੀ ਮਰਜ਼ੀ ਨਾਲ ਕੋਈ ਵੀ ਕੰਮ ਕਰਨ ਦਾ ਅਖ਼ਤਿਆਰ ਨਾ ਹੋਵੇ ਤਾਂ ਉਹ ਆਪਣੇ ਉਪਰ ਲੱਗੀਆਂ ਪਾਬੰਦੀਆਂ, ਬੇੜੀਆਂ ਨੂੰ ਤੋੜ ਕੇ ਬਗਾਵਤ ਲਈ ਉੱਠ ਖੜ੍ਹਾ ਹੋ ਜਾਵੇਗਾ, ਲੇਕਿਨ ਇੱਥੇ ਤਾਂ ਦਲਿਤਾਂ ਦੀ ਹਾਲਤ ਛੂਤਛਾਤ ਅਤੇ ਜਾਤ ਨਫ਼ਰਤ ਦੇ ਕਾਰਨ ਗੁਲਾਮਾਂ ਨਾਲੋਂ ਵੀ ਕਿਤੇ ਵੱਧ ਡਰਾਉਣੀ ਸੀ। ਅਜਿਹੇ ਹਾਲਾਤ ਵਿਚ ਭਾਰਤ ਦੀ ਬ੍ਰਾਹਮਣੀ ਧਰਤੀ ਤੇ ਦਲਿਤ ਇਨਕਲਾਬ ਲਿਆਉਣਾ ਕਿਸੇ ਚਮਤਕਾਰ ਤੋਂ ਘੱਟ ਨਹੀਂ ਕਿਹਾ ਜਾ ਸਕਦਾ। ਬਾਬਾ ਸਾਹਿਬ ਦੇ ਸਵੈਮਾਣ ਦੀ ਵੰਗਾਰ ਕੇਵਲ ਦਲਿਤ ਵਰਗਾਂ ਤੱਕ ਹੀ ਸੀਮਤ ਨਹੀਂ ਸੀ। ਉਹਨਾਂ ਨੇ ਤਾਂ ਦੇਸ਼ ਵਾਸੀਆਂ ਨੂੰ ਸਮੁੱਚੇ ਤੌਰ ਤੇ ਅਤੇ ਹਿੰਦੂ ਸਮਾਜ ਨੂੰ ਖਾਸ ਤੌਰ 'ਤੇ ਆਪਣੀਆਂ ਲਿਖਤਾਂ ਰਾਹੀਂ ਵਾਰ-ਵਾਰ ਸਾਵਧਾਨ ਕੀਤਾ ਕਿ ਉਹਨਾਂ ਨੂੰ ਸਮਝਣਾ ਚਾਹੀਦੈ ਕਿ ਬ੍ਰਾਹਮਣਾਂ ਨੇ ਉਹਨਾਂ ਨੂੰ ਅੰਧ ਵਿਸ਼ਵਾਸ ਅਤੇ ਰੂੜ੍ਹੀਵਾਦ ਦੀ ਕਿੰਨੀ ਡੂੰਘੀ ਦਲਦਲ ਵਿਚ ਫਸਾ ਰੱਖਿਆ ਹੈ ਅਤੇ ਕਿਉਂ ਉਹਨਾਂ ਨੂੰ ਇਸ ਦਲਦਲ 'ਚੋਂ ਨਿਕਲ ਕੇ ਬ੍ਰਾਹਮਣੀ ਮੱਕੜਜਾਲ ਤੋਂ ਆਜ਼ਾਦ ਹੋਣਾ ਚਾਹੀਦਾ ਹੈ। ਕਿਉਂਕਿ ਮਨ ਆਜ਼ਾਦ ਹੋਏ ਬਿਨਾਂ ਉਜਲੇ ਭਵਿੱਖ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

ਅਲਾਮਾ ਇਕਬਾਲ ਨੇ ਹੀ ਦੇਸ਼ ਵਾਸੀਆਂ ਨੂੰ ਧਰਮਾਂ ਦੇ ਭੇਦਭਾਵ ਭੁਲਾ ਕੇ ਆਪਸ ਵਿਚ ਪਿਆਰ-ਪ੍ਰੇਮ ਸਹਿਤ ਰਹਿਣ ਅਤੇ ਉਹਨਾਂ ਦੇ ਮਨੋਬਲ ਵਧਾਉਣ ਦੇ ਮੰਤਵ ਨਾਲ ਆਪਣੀ ਪ੍ਰਸਿੱਧ ਨਜ਼ਮ 'ਤਰਾਨਾ-ਏ-ਹਿੰਦੀ' ਲਿਖੀ ਸੀ, ਜਿਸ ਦਾ ਇਕ ਸ਼ੇਅਰ ਸੀ:

ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ
ਸਦੀਉਂ ਰਹਾ ਹੈ, ਦੁਸ਼ਮਨ ਦੌਰ-ਏ-ਜ਼ਮਾਂ ਹਮਾਰਾ

ਠੀਕ ਹੈ ਕਿ ਕਿਸੇ ਮਹਾਨ ਕਾਰਜ (ਕਾਰਨਾਮੇ) ਕਰਨ ਤੇ ਫਖ਼ਰ (ਮਾਣ) ਕਰਨਾ ਕੋਈ ਬੁਰੀ ਗੱਲ ਨਹੀਂ ਲੇਕਿਨ ਜਿੱਥੋਂ ਤੱਕ ਭਾਰਤ ਦੇ ਪ੍ਰਾਚੀਨ ਇਤਿਹਾਸ ਵਿਚ ਹਿੰਦੂ ਸਭਿਅਤਾ ਦੁਆਰਾ ਮਾਨਵਤਾ ਨਾਲ ਕੀਤੇ ਗਏ ਅੱਤਿਆਚਾਰਾਂ ਦਾ ਸਬੰਧ ਹੈ, ਉਸ ਅੱਤਿਆਚਾਰੀ ਕਾਰਨਾਮਿਆਂ ਤੇ ਫਖ਼ਰ ਕਰਨ ਵਾਲੀ ਕੋਈ ਤੁਕ ਵੀ ਨਜ਼ਰ ਨਹੀਂ ਆਉਂਦੀ। ਹਿੰਦੂਆਂ ਦੇ ਅਜਿਹੇ ਹੀ ਝੂਠ-ਮੂਠ ਦੇ ਫਖ਼ਰ ਦੀ ਫੂਕ ਕੱਢਦੇ ਹੋਏ ਬਾਬਾ ਸਾਹਿਬ ਆਪਣੀ ਸ਼ਾਹਕਾਰ ਰਚਨਾ 'ਜਾਤ ਪਾਤ ਦਾ ਬੀਜ ਨਾਸ਼' ਵਿਚ ਲਿਖਦੇ ਹਨ:

'ਸਵਾਲ ਇਹ ਨਹੀਂ ਕਿ ਕੋਈ ਤਬਕਾ (ਫਿਰਕਾ) ਜਿਉਂਦਾ ਰਹਿੰਦਾ ਹੈ ਜਾਂ ਮਰ ਜਾਂਦਾ ਹੈ। ਅਸਲ ਸਵਾਲ ਤਾਂ ਇਹ ਹੈ ਕਿ ਉਹ ਕਿਸ ਪੱਧਰ 'ਤੇ ਜਿਉਂਦਾ ਹੈ। ਜ਼ਿੰਦਾ ਰਹਿਣ ਦੇ ਵੀ ਕਈ ਅੱਡ-ਅੱਡ ਤਰੀਕੇ ਹੁੰਦੇ ਹਨ, ਲੇਕਿਨ ਇਹ ਤਰੀਕੇ ਸਾਰੇ ਦੇ ਸਾਰੇ ਮਾਣ ਕਰਨ ਯੋਗ ਨਹੀਂ ਹੁੰਦੇ, ਵਿਅਕਤੀ ਲਈ ਵੀ ਅਤੇ ਸਮਾਜ ਲਈ ਵੀ। ਐਵੇਂ ਜਿਉਂਦੇ ਰਹਿਣ ਅਤੇ ਠੁੱਕ ਨਾਲ ਜਿਊਣ ਵਿਚ ਬਹੁਤ ਫਰਕ ਹੈ। ਜੰਗ ਵਿਚ ਲੜਨਾ ਅਤੇ ਸਿਰ ਉੱਚਾ ਕਰਕੇ ਜਿਊਣ ਦਾ ਵੀ ਇਕ ਤਰੀਕਾ ਹੈ ਅਤੇ ਜੰਗ ਵਿਚ ਮੈਦਾਨ ਛੱਡ ਕੇ ਭੱਜ ਜਾਣਾ ਜਾਂ ਆਪਾ ਸਮਰਪਣ ਕਰਕੇ ਜਿਉਂਦੇ ਬਚ ਜਾਣ ਦਾ ਵੀ ਦੂਜਾ ਤਰੀਕਾ (ਰਸਤਾ) ਹੈ।'

ਬਾਬਾ ਸਾਹਿਬ ਦੇ ਇਹ ਵਿਚਾਰ ਡਾ. ਰਾਧਾ ਕ੍ਰਿਸ਼ਨਨ ਦੇ ਲੇਖ 'ਹਿੰਦੂਵਿਊ ਆਫ਼ ਲਾਈਫ' ਦੇ ਜਵਾਬ ਵਿਚ ਸਨ ਜਿਸ ਵਿਚ ਉਹਨਾਂ ਨੇ ਵੀ ਇਕ ਆਮ ਹਿੰਦੂ ਦੇ ਲਹਿਜੇ ਵਿਚ ਹੀ ਹਿੰਦੂ ਪ੍ਰਾਚੀਨ ਸਭਿਅਤਾ ਅਤੇ ਸੰਸਕ੍ਰਿਤੀ ਦੇ ਗੁਣ ਗਾਏ ਸਨ ਅਤੇ ਇਸ ਗੱਲ ਤੇ ਫਖ਼ਰ ਦਾ ਪ੍ਰਗਟਾਵਾ ਕੀਤਾ ਸੀ ਕਿ ਭਾਰਤ ਵਿਚ ਚਾਰ ਪੰਜ ਹਜ਼ਾਰ ਸਾਲ ਦੇ ਦੌਰਾਨ ਮੁਸਲਮਾਨ, ਈਸਾਈ ਅਤੇ ਹੋਰ ਧਰਮਾਂ ਦੇ ਲੋਕ ਆਏ ਅਤੇ ਹਮਲੇ ਕੀਤੇ ਲੇਕਿਨ ਇਸ ਤੋਂ ਬਾਅਦ ਵੀ ਹਿੰਦੂ ਧਰਮ ਅਤੇ ਸੰਸਕ੍ਰਿਤੀ ਸੁਰੱਖਿਅਤ ਹੈ ਜੋ ਇਸ ਦੀ ਉੱਚਤਾ ਅਤੇ ਸ੍ਰੇਸ਼ਠਤਾ ਦਾ ਬਹੁਤ ਬੜਾ ਸਬੂਤ ਹੈ।' ਇਸ ਚਰਚਾ ਵਿਚ ਬਾਬਾ ਸਾਹਿਬ ਨੇ ਜੋ ਇਕ ਬਹੁਤ ਹੀ ਮਹੱਤਵਪੂਰਨ ਨੁਕਤਾ ਉਠਾਇਆ ਸੀ, ਇੰਝ ਲੱਗਦਾ ਹੈ ਕਿ ਇਹ ਲੋਕ ਉਸ ਵੱਲ ਧਿਆਨ ਦੇਣਾ ਹੀ ਪਸੰਦ ਨਹੀਂ ਕਰਦੇ। ਉਹ ਇਸ ਸਬੰਧ ਵਿਚ ਲਿਖਦੇ ਹਨ: ਹਿੰਦੂ ਦੇ ਆਪਣਾ ਮਾਣ ਸਨਮਾਨ ਗੁਆ ਕੇ ਸਦੀਆਂ ਤੱਕ ਜ਼ਿੰਦਾ ਬਚੇ ਰਹਿਣਾ ਉਸ ਦੀਆਂ ਹਾਰਾਂ ਦੀ ਇਕ ਲੰਬੀ ਕਹਾਣੀ ਹੈ ਜੋ ਫਖ਼ਰ ਦੀ ਨਹੀਂ ਸ਼ਰਮ ਦੀ ਗੱਲ ਹੈ।' (ਇਸ ਵਿਸ਼ੇ ਤੇ ਡਾ. ਸੁਰੇਂਦਰ ਅਜਨਾਤ ਦੀ ਪੁਸਤਕ 'ਹਿੰਦੂ ਇਤਿਹਾਸ ਯਾ ਹਾਰੋਂ ਕੀ ਦਾਸਤਾਨ' ਪੜ੍ਹਨ ਯੋਗ ਹੈ।) (ਬੁਨਿਆਦੀ ਸਵਾਲ ਵੀ ਤਾਂ ਇਹੀ ਹੈ ਕਿ ਇੰਨੀ 'ਸ਼ਾਨਦਾਰ' ਸਭਿਅਤਾ ਦੇ ਹੁੰਦੇ ਹੋਏ ਦੇਸ਼ ਵਾਰ-ਵਾਰ ਵਿਦੇਸ਼ੀ ਧਾੜਵੀਆਂ ਦੇ ਹਮਲਿਆਂ, ਲੁੱਟਮਾਰ, ਕਤਲਾਂ ਦਾ ਕਿਉਂ ਸ਼ਿਕਾਰ ਬਣਿਆ ਰਿਹਾ? ਉਹਨਾਂ ਦਾ ਗੁਲਾਮ ਬਣ ਕੇ ਕਿਉਂ ਜ਼ਲੀਲ, ਬੇਇੱਜ਼ਤ ਹੁੰਦਾ ਰਿਹਾ? ਉਹਨਾਂ ਦਾ ਸਾਹਮਣਾ ਕਿਉਂ ਨਹੀਂ ਕਰ ਸਕਿਆ? ਇਹਨਾਂ ਸਵਾਲਾਂ ਦਾ ਜਵਾਬ ਵੀ ਸਿੱਧਾ ਅਤੇ ਸਪਸ਼ਟ ਹੈ ਕਿ ਇੱਥੋਂ ਦੀ ਪ੍ਰਚੱਲਿਤ ਵਰਣ ਆਧਾਰਿਤ ਸਮਾਜਿਕ ਵਿਵਸਥਾ ਹੀ ਅਜਿਹੀ ਸੀ, ਜਿਸ ਵਿਚ ਸਿਵਾਏ ਰਾਜਪੂਤ ਲੜਾਕੂ ਜਾਤ ਤੋਂ ਹੋਰ ਕਿਸੇ ਵਰਨ ਬ੍ਰਾਹਮਣ, ਵੈਸ਼ ਅਤੇ ਸ਼ੂਦਰ ਆਦਿ ਨੂੰ ਹਥਿਆਰ ਚੁੱਕਣ ਜਾਂ ਧਾਰਨ ਕਰਨ ਦੀ ਆਗਿਆ ਹੀ ਨਹੀਂ ਸੀ। ਕਿੱਥੇ ਖੂੰਖਾਰ ਧਾੜਵੀ, ਕਿੱਥੇ ਜਾਤ ਗ੍ਰਸਤ ਮੁੱਠੀ ਭਰ ਰਾਜਪੂਤ ਲੜਾਕੇ। ਦੂਜੇ ਫਿਰਕਿਆਂ/ ਜਾਤਾਂ ਦੇ ਲੋਕਾਂ ਨੂੰ ਫਿਕਰ ਤਾਂ ਹਮਲਿਆਂ ਸਮੇਂ ਆਪਣੇ ਟੱਬਰਾਂ ਅਤੇ ਡੰਗਰ-ਵੱਛੇ ਨੂੰ ਘਰਾਂ ਵਿਚ ਬੰਦ ਕਰਕੇ ਸੁਰੱਖਿਅਤ ਕਰਨ ਦਾ ਹੀ ਹੁੰਦਾ ਸੀ। (ਇਤਿਹਾਸਕਾਰ)। ਅਜਿਹੇ ਹਾਲਾਤ ਵਿਚ ਦੇਸ਼ ਗੁਲਾਮ ਨਾ ਹੁੰਦਾ ਤਾਂ ਕੀ ਹੁੰਦਾ? ਜ਼ਲੀਲ ਨਾ ਹੁੰਦਾ ਤਾਂ ਕੀ ਹੁੰਦਾ! ਦੇਸ਼ ਦੀ ਤ੍ਰਾਸਦੀ ਵੀ ਤਾਂ ਇਹੀ ਹੈ ਕਿ ਸਮੱਸਿਆ ਦਾ ਸਹੀ ਪਰਿਪੇਖ ਵਿਚ ਮੁਲਾਂਕਣ ਕਰਨ ਅਤੇ ਉਸ ਤੋਂ ਬਾਅਦ ਉਸ ਦਾ ਸਹੀ ਹੱਲ ਲੱਭਣ ਦੀ ਬਜਾਏ ਹਰ ਛੋਟੇ-ਬੜੇ ਦਰਜੇ ਦੇ ਹਿੰਦੂ ਵਿਅਕਤੀ ਦੀ ਇਹੀ ਕੋਸ਼ਿਸ਼ ਰਹਿੰਦੀ ਹੈ ਕਿ ਉਸ ਦੇ ਅਸਲ ਚਰਿੱਤਰ ਦੇ ਕੋਝੇ, ਕਲੰਕਿਤ ਹਿੱਸਿਆਂ ਨੂੰ ਉਵੇਂ ਜਿਵੇਂ ਲੁਕਿਆ-ਛਿਪਿਆ ਰਹਿਣ ਦਿੱਤਾ ਜਾਵੇ ਅਤੇ ਭੰਡੀ ਦੇ ਡਰ ਤੋਂ ਉਸ 'ਤੇ ਕੋਈ ਚਰਚਾ ਨਾ ਕੀਤੀ ਜਾਵੇ ਸਗੋਂ ਉਸ ਦੀ ਥਾਂ ਉਹ ਕਥਾ-ਕਹਾਣੀਆਂ ਸੁਣਾਈਆਂ ਜਾਣ, ਜਿਹਨਾਂ ਤੋਂ ਇਹ ਭਾਸੇ ਕਿ ਭਾਰਤ ਦਾ ਸ਼ਾਇਦ ਉਹੀ ਸੁਨਹਿਰੀ ਯੁੱਗ ਸੀ, ਜਿਸ ਨੂੰ ਹਰ ਕੀਮਤ 'ਤੇ ਮੁੜ ਵਾਪਸ ਲਿਆਉਣਾ ਅਤਿ ਜ਼ਰੂਰੀ ਹੈ। ਉਹਨਾਂ ਦੇ ਸੁਨਹਿਰੀ ਸੁਪਨਿਆਂ ਨੂੰ ਸਾਕਾਰ ਕਰਨ ਅਤੇ ਉਹਨਾਂ ਦੀ ਇਸ ਮੁਹਿੰਮ ਨੂੰ ਕਾਮਯਾਬੀ ਨਾਲ ਸਿਰੇ ਚੜ੍ਹਾਉਣ ਲਈ ਹੁਣ ਤਾਂ ਚਮਚਾ ਟੀ. ਵੀ. ਮੀਡੀਆ ਵੀ ਆ ਗਿਆ ਹੈ, ਜੋ ਅੱਜ ਦੀ ਆਧੁਨਿਕਤਮ ਟੈਕਨਾਲੋਜੀ ਦੇ ਜ਼ੋਰ ਤੇ ਰਾਤ ਦਿਨ ਆਪਣੇ ਗਰਮਾ-ਗਰਮ ਪ੍ਰਸਾਰਣਾਂ ਰਾਹੀਂ ਬ੍ਰਾਹਮਣੀ ਮਿਥਿਹਾਸ ਦੇ ਝੂਠ ਨੂੰ ਸੱਚ ਅਤੇ ਇਤਿਹਾਸ ਦੇ ਸੱਚ ਨੂੰ ਝੂਠ ਸਾਬਤ ਕਰਨ ਦੀਆਂ ਸਭ ਹੱਦਾਂ ਪਾਰ ਕਰ ਰਿਹਾ ਹੈ।



ਬਾਬਾ ਸਾਹਿਬ ਨੇ ਸੰਵਿਧਾਨ ਸਭਾ ਵਿਚ 25 ਨਵੰਬਰ 1949 ਨੂੰ ਦਿੱਤੇ ਗਏ ਆਪਣੇ ਇਤਿਹਾਸਕ ਭਾਸ਼ਣ ਵਿਚ ਜਿੱਥੇ ਦੇਸ਼ ਵਾਸੀਆਂ ਨੂੰ ਆਉਣ ਵਾਲੇ ਖਤਰਿਆਂ ਤੋਂ ਸਾਵਧਾਨ ਕੀਤਾ, ਉਥੇ ਉਹਨਾਂ ਨੇ ਖਾਸ ਤੌਰ ਤੇ ਹੀਰੋ ਭਗਤੀ ਦੇ ਵੱਧ ਰਹੇ ਰੁਝਾਨਾਂ ਨੂੰ ਦੇਸ਼ ਉਨਤੀ ਦੇ ਰਾਹ ਵਿਚ ਸਭ ਤੋਂ ਵੱਡੀ ਰੁਕਾਵਟ ਦੱਸ ਕੇ ਅਜਿਹੀ ਪ੍ਰਵਿਰਤੀ ਨੂੰ ਤਿਆਗਣ 'ਤੇ ਜ਼ੋਰ ਦਿੱਤਾ, ਜਿਸ ਦੇ ਬਾਰੇ ਉਹਨਾਂ ਨੇ ਕਿਹਾ ਕਿ ਇਹ ਪ੍ਰਵਿਰਤੀ ਕੇਵਲ ਵਿਅਕਤੀ ਲਈ ਹੀ ਨਹੀਂ ਦੇਸ਼ ਅਤੇ ਸਮਾਜ ਲਈ ਵੀ ਅਤਿ ਖਤਰਨਾਕ ਹੈ।

ਬਾਬਾ ਸਾਹਿਬ ਨੇ ਸੰਵਿਧਾਨ ਸਭਾ ਵਿਚ 25 ਨਵੰਬਰ 1949 ਨੂੰ ਦਿੱਤੇ ਗਏ ਆਪਣੇ ਇਤਿਹਾਸਕ ਭਾਸ਼ਣ ਵਿਚ ਜਿੱਥੇ ਦੇਸ਼ ਵਾਸੀਆਂ ਨੂੰ ਆਉਣ ਵਾਲੇ ਖ਼ਤਰਿਆਂ ਤੋਂ ਸਾਵਧਾਨ ਕੀਤਾ, ਉਥੇ ਉਹਨਾਂ ਨੇ ਖਾਸ ਤੌਰ ਤੇ ਹੀਰੋ ਭਗਤੀ ਦੇ ਵੱਧ ਰਹੇ ਰੁਝਾਨਾਂ ਨੂੰ ਦੇਸ਼ ਉਨਤੀ ਦੇ ਰਾਹ ਵਿਚ ਸਭ ਤੋਂ ਵੱਡੀ ਰੁਕਾਵਟ ਦੱਸ ਕੇ ਅਜਿਹੀ ਪ੍ਰਵਿਰਤੀ ਨੂੰ ਤਿਆਗਣ 'ਤੇ ਜ਼ੋਰ ਦਿੱਤਾ, ਜਿਸ ਦੇ ਬਾਰੇ ਉਹਨਾਂ ਨੇ ਕਿਹਾ ਕਿ ਇਹ ਪ੍ਰਵਿਰਤੀ ਕੇਵਲ ਵਿਅਕਤੀ ਲਈ ਹੀ ਨਹੀਂ ਦੇਸ਼ ਅਤੇ ਸਮਾਜ ਲਈ ਵੀ ਅਤਿ ਖਤਰਨਾਕ ਹੈ।

ਵਿਅਕਤੀ ਲਈ ਇਹ ਵਿਸ਼ਵਾਸ ਹੀਣਤਾ ਅਤੇ ਹੀਣ ਭਾਵਨਾ ਦਾ ਕਾਰਨ ਬਣਦੀ ਹੈ ਅਤੇ ਦੇਸ਼ ਲਈ ਗਿਰਾਵਟ ਅਤੇ ਬਾਅਦ ਵਿਚ ਤਾਨਾਸ਼ਾਹੀ ਦਾ। ਸਵੈਮਾਣ ਤੇ ਵਿਸ਼ੇਸ਼ ਜ਼ੋਰ ਦਿੰਦੇ ਹੋਏ ਉਹਨਾਂ ਨੇ ਆਇਰਲੈਂਡ ਦੇ ਦੇਸ਼ ਭਗਤ ਡੇਨੀਅਲ ਓ ਕੋਨੇਲ ਦੇ ਪ੍ਰਸਿੱਧ ਕਥਨ ਦੇ ਹਵਾਲੇ ਨਾਲ ਯਾਦ ਦਿਵਾਇਆ ਕਿ "ਕੋਈ ਵੀ ਆਦਮੀ ਅਣਖ ਗੁਆ ਕੇ ਕਿਸੇ ਦਾ ਅਹਿਸਾਨਮੰਦ ਨਹੀਂ ਹੋ ਸਕਦਾ, ਕੋਈ ਵੀ ਇਸਤਰੀ ਆਪਣੀ ਪੱਤ ਗੁਆ ਕੇ ਕਿਸੇ ਦੀ ਅਹਿਸਾਨਮੰਦ ਨਹੀਂ ਹੋ ਸਕਦੀ ਅਤੇ ਨਾ ਹੀ ਕੋਈ ਕੌਮ (ਨੇਸ਼ਨ) ਆਪਣੀ ਆਜ਼ਾਦੀ ਦੀ ਕੀਮਤ ਤੇ ਕਿਸੇ ਦੂਜੇ ਦੇਸ਼ ਦੀ ਅਹਿਸਾਨਮੰਦ ਹੋ ਸਕਦੀ ਹੈ 'ਬਾਬਾ ਸਾਹਿਬ ਦਾ ਇਸ਼ਾਰਾ, ਹੋ ਸਕਦਾ ਹੈ, ਉਹਨਾਂ ਦਿਨਾਂ ਦੇ ਸੁਪਰ ਹੀਰੋ 'ਮਹਾਤਮਾ ਗਾਂਧੀ' ਵੱਲ ਹੋਵੇ ਜਿਹਨਾਂ ਦਾ ਭਾਵੇਂ 1948 ਵਿਚ ਹੀ ਦੇਹਾਂਤ ਹੋ ਚੁੱਕਿਆ ਸੀ, ਉਹਨਾਂ ਨੇ ਉਸ ਦੌਰ ਵਿਚ ਆਜ਼ਾਦੀ ਅੰਦੋਲਨ ਦੀ ਅਗਵਾਈ ਯਥਾਰਥਵਾਦੀ ਰਾਸ਼ਟਰ ਹੀਰੋ ਦੇ ਤੌਰ ਤੇ ਨਹੀਂ ਸਨਾਤਨੀ ਹਿੰਦੂ ਦੇ ਰੂਪ ਵਿਚ ਹੀ ਕੀਤੀ। ਲੇਕਿਨ ਦੁੱਖ ਦੀ ਗੱਲ ਹੈ ਕਿ ਹੀਰੋ ਪੂਜਾ ਗਾਂਧੀ ਦੇ ਨਾਲ ਹੀ ਖਤਮ ਨਹੀਂ ਹੋ ਗਈ, ਇਸ ਬਿਮਾਰੀ ਦੇ ਕੀਟਾਣੂ (ਕੀੜੇ) ਅੱਜ ਦੇ ਨਿਊ ਇੰਡੀਆ ਯੁੱਗ ਵਿਚ ਵੀ ਦਿੱਲੀ ਮੇਂ ਮੋਦੀ ਯੂ. ਪੀ. ਮੇਂ ਯੋਗੀ' ਦੇ ਕਾੜ੍ਹੇ ਵਿਚ ਵੀ ਜ਼ੁਆਲ ਹੁੰਦੇ ਦੇਖ ਸਕਦੇ ਹਾਂ।

ਇਹ ਕੀੜੇ ਕਿਸ ਤਰ੍ਹਾਂ ਤੇਜ਼ੀ ਨਾਲ ਵੱਧ ਫੁੱਲ ਰਹੇ ਹਨ, ਅੱਜ ਦਾ ਚੈਸ ਬਾਸ ਮੀਡੀਆ ਉਸਦਾ ਮੂੰਹ ਬੋਲਦਾ ਸਬੂਤ ਹੈ। ਕੁਝ ਵੀ ਹੋਵੇ ਅਜਿਹੀ ਮਾਨਸਿਕਤਾ ਜਾਂ ਪ੍ਰਵਿਰਤੀ ਨੂੰ ਕਿਸੇ ਤਰ੍ਹਾਂ ਵੀ ਰਾਸ਼ਟਰ ਮਾਣ ਚਿੰਨ੍ਹ ਦਾ ਨਾਮ ਨਹੀਂ ਦਿੱਤਾ ਜਾ ਸਕਦਾ। ਦਲਿਤ ਵਰਗਾਂ ਲਈ ਤਾਂ ਖਾਸ ਤੌਰ ਤੇ ਇਹੋ ਜਿਹੀ ਹੰਕਾਰੀ ਸੋਚ ਖਤਰੇ ਦੀ ਘੰਟੀ ਹੈ। ਅੰਧ ਵਿਸ਼ਵਾਸ ਦੀ ਹੱਦ ਹੈ।

ਅਣਖ ਦਾ ਸਦਗੁਣ ਬਾਬਾ ਸਾਹਿਬ ਦੀ ਅਨਮੋਲ ਵਿਰਾਸਤ ਦਾ ਇਕ ਬਹੁਤ ਹੀ ਮਹੱਤਵਪੂਰਨ ਹਿੱਸਾ ਹੈ, ਜਿਸ ਨੂੰ ਉਹਨਾਂ ਨੇ ਜੀਵਨ ਦੇ ਹਰ ਮੁਕਾਮ 'ਤੇ ਕੋਈ ਵੀ ਫੈਸਲਾ ਲੈਂਦੇ ਸਮੇਂ ਸਰਵਉੱਚ ਰੱਖਿਆ। ਉਹਨਾਂ ਦੀ ਸੋਚ ਦੇ ਇਸ ਅਣਖੀਲੇ ਰੌਂਅ ਦਾ ਹੀ ਇਹ ਕ੍ਰਿਸ਼ਮਾ ਹੈ ਕਿ ਕੱਲ੍ਹ ਦਾ ਇਕ ਬੇਵੱਸ ਇਨਸਾਨ ਅੱਜ ਦਾ ਇਕ ਜੁਝਾਰੂ ਪੁਰਖ ਬਣ ਸਕਿਆ ਹੈ। ਇਸ ਤਰ੍ਹਾਂ ਵਿਦਰੋਹ ਦੇ ਚਿੰਨ੍ਹ ਅੰਬੇਡਕਰ ਆਪਣੇ ਪਿੱਛੇ ਅਣਖ, ਗੈਰਤ ਦੀਆਂ ਸੁਲਗਦੀਆਂ ਉਹ ਚਿੰਗਾਰੀਆਂ ਛੱਡ ਗਏ ਹਨ ਜੋ ਕਿਸੇ ਵੀ ਸਮੇਂ ਜ਼ੁਲਮ ਅੱਤਿਆਚਾਰਾਂ ਨੂੰ ਭਸਮ ਕਰਨ ਲਈ ਪ੍ਰਚੰਡ ਅਗਨੀ ਦਾ ਰੂਪ ਧਾਰਨ ਕਰ ਸਕਦੀਆਂ ਹਨ।

# ਡਾ. ਅੰਬੇਡਕਰ, ਭਗਤ ਸਿੰਘ, ਮਾਰਕਸ ਅਤੇ ਦਲਿਤ ਅੰਦੋਲਨ



**ਡਾ. ਕਰਮਜੀਤ ਸਿੰਘ**
ਸਾਬਕਾ ਪ੍ਰੋਫੇਸਰ ਅਤੇ ਚੇਅਰਮੈਨ,
ਕੁਰੂਕਸ਼ੇਤਰ ਯੂਨੀਵਰਸਿਟੀ
91-98763 23862

ਡਾ. ਅੰਬੇਡਕਰ ਦਾ ਜਨਮ ਦਿਨ ਮਨਾਉਂਦਿਆਂ ਅਸੀਂ ਉਸ ਸਮੇਂ ਵਿਚ ਵਿਚਰ ਰਹੇ ਹਾਂ ਜਿੱਥੇ ਉਨ੍ਹਾਂ ਦੇ ਵੱਡੇ ਵੱਡੇ ਬੁੱਤ ਉਸਾਰੇ ਜਾ ਰਹੇ ਹਨ ਪਰੰਤੂ ਉਨ੍ਹਾਂ ਦੀ ਜਾਤ-ਪਾਤ ਵਿਰੋਧੀ ਵਿਚਾਰਧਾਰਾ ਨੂੰ ਮਲੀਆ ਮੇਟ ਕੀਤਾ ਜਾ ਰਿਹਾ ਹੈ। ਸੱਤਾ ਜੋ ਵਿਚਾਰਧਾਰਾ ਲੈ ਕੇ ਆ ਰਹੀ ਹੈ ਉਹ ਮੂਲੋ ਹੀ ਦਲਿਤ ਵਿਰੋਧੀ ਹੈ। ਚਾਹੇ ਉਹ ਗਊ ਮਾਸ ਖਾਣ ਦਾ ਸਵਾਲ ਹੋਵੇ, ਘੱਟ ਗਿਣਤੀਆਂ ਦਾ ਸਵਾਲ ਹੋਵੇ, ਯੂਨੀਵਰਸਿਟੀਆਂ ਵਿਚ ਮਹਿੰਗੀ ਵਿਦਿਆ ਦਾ ਸਵਾਲ ਹੋਵੇ ਜਾਂ ਪਬਲਿਕ ਸੈਕਟਰ ਦੀ ਥਾਂ ਕਾਰਪੋਰੇਟ ਸੈਕਟਰ ਨੂੰ ਵਿਕਸਿਤ ਕਰਨ ਦਾ ਸਵਾਲ ਹੋਵੇ, ਇਨ੍ਹਾਂ ਦੇ ਕੇਂਦਰ ਵਿਚ ਦਲਿਤਾਂ ਨੂੰ ਪੈ ਰਹੀ ਮਾਰ ਪ੍ਰਮੁੱਖ ਮੁੱਦਾ ਬਣ ਕੇ ਉਭਰਦੀ ਹੈ। ਇਸ ਮਾਰ ਤੋਂ ਧਿਆਨ ਹਟਾਉਣ ਲਈ ਹੀ ਡਾ. ਅੰਬੇਡਕਰ ਦੇ ਪ੍ਰਤੀਕ ਨੂੰ ਵਰਤ ਕੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਦਰਕਿਨਾਰ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਡਾ. ਅੰਬੇਡਕਰ ਸਾਰੀ ਉਮਰ ਉਸ ਬ੍ਰਾਹਮਣਵਾਦੀ ਸੋਚ ਦੇ ਖ਼ਿਲਾਫ਼ ਲੜੇ ਜੋ ਦਲਿਤ ਅਤੇ ਅਤਿਦਲਿਤ ਮਨੁੱਖ ਨੂੰ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਤੋ੧ ਵਿਰਵੇ ਰੱਖਦੀ ਹੈ।

ਰਿਗਵੇਦ ਦੇ ਪੁਰਸ਼ ਸੂਤਰ ਨੂੰ ਆਧਾਰ ਬਣਾ ਕੇ ਮਨੂੰਸਿਮ੍ਰਤੀ ਚਾਰੇ ਵਰਣਾਂ ਲਈ ਕੰਮ ਅਤੇ ਦੰਡ ਨਿਰਧਾਰਿਤ ਕਰਦੀ ਹੋਈ ਸ਼ੂਦਰਾਂ ਨੂੰ ਚੌਥੇ ਦਰਜੇ ਦੇ ਸ਼ਹਿਰੀ ਬਣਾ ਕੇ ਰੱਖ ਦਿੰਦੀ ਹੈ। ਮਨੂੰ ਅਨੁਸਾਰ ''ਅਨਾਦੀ ਬ੍ਰਹਮ ਨੇ ਲੋਕ ਕਲਿਆਣ ਦੀ ਭਾਵਨਾ ਨਾਲ਼ ਆਪਣੇ ਮੂੰਹ, ਭੁਜਾਵਾਂ, ਜੰਘਾਂ ਅਤੇ ਪੈਰਾਂ ਤੋਂ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰਾਂ ਨੂੰ ਪੈਦਾ ਕੀਤਾ। 'ਲੋਕ ਕਲਿਆਣ ਦੀ ਭਾਵਨਾਂ ਨੇ ਬ੍ਰਾਹਮਣ ਨੂੰ ਪੜ੍ਹਨ-ਪੜ੍ਹਾਉਣ, ਯੱਗ ਕਰਨ_ਕਰਾਉਣ ਅਤੇ ਦਾਨ ਲੈਣ ਤੇ ਕਰਨ ਦੀ ਜ਼ਿੰਮੇਵਾਰੀ ਦਿੱਤੀ। ਖੱਤਰੀਆਂ ਨੂੰ ਲੜਨ ਅਤੇ ਵੈਸ਼ ਨੂੰ ਵਪਾਰਕ ਗਤੀਵਿਧੀਆਂ ਲਈ ਨਾਮਜਦ ਕੀਤਾ। ਸੂ ਨੂੰ 'ਲੋਕ ਕਲਿਆਣ ਦੀ ਭਾਵਨਾ ਉਪਰਲੇ ਤਿੰਨਾਂ ਵਰਣਾਂ ਦੀ ਸੇਵਾ ਕਰਨ ਦਾ ਹੁਕਮ ਦਿੰਦੀ ਹੈ। ਇਹ ਸੇਵਾ 'ਬਿਨਾਂ ਕਿਸੇ ਮਲਾਲ ਦੇ ਨਿਰਵਿਕਾਰ ਭਾਵ ਨਾਲ਼ ਕੀਤੀ ਜਾਣੀ ਚਾਹੀਦੀ ਹੈ। ਇਥੇ ਸਪੱਸ਼ਟ ਹੋਣਾ ਜ਼ਰੂਰੀ ਹੈ ਕਿ ਹੱਥੀਂ ਕੰਮ ਕਰਨ ਵਾਲ਼ਾ ਹਰ ਸਮੂਹ ਕਿਸਾਨੀ ਸਮੇਤ ਸ਼ੂਦਰ ਸ਼੍ਰੇਣੀ ਵਿਚ ਆਉ੧ਦਾ ਹੈ। ਸ਼ੂਦਰਾਂ ਨੂੰ ਅਧਿਕਾਰ ਬਸ ਇਹੀ ਹੈ, ਪਰ ਉਸਨੂੰ ਦੰਡ ਬਾਕੀ ਵਰਣਾਂ ਦੇ ਮੁਕਾਬਲੇ ਸਭ ਤੋਂ ਵਧੇਰੇ ਤੇ ਅਣਮਨੁੱਖੀ ਹਨ।

'ਨਾਮਕਰਣ ਸੰਸਕਾਰ ਕਰਦੇ ਸਮੇਂ ਧਿਆਨ ਰੱਖਣਾ ਚਾਹੀਦਾ ਹੈ ਕਿ ਬ੍ਰਾਹਮਣ ਦਾ ਨਾਂ ਮੰਗਲ ਸੂਚਕ ਹੋਵੇ, ਖੱਤਰੀ ਦਾ ਸ਼ਕਤੀ ਸੂਚਕ ਤੇ ਵੈਸ਼ ਦਾ ਵੈਭਵ-ਸੂਚਕ ਹੋਵੇ ਅਤੇ ਸ਼ੂਦਰ ਦਾ ਨਾਂ ਸੇਵਾ ਵ੍ਰਿਤੀ ਸੂਚਕ ਹੋਣਾ ਚਾਹੀਦਾ ਹੈ। ਮਨੂੰਸਿਮ੍ਰਤੀ ਦੇ ਇਸ ਆਦੇਸ਼ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਕਾਮਿਆਂ/ਸ਼ੂਦਰਾਂ ਦੇ ਨਾਂ ਅੱਧੇ, ਕੂੜਾ, ਬੂੜਾ, ਬੁੱਧੂ ਆਦਿ ਕਿਉਂ ਰੱਖੇ ਜਾਂਦੇ ਰਹੇ ਹਨ। ਮਨੂੰ ਦੀ ਇਹ ਵਿਵਸਥਾ ਹੈ ਕਿ ਸ਼ੂਦਰ ਜਿਸ ਕਿਸੀ ਅੰਗ (ਹੱਥ ਪੈਰ ਆਦਿ) ਨਾਲ਼ ਉਪਰਲੀਆਂ ਤਿੰਨਾਂ ਜਾਤੀਆਂ ਤੇ ਹਮਲਾ ਕਰੇ ਉਸਦੇ ਉਸ ਅੰਗ ਨੂੰ ਕੱਟ ਦੇਣਾ ਚਾਹੀਦਾ ਹੈ। ਜੇ ਸ਼ੂਦਰ ਇਨ੍ਹਾਂ ਜਾਤੀਆਂ ਦੇ ਕਿਸੇ ਵਿਅਕਤੀ ਉਪਰ ਹੱਥ ਚੁੱਕਦਾ ਹੈ ਜਾਂ ਲਾਠੀ ਨਾਲ਼ ਹਮਲਾ ਕਰਦਾ ਹੈ ਤਾਂ ਉਸਦਾ ਹੱਥ ਕੱਟ ਦੇਣਾ ਚਾਹੀਦਾ ਹੈ ਅਤੇ ਜੇ ਗੁੱਸੇ ਵਿਚ ਆ ਕੇ ਪੈਰ ਨਾਲ਼ ਮਾਰ ਕਰਦਾ ਹੈ ਤਾਂ ਉਸਦਾ ਪੈਰ ਕੱਟ ਦੇਣਾ ਚਾਹੀਦਾ ਹੈ। ਜੇ ਕੋਈ ਸ਼ੂਦਰ ਉੱਚੇ ਵਰਣਾਂ ਦੇ ਲੋਕਾਂ ਨਾਲ਼ ਇਕੋ ਆਸਣ ਤੇ ਬੈਠਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸਦੀ ਕਮਰ ਨੂੰ ਦਾਗ ਕੇ ਉਸਨੂੰ ਉਥੋ੧ ਕੱਢ ਦੇਣਾ ਚਾਹੀਦਾ ਹੈ ਜਾਂ ਰਾਜੇ ਨੂੰ ਉਸਦੇ ਚੁਤੜ ਕਟਵਾ ਦੇਣੇ ਚਾਹੀਦੇ ਹਨ। ਇਸ ਨਿਯਮ ਅਨੁਸਾਰ ਹੀ ਸ਼ੂਦਰ ਉਪਰਲੀਆਂ ਜਾਤਾਂ ਸਾਹਮਣੇ ਜ਼ਮੀਨ ਤੇ ਬੈਠਦਾ ਰਿਹਾ ਹੈ, ਅੱਜ ਵੀ ਅਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ ਕਿ ਉਹ ਵਿਆਹ ਸਮੇਂ ਘੋੜੀ ਤੇ ਨਹੀਂ ਚੜ੍ਹ ਸਕਦਾ, ਬੈਂਡ ਬਾਜਾ ਨਹੀਂ ਬਜਾ ਸਕਦਾ। ਅਜਿਹੀਆਂ ਘਟਨਾਵਾਂ ਪਿੱਛੇ ਹਜ਼ਾਰਾਂ ਸਾਲ ਪੁਰਾਣੀ ਮਨੂੰ ਸਿਮ੍ਰਤੀ ਦੀ ਗੂੰਜ ਸੁਣਾਈ ਦਿੰਦੀ ਹੈ। ਮਨੂੰ ਅਨੁਸਾਰ ਜੇਕਰ ਹੰਕਾਰ ਵਿਚ ਆ ਕੇ ਸ਼ੂਦਰ ਉੱਚੀ ਜਾਤ ਦੇ ਵਿਅਕਤੀ ਉਪਰ ਥੁੱਕਦਾ ਹੈ ਤਾਂ ਉਸਦੇ ਦੋਨੋ ਬੁਲ੍ਹ, ਪੇਸ਼ਾਬ ਕਰਦਾ ਹੈ ਤਾਂ ਉਸਦਾ ਲਿੰਗ ਅਤੇ ਪੱਦ ਮਾਰਨ ਤੇ ਉਸਦੀ ਗੁਦਾ ਨੂੰ ਕਟਵਾ ਦੇਣਾ ਚਾਹੀਦਾ ਹੈ। ਅਜਿਹੇ ਅਣਮਨੁੱਖੀ ਆਦੇਸ਼ਾਂ ਲਈ ਮੂਲ ਮਨੂੰ ਸਿਮ੍ਰਤੀ ਪੜ੍ਹੀ ਜਾ ਸਕਦੀ ਹੈ ਜਾਂ ਫਿਰ ਸ਼ਮਸੂਲ ਇਸਲਾਮ ਦੀ ਛੋਟੀ ਜਿਹੀ ਪੁਸਤਕ, 'ਮਨੂ ਕੇ ਭਾਰਤ ਮੇਂ ਸ਼ੂਦਰ' (ਮੀਡੀਆ ਹਾਊਸ, ਦਿੱਲੀ, 2009) ਦੇਖੀ ਜਾ ਸਕਦੀ ਹੈ। ਡਾ. ਅੰਬੇਡਕਰ ਨੇ ਇਸ ਗ੍ਰੰਥ ਨੂੰ ਮਾਨਵਤਾ, ਸਮਾਨਤਾ ਅਤੇ ਨਿਆਂ ਦਾ ਘੋਰ ਤ੍ਰਿਸਕਾਰ ਅਤੇ ਅਪਮਾਨ ਮੰਨਦੇ ਹੋਏ 1928 ਈ. ਨੂੰ ਨਰਮਦਾ ਨਦੀ ਦੇ ਕੰਢੇ ਤੇ ਸਾਮੂਹਿਕ ਤੌਰ ਤੇ ਇਸ ਦੀ ਹੋਲੀ ਜਲ਼ਾਈ ਸੀ।

ਇਸ ਅਨਿਆਂ, ਅਮਾਨਵੀ ਵਿਹਾਰ ਅਤੇ ਅਸਮਾਨਤਾ ਖ਼ਿਲਾਫ ਬੁੱਧ ਤੇ ਜੈਨ ਧਰਮ ਨੇ ਆਵਾਜ਼ ਉਠਾਈ ਜਿਸ ਉਪਰ ਲੰਬੀ ਵਿਚਾਰ ਹੋ ਸਕਦੀ ਹੈ, ਪਰ ਅਸੀਂ ਇੱਥੇ ਇਹ ਟਿੱਪਣੀ ਕਰਕੇ ਅਗਾਂਹ ਚਲਾਂਗੇ ਕਿ ਇਨ੍ਹਾਂ ਨੂੰ ਬ੍ਰਾਹਮਣਵਾਦੀ ਵਿਚਾਰਾਂ ਨੇ ਮਾਤ ਦੇ ਦਿੱਤੀ ਅਤੇ ਇਕ ਸੀਮਾ ਤੋਂ ਅਗਾਂਹ ਪ੍ਰਭਾਵਿਤ ਨਹੀਂ ਹੋ ਸਕੇ। ਵਿਦਵਾਨਾਂ ਅਨੁਸਾਰ ਭਗਤੀ ਅੰਦੋਲਨ ਬੁੱਧ ਧਰਮ ਦਾ ਹੀ ਵਿਕਸਿਤ ਰੂਪ ਸੀ ਕਿਉਂਕਿ ਇਹ ਬਰਾਬਰੀ ਦੇ ਸਮਾਜ ਦੇ ਹੱਕ ਵਿਚ ਸੀ, ਜਾਤਪਾਤ ਦੇ ਵਿਰੋਧ ਵਿਚ ਵੀ ਰਹੀ, ਏਕ ਈਸ਼ਵਰਵਾਦੀ, ਨਿਰਵਾਣ ਨੂੰ ਪ੍ਰਮੁੱਖਤਾ ਦਿੰਦੀ ਸੀ, ਬ੍ਰਾਹਮਣ ਦੀ ਥਾਂ ਗੁਰੂ ਨੂੰ ਮਾਨਤਾ ਦਿੰਦੀ ਸੀ ਅਤੇ ਇਸਨੇ ਲੋਕ ਭਾਸ਼ਾ ਨੂੰ ਪ੍ਰਚਾਰ ਦਾ ਮਾਧਿਅਮ ਬਣਾਇਆ। ਪਰ ਇਕ ਗੱਲ ਜਿਸ ਉਪਰ ਪ੍ਰਮੁੱਖਤਾ ਨਾਲ਼ ਜ਼ੋਰ ਦੇਣਾ ਚਾਹੀਦਾ ਹੈ ਉਹ ਇਹ ਕਿ ਭਗਤੀ ਲਹਿਰ ਹੇਠਲੀਆਂ ਜਾਤਾਂ/ਜਮਾਤਾਂ ਦੀ ਲਹਿਰ ਸੀ ਅਤੇ ਲਹਿਰ ਵਿਦੇਸ਼ੀਆਂ ਦੇ ਆਉਣ ਨਾਲ਼ ਉਵੇਂ ਹੀ ਵਿਕਸਿਤ ਹੁੰਦੀ ਹੈ ਜਿਵੇਂ ਬੁੱਧ/ਜੈਨ ਮੱਤ। ਡਾ. ਸੇਵਾ ਸਿੰਘ ਨੇ ਇਸ ਦ੍ਰਿਸ਼ਟੀ ਤੋਂ ਪਹਿਲੀ ਬਾਰ ਸੋਚਦਿਆਂ ਲਿਖਿਆ ਹੈ ਕਿ, ''ਯੱਗ ਪੁਰਾਣ ਦੇ ਵਰਣਨਾਂ ਵਿਚ ਬ੍ਰਾਹਮਣਾਂ ਦੀ ਉਸ ਤਰਸਯੋਗ ਸਥਿਤੀ ਬਾਰੇ ਇਸ਼ਾਰਾ ਮਿਲ਼ਦਾ ਹੈ, ਜੋ ਯੂਨਾਨੀਆਂ, ਸ਼ੱਕਾਂ ਅਤੇ ਕੁਸ਼ਾਣਾਂ ਦੀਆਂ ਸਰਗਰਮੀਆਂ ਦਾ ਸਿੱਟਾ ਸੀ। ਸੰਭਵ ਹੈ ਉਨ੍ਹਾਂ ਹਮਲਿਆਂ ਕਾਰਣ ਸ਼ੂਦਰਾਂ ਦੀ ਸਥਿਤੀ ਵਿਚ ਪਰਿਵਰਤਨ ਹੋਇਆ ਹੋਵੇ ਤੇ ਉਹ ਉਠ ਖੜੇ ਹੋਏ ਹੋਣ। ਦਾਸ ਅਤੇ ਭਾੜੇ ਦੇ ਮਜ਼ਦੂਰਾਂ ਦੇ ਰੂਪ ਵਿਚ ਸ਼ੂਦਰਾਂ ਦੀ ਗ਼ੁਲਾਮੀ ਘਟੀ ਹੋਈ ਹੋਵੇਗੀ ਕਿਉਂਕਿ ਹੁਣ ਉਹ ਵਰਣ ਵੰਡ ਵਾਲ਼ੇ ਸਮਾਜ ਦਾ ਆਦਰਸ਼ ਨਿਭਾਉਣ ਲਈ ਮਜਬੂਰ ਨਹੀਂ। (ਭਗਤੀ ਅਤੇ ਸ਼ੂਦਰ, 5ਆਬ ਪ੍ਰਕਾਸ਼ਕ ਜਲੰਧਰ, ਪੰਨਾ-208) ਭਗਤੀ ਲਹਿਰ ਦੇ ਸੰਬੰਧ ਵਿਚ ਇਹ ਸੰਭਾਵਨਾ ਹਕੀਕਤ ਬਣ ਜਾਂਦੀ ਹੈ ਕਿਉਂਕਿ ਇਹ ਤੱਥ ਹੈ ਕਿ ਸ਼ੂਦਰ ਵਿਦੇਸ਼ੀਆਂ ਦੇ ਰਾਜ ਵਿਚ ਕੁਝ ਸੁੱਖ ਦਾ ਸਾਹ ਲੈਣ ਲੱਗੇ ਸਨ ਅਤੇ ਉਹ ਧਰਮ ਪਰਿਵਰਤਨ ਵੀ ਕਰ ਰਹੇ ਸਨ।

ਆਚਾਰੀਆ ਰਾਮ ਚੰਦਰ ਸ਼ੁਕਲ ਭਗਤੀ ਲਹਿਰ ਨੂੰ 'ਨਿਰਾਸ਼ ਹੋ ਚੁੱਕੀ ਕੌਮ ਅਤੇ ਹਿੰਦੂ ਜੰਤਾ ਦੀ ਉਦਾਸੀ ਨਾਲ਼ ਜੋੜਦਾ ਹੈ। ਸ਼ੁਕਲ ਦੇ ਵਿਚਾਰਾਂ ਦਾ ਵਿਸ਼ਲੇਸ਼ਣ ਕਰੀਏ ਤਾਂ ਇਸ ਦੀਆਂ ਸੀਮਾਵਾਂ ਸਾਹਮਣੇ ਆ ਜਾਂਦੀਆਂ ਹਨ। ਉਸ ਅਨੁਸਾਰ, ''ਦੇਸ਼ ਵਿਚ ਮੁਸਲਮਾਨਾਂ ਦਾ ਰਾਜ ਕਾਇਮ ਹੋ ਜਾਣ ਤੇ ਹਿੰਦੂ ਜੰਤਾ ਦੇ ਦਿਲ ਵਿਚ ਗੌਰਵ, ਗਰਵ ਅਤੇ ਉਤਸ਼ਾਹ ਲਈ ਉਹ ਥਾਂ ਨਾਂ ਰਿਹਾ। ਉਸਦੇ ਸਾਹਮਣੇ ਹੀ ਉਸਦੇ ਦੇਵ ਮੰਦਰ ਢਹਿ ਢੇਰੀ ਕੀਤੇ ਜਾਂਦੇ ਸਨ, ਦੇਵ ਮੂਰਤੀਆਂ ਤੋੜੀਆਂ ਜਾਂਦੀਆਂ ਸਨ ਅਤੇ ਪੂਜ ਪੁਰਸ਼ਾਂ ਦਾ ਅਪਮਾਨ ਹੁੰਦਾ ਸੀ ਅਤੇ ਉਹ ਕੁਝ ਵੀ ਨਹੀਂ ਕਰ ਸਕਦੇ ਸੀ ਅਤੇ ਨਾ ਹੀ ਬਿਨਾਂ ਸ਼ਰਮਸਾਰ ਹੋਏ ਸੁਣ ਹੀ ਸਕਦੇ ਸੀ। ਅੱਗੇ ਚਲ ਕੇ ਜਦ ਮੁਸਲਿਮ ਸਾਮਰਾਜ ਦੂਰ ਦੂਰ ਤਕ ਕਾਇਮ ਹੋ ਗਿਆ ਤਾਂ ਪਰਸਪਰ ਲੜਨ ਵਾਲੇ ਸੁਤੰਤਰ ਰਾਜ ਵੀ ਨਾ ਰਹੇ। ਏਡੇ ਭਾਰੇ ਰਾਜਨੀਤਕ ਉਲਟ ਫੇਰ ਪਿੱਛੋਂ ਆਮ ਹਿੰਦੂ ਜੰਤਾ ਉੱਤੇ ਬਹੁਤ ਦਿਨਾਂ ਤਕ ਉਦਾਸੀ ਛਾਈ ਰਹੀ। ਆਪਣੀ ਸੂਰਬੀਰਤਾ ਨਿਰਾਸ਼ ਹੋ ਚੁੱਕੀ ਕੌਮ ਲਈ ਭਗਵਾਨ ਦੀ ਸ਼ਕਤੀ ਅਤੇ ਕਰੁਣਾ ਵਲ ਧਿਆਨ ਲੈ ਜਾਣ ਤੋਂ ਛੁੱਟ ਦੂਜਾ ਰਸਤਾ ਹੀ ਕਿਹੜਾ ਸੀ? (ਡਾ. ਧਰਮ ਪਾਲ ਸੰਗਲ, ਪੰਜਾਬੀ ਸਾਹਿਤ ਦਾ ਇਤਿਹਾਸ, ਲੋਕ ਗੀਤ ਪ੍ਰਕਾਸ਼ਨ, 2002, ਪੰਨਾ_61) ਇਸੇ ਆਧਾਰ ਤੇ ਧਰਮਪਾਲ ਸਿੰਗਲ ਨੇ ਭਗਤੀ ਲਹਿਰ ਨੂੰ 'ਹਿੰਦੂ ਸਮਾਜ ਵਿਚ ਆਤਮ ਵਿਸ਼ਵਾਸ ਪੈਦਾ ਕਰਨ ਲਈ ਪੈਦਾ ਹੋਈ ਲਹਿਰ ਮੰਨਿਆਂ। ਪਰ ਸ਼ੁਕਲ ਤੇ ਸਿੰਗਲ ਇਹ ਗੱਲ ਭੁੱਲ ਗਏ ਕਿ ਜਿਸ ਹਿੰਦੂ ਸਮਾਜ ਦੀ ਗੱਲ ਉਹ ਕਰ ਰਹੇ ਹਨ ਉਸ ਦੇ ਵੱਡੇ ਹਿੱਸੇ ਸ਼ੂਦਰਾਂ ਨੂੰ ਤਾਂ ਮੰਦਿਰਾਂ ਵਿਚ ਜਾਣ ਦਾ ਅਧਿਕਾਰ ਹੀ ਨਹੀਂ ਸੀ। ਦੇਵ ਮੂਰਤੀਆਂ ਦੇ ਉਹ ਦਰਸ਼ਨ ਨਹੀਂ ਸਨ ਕਰ ਸਕਦੇ। 'ਪੂਜ-ਪੁਰਸ' ਬ੍ਰਾਹਮਣਾਂ ਦੇ ਅਪਮਾਨਿਤ ਹੋਣ ਨਾਲ਼ ਉਹ ਕਿਵੇਂ ਅਪਮਾਨਿਤ ਮਹਿਸੂਸ ਕਰ ਸਕਦੇ ਸਨ? ਇਸ ਲਈ ਇਹ ਵਿਚਾਰ ਮੂਲੋਂ ਹੀ ਨਿਰਮੂਲ਼ ਹੈ ਤੇ ਇਸ ਤੱਥ ਨੂੰ ਅੱਖੋਂ ਪਰੋਖੇ ਕਰਦਾ ਹੈ ਕਿ ਭਗਤੀ ਲਹਿਰ ਸ਼ੂਦਰਾਂ ਦੀ ਲਹਿਰ ਸੀ। ਪੰਜਾਬ ਵਿਚ ਛੋਟੀ ਵਪਾਰੀ ਜਮਾਤ ਦੀ ਅਗਵਾਈ ਵਿਚ ਸਾਰੇ ਸ਼ੂਦਰਾਂ ਨੂੰ ਸ਼ਾਮਿਲ ਕਰਕੇ ਅਗਾਂਹ ਵੱਧਦੀ ਲਹਿਰ ਸੀ। ਮੁਸਲਮਾਨੀ ਰਾਜ ਵਿਚ ਭਗਤਾਂ ਉਪਰ ਜਿਹੜੇ ਜ਼ੁਲਮਾਂ ਦਾ ਹਵਾਲਾ ਦਿੱਤਾ ਜਾਂਦਾ ਹੈ, ਉਸ ਵਿਚ ਵੀ ਇਕ ਤੱਥ ਲੁਕੋ ਲਿਆ ਜਾਂਦਾ ਹੈ ਕਿ ਭਗਤਾਂ ਖਿਲਾਫ਼ ਸਾਰੀਆਂ ਸ਼ਿਕਾਇਤਾਂ ਬ੍ਰਾਹਮਣਾਂ ਵਲੋਂ ਹੀ ਕੀਤੀਆਂ ਗਈਆਂ। ਸਿੰਗਲ ਦਾ ਇਹ ਕਥਨ ਸਹੀ ਹੈ ਕਿ, ''ਭਗਤੀ ਲਹਿਰ ਦੀ ਸਭ ਤੋਂ ਵੱਡੀ ਦੇਣ ਇਹ ਹੈ ਕਿ ਇਸ ਨਾਲ਼ ਭਗਤੀ ਦੀ ਵਾਗਡੋਰ ਪੰਡਾ ਪੁਰੋਹਿਤਵਾਦ ਹੱਥੋਂ ਨਿਕਲ਼ ਕੇ ਆਮ ਜੰਤਾ(ਸ਼ੂਦਰਾਂ) ਅਤੇ ਇਸ ਵਿਚੋਂ ਪੈਦਾ ਹੋਣ ਵਾਲੇ ਹਰ ਸੂਬੇ, ਹਰ ਜਾਤ ਦੇ ਸੰਤਾਂ ਭਗਤਾਂ ਹੱਥ ਆ ਗਈ ਅਤੇ ਨੀਚ ਜਾਤ ਦੇ ਬੰਦਿਆਂ ਅਤੇ ਇਸਤ੍ਰੀ ਜਾਤੀ ਨੂੰ ਵੀ ਭਗਤੀ ਦਾ ਪੂਰਾ ਪੂਰਾ ਅਧਿਕਾਰ ਪਹਿਲੀ ਬਾਰ ਇੱਥੇ ਹੀ ਮਿਲ਼ਿਆ ਸੀ। (ਸਿੰਗਲ, ਪੰਨਾ-65)

ਕਬੀਰ, ਨਾਮਦੇਵ, ਰਵਿਦਾਸ, ਤ੍ਰਿਲੋਚਨ, ਧੰਨਾ, ਸੈਣ, ਸਧਨਾ ਆਦਿ ਸਾਰੇ ਦਲਿਤ(ਸੂ ਜਾਤੀਆਂ ਵਿਚੋਂ ਸਨ। ਗੁਰੂ ਗ੍ਰੰਥ ਸਾਹਿਬ ਵਿਚ ਭਗਤਾਂ ਵਿਚੋਂ ਸਭ ਤੋਂ ਵੱਧ ਬਾਣੀ ਕਬੀਰ ਦੀ ਹੈ। ਉਸ ਤੋਂ ਬਾਅਦ ਨਾਮਦੇਵ ਅਤੇ ਭਗਤ ਰਵਿਦਾਸ ਦੀ। ਇਨ੍ਹਾਂ ਤਿੰਨਾਂ ਨੇ ਭਾਰਤੀ ਸਮਾਜ ਉਪਰ ਆਪਣਾ ਪ੍ਰਭਾਵ ਪਾਇਆ ਅਤੇ ਉਨ੍ਹਾਂ ਦੀ ਬਾਣੀ ਸਮਕਾਲ ਵਿਚ ਵੀ ਆਪਣੇ ਵਿਚਾਰਾਂ ਕਰਕੇ ਪ੍ਰਭਾਵਸ਼ਾਲੀ ਬਣੀ ਹੋਈ ਹੈ। ਇਨ੍ਹਾਂ ਨੇ ਸਭ ਤੋਂ ਪਹਿਲਾਂ ਬ੍ਰਾਹਮਣ ਨਾਲ਼ ਵਿਚਾਰਧਾਰਕ ਟੱਕਰ ਲਈ ਅਤੇ ਆਪਣੀ ਵੱਖਰੀ ਪਛਾਣ ਸਥਾਪਿਤ ਕੀਤੀ। ਭਗਤ ਕਬੀਰ ਨੇ ਬ੍ਰਾਹਮਣ ਨਾਲੋ ਆਪਣੀ ਵੱਖਰੀ ਪਛਾਣ ਦੱਸੀ।

ਹਮ ਘਰ ਸੂਤੁ ਤਨਹਿ ਨਿਤ ਤਾਨਾ, ਕੰਠ ਜਨੇਊ ਤੁਮ੍ਹਾਰੇ।
ਤੂਮ ਤਉ ਬੇਦ ਪੜਹੁ ਗਾਇਤ੍ਰੀ, ਗੋਬਿੰਦ ਰਿਦੈ ਹਮਾਰੇ।
ਮੇਰੀ ਜਿਹਬਾ ਬਿਸਨ, ਨੈਨ ਨਾਰਾਇਣ, ਹਿਰਦੇ ਬਸਹਿ ਗੋਬਿੰਦਾ।
ਜਮ ਦੁਆਰ ਜਬ ਪੂਛਸਿ ਬਾਵਰੇ, ਤਬ ਕਿਆ ਕਹਿਸ ਮੁਕੰਦਾ।
ਰਹਾਉ।
ਹਮ ਗੋਰੂ, ਤੁਮ ਗੁਆਰ ਗੋਸਾਈਂ ਜਨਮ ਜਨਮ ਰਖਵਾਰੇ।
ਕਬਹੂੰ ਨਾ ਪਾਰ ਉਤਾਰਿ ਚਰਾਇਹੁ ਕੈਸੇ ਖਸਮੁ ਹਮਾਰੇ।
ਤੂੰ ਬਾਮਨ ਮੈ ਕਾਸੀ ਕਾ ਜੁਲਹਾ ਬੂਝਹੁ ਮੋਰ ਗਿਆਨਾ।
ਤੁਮ ਤੋ ਜਾਚੇ ਭੂਪਤਿ ਰਾਜੇ, ਹਰ ਸਿਉ ਮੋਰ ਧਿਆਨਾ।
(ਆਸਾ ਕਬੀਰ)

ਕਬੀਰ-ਬ੍ਰਾਹਮਣ ਸੰਵਾਦ ਬੜਾ ਤਿੱਖਾ ਹੈ। ਜੁਲਾਹਾ ਤਾਣਾ ਤਣਦਾ ਹੈ ਪਰ ਬ੍ਰਾਹਮਣ ਜਨੇਊ ਪਾ ਕੇ ਊਚਾ ਬਣਦਾ ਹੈ, ਇਕ ਵਿਹਲਾ ਦੂਜਾ ਕਾਮਾ। ਇਕ ਬਾਹਰੀ ਗਾਇਤ੍ਰੀ ਮੰਤਰ ਉਚਾਰਦਾ ਹੈ, ਦੂਜੇ ਦੇ ਹਿਰਦੇ ਵਿਚ ਗੋਬਿੰਦ ਹੈ। ਜਮ ਦੇ ਦੁਆਰ ਤੇ ਜਾ ਕੇ ਬ੍ਰਾਹਮਣ ਨੂੰ ਕਹਿਣ ਨੂੰ ਕੁਝ ਨਹੀਂ। ਬ੍ਰਾਹਮਣ ਰਾਜਿਆਂ ਅੱਗੇ ਜਾਚਕ ਬਣਦਾ ਹੈ ਪਰ ਕਾਮਾ ਕਬੀਰ ਹਰਿ ਵਲ ਧਿਆਨ ਲੱਗਾ ਰਿਹਾ ਹੈ। ਕਬੀਰ ਦੀ ਬ੍ਰਾਹਮਣ ਨਾਲ਼ ਤਕਰਾਰ ਇਸ ਤੋ੧ ਵੀ ਤਿੱਖੀ ਹੁੰਦੀ ਦਿਖਾਈ ਦਿੰਦੀ ਹੈ।

ਜੇ ਤਉ ਬ੍ਰਾਹਮਣ ਬ੍ਰਾਹਮਣੀ ਜਾਇਆ,
ਅਨਿ ਵਾਟ ਕਾਹੇ ਨਹੀਂ ਆਇਆ।
ਤੁਮ ਕਤ ਬ੍ਰਾਹਮਣ ਹਮ ਕਤ ਸੂਦ,
ਕਤ ਲੋਹੂ ਤੁਮ ਕਤ ਦੂਧ।

ਜਦੋਂ ਕਬੀਰ ਆਪਣੀ ਥਾਂ ਤੋਂ ਕਹਿੰਦਾ ਹੈ ਕਿ 'ਅਵਲ ਅਲਹੁ ਨੂਰ ਉਪਾਇਆ, ਕੁਦਰਤਿ ਕੇ ਸਭ ਬੰਦੇ। ਇਕ ਨੂਰੁ ਤੇ ਸਭ ਜਗੁ ਉਪਜਿਆ, ਕੌਨ ਭਲੇ ਕੌਨ ਮੰਦੇ ਤਾਂ ਉਹ ਸੱਚ ਮੁੱਚ ਬਰਾਬਰੀ ਦੀ ਗੱਲ ਕਰ ਰਿਹਾ ਹੈ। ਬ੍ਰਾਹਮਣ ਗ੍ਰੰਥਾਂ ਵਿਚ ਸ਼ੂਦਰ ਕਿਤੇ ਬਰਾਬਰ ਨਹੀਂ ਹੈ। ਕਬੀਰ ਆਪਣੀ ਥਾਂ ਤੋਂ ਬਰਾਬਰੀ ਦਾ ਸੰਕਲਪ ਦੇ ਰਿਹਾ ਹੈ। ਸ਼ਬਦਾਵਲੀ ਸਾਮੀ ਸਭਿਆਚਾਰ ਦਾ ਪ੍ਰਭਾਵ ਵੀ ਲੈ ਕੇ ਆ ਰਹੀ ਹੈ।

ਭਗਤ ਰਵਿਦਾਸ ਜਦੋਂ ਆਪਣੇ ਆਪ ਨੂੰ 'ਕਹਿ ਰਵਿਦਾਸ ਚਮਾਰਾ' ਕਹਿੰਦਾ ਹੈ ਤਾਂ ਉਹ ਬ੍ਰਾਹਮਣ ਨੂੰ ਆਪਣੇ ਕਾਮੇ ਹੋਣ ਦਾ ਉਸੇ ਤਰ੍ਹਾਂ ਸ਼ੀਸ਼ਾ ਦਿਖਾਉ੧ਦਾ ਹੈ ਜਿਵੇਂ ਕਬੀਰ ਨੇ ਦਿਖਾਇਆ ਹੈ। ਇਥੇ ਇਹ ਭਗਤ ਇਕ ਪਾਸੇ ਬ੍ਰਾਹਮਣਵਾਦੀ ਸੋਚ ਨੂੰ ਨਕਾਰ ਰਹੇ ਹਨ ਦੂਜੇ ਪਾਸੇ ਵਿਦੇਸ਼ੀ ਸੱਤਾ-ਸਭਿਆਚਾਰ ਨੂੰ ਵੀ ਪ੍ਰਵਾਣ ਨਹੀਂ ਕਰਦੇ। ਇਸ ਦੁਵੱਲੇ ਵਿਰੋਧ ਵਿਚੋ੧ ਭਗਤ ਰਵਿਦਾਸ ਦਾ 'ਬੇਗ਼ਮਪੁਰੇ' ਦਾ ਸੰਕਲਪ ਉਜਾਗਰ ਹੁੰਦਾ ਹੈ। ਇਥੇ ਗ਼ੁਲਾਮੀ ਨਹੀਂ, ਦੁੱਖ ਦਰਦ ਨਹੀਂ। ਉਥੇ ਹਮੇਸ਼ਾ ਖ਼ੈਰ-ਸੁੱਖ ਹੈ। ਉਥੇ ਕੋਈ ਦੋਮ (ਹੇਠਲੀ ਜਾਤੀ) ਸੇਮ (ਅਤਿ ਸ਼ੂਦਰ) ਨਹੀਂ। ਅਜਿਹੇ ਵਿਚਾਰ ਰੱਖਣ ਵਾਲਾ ਵਿਅਕਤੀ ਭਗਤ ਰਵਿਦਾਸ ਦਾ 'ਹਮ ਸ਼ਹਿਰੀ' ਹੈ। ਇਹੋ ਜਿਹੇ ਸ਼ਹਿਰੀ ਭਗਤ ਕਵੀ ਹੀ ਸਨ। ਇਨ੍ਹਾਂ ਦੀ ਲਹਿਰ ਇਵੇਂ ਇਕ ਵੱਖਰੇ ਬ੍ਰਾਹਮਣਵਾਦ ਵਿਰੋਧੀ (ਜਾਤ-ਪਾਤ ਵਿਰੋਧੀ) ਲਹਿਰ ਬਣਦੀ ਹੈ।

ਬੇਗ਼ਮਪੁਰਾ ਸਹਿਰ ਕੋ ਨਾਉ, ਦੂਖੁ ਅੰਦੋਹ ਨਹੀਂ ਤਿਹਿ ਠਾਉ।
ਨਾ ਤਸਵੀਸ ਖਿਰਾਜ ਨਾ ਮਾਲ। ਖਉਫ਼ ਨਾ ਖ਼ਤਾ ਨਾ ਤਰਸ ਜਵਾਲ।
ਅਬਿ ਮੋਹਿ ਖੂਬ ਵਤਨ ਗਹ ਪਾਈ। ਊਹਾ ਖ਼ੈਰ ਸਦਾ ਮੇਰੇ ਭਾਈ।ਰਹਾਉ।
ਕਾਇਮ ਦਾਇਮ ਸਦਾ ਪਾਤਸਾਹੀ। ਦੋਮ ਨਾ ਸੇਮ ਏਕ ਸੋ ਆਹੀ।
ਆਬਾਦਾਨ ਸਦਾ ਮਸਹੂਰ। ਊਹਾ ਗਨੀ ਬਸਹਿ ਮਾਮੂਰ।
ਤਿਉ ਤਿਉ ਸੈਲ ਕਰਹਿ, ਜਿਉ ਭਾਵੈ। ਮਹਰਮ ਮਹਲ ਨਾ ਕੋ ਅਟਕਾਵੈ।
ਕਹਿ ਰਵਿਦਾਸ ਖਲਾਸ ਚਮਾਰਾ। ਜੋ ਹਮ ਸਹਰੀ ਸੁ ਮੀਤ ਹਮਾਰਾ।
ਬ੍ਰਹਮਨ ਬੈਸ ਸੂਦ ਅਰੁ ਖਤ੍ਰੀ, ਡੋਮ ਚੰਡਾਰ ਮਲੇਛ ਮਨ ਸੋਇ।
ਹੋਇ ਪੁਨੀਤ ਭਗਵੰਤ ਭਜਨ ਤੇ, ਆਪ ਤਾਰਿ ਤਾਰੇ ਕੁਲ ਦੋਇ।
(ਬਿਲਾਵਲੁ ਰਵਿਦਾਸ)

ਭਗਤ ਕਵੀਆਂ ਦੀ ਇਕ ਸਾਂਝੀ ਸੋਚ ਇਹ ਹੈ ਕਿ ਇਹ ਨਾ ਤਾਂ ਇਸ ਸੰਸਾਰ ਤੋਂ ਪਾਰ ਜਾਂਦੇ ਹਨ ਤੇ ਨਾਹੀ ਪਦਾਰਥਕ ਲੋੜਾਂ ਤੋਂ ਇਨਕਾਰੀ ਹਨ। ਉਨ੍ਹਾਂ ਲਈ ਪਦਾਰਥਕ ਲੋੜਾਂ ਪਹਿਲਾਂ ਹਨ, ਰਹੱਸਵਾਦੀ ਦੁਨੀਆਂ ਬਾਅਦ ਵਿਚ। ਇਹ ਇਸੇ ਕਰਕੇ ਹੈ ਕਿ ਇਹ ਸਾਰੇ ਕਾਮਾ ਸ਼੍ਰੇਣੀ ਵਿਚੋਂ ਸਨ, ਖੇਤੀਬਾੜੀ, ਜੁਲਾਹਾ, ਚਮੜੇ ਦਾ ਕੰਮ, ਕਸਾਈ, ਝੀਊਰ, ਦਰਜੀ ਆਦਿ ਕਿੱਤਿਆਂ ਨਾਲ਼ ਜੁੜੇ ਹੋਏ ਸਨ। ਕਬੀਰ ਦੀ ਏਹ ਉਕਤੀ ਹਰ ਜੁਬਾਨ ਤੇ ਹੈ ਕਿ 'ਭੂਖੇ ਭਗਤ ਨਾ ਕੀਜੈ, ਇਹ ਮਾਲ਼ਾ ਆਪਨੀ ਲੀਜੈ।' ਇਸੇ ਵਿਚਾਰ ਨਾਲ਼ ਸਹਿਮਤੀ ਧੰਨਾ ਭਗਤ ਦੀ ਹੈ ਜੋ ਗੋਪਾਲ ਤੋਂ ਦਾਲ਼, ਆਟਾ, ਘਿਉ, ਜੁੱਤੀ, ਅਨਾਜ, ਲਵੇਰੀ ਗਾਂ-ਮੱਝ, ਘੋੜੀ ਤੇ ਘਰਵਾਲ਼ੀ ਦੀ ਮੰਗ ਕਰਦਾ ਹੈ।

ਗੋਪਾਲ ਤੇਰਾ ਆਰਤਾ।
ਜੋ ਜਨ ਤੁਮਰੀ ਭਗਤ ਕਰੰਤੇ, ਤਿਨਕੇ ਕਾਜ ਸਵਾਰਤਾ।
ਦਾਲ ਸੀਧਾ ਮਾਂਗਉ ਘੀਉ, ਹਮਰਾ ਖੁਸੀ ਕਰੈ ਨਿਤ ਜੀਉ।
ਪਨੀਆ ਛਾਦਨ ਨੀਕਾ, ਅਨਾਜ ਮਾਂਗਉ ਸਤ ਸੀਕਾ।
ਗਊ ਭੈਸ ਮਾਂਗਉ ਲਵੇਰੀ, ਇਕ ਤਾਜਨਿ ਤੁਰੀ ਚੰਗੇਰੀ।
ਘਰ ਕੀ ਗੀਹਨਿ ਚੰਗੀ, ਜਨੁ ਧੰਨਾ ਲੇਵੈ ਮੰਗੀ।

ਪੰਜਾਬ ਵਿਚ ਗੁਰੂ ਖਤਰੀ ਹਨ ਪਰ ਉਹ 'ਨੀਚਾਂ' ਦੇ 'ਸੰਗਿ ਸਾਥ' ਹਨ। ਉਹ ਭਗਤ ਕਵੀਆਂ ਨੂੰ ਆਪਣੇ ਨਾਲ਼ ਰਲ਼ਾ ਕੇ ਬ੍ਰਾਹਮਣਵਾਦ ਖ਼ਿਲ਼ਾਫ਼ ਇਕ ਵੱਡੀ ਮੁਹਿੰਮ ਦਾ ਆਗਾਜ਼ ਕਰਦੇ ਹਨ। ਉਹ ਬ੍ਰਾਹਮਣ ਦੇ ਨਾਲ਼ ਨਾਲ਼ ਜੋਗੀ ਅਤੇ ਮੁੱਲਾਂ ਨੂੰ ਵੀ ਨਿਸ਼ਾਨੇ ਤੇ ਲਿਆਉਂਦੇ ਹਨ। ਸੰਤ ਸਿੰਘ ਸੇਖੋਂ ਨੇ ਸਾਹਿਤਾਰਥ ਪੁਸਤਕ ਵਿਚ ਇਸ ਬਣੇ ਗੱਠਜੋੜ ਨੂੰ ਬਹੁਤ ਮਹੱਤਵ ਦਿੱਤਾ ਹੈ। ਉਨ੍ਹਾਂ ਦੀ ਕਸਵੱਟੀ ਸੀ 'ਓਹ ਸਭ ਤੇ ਊਚਾ, ਸਭ ਤੇ ਸੂਚਾ ਜਾ ਕੈ ਹਿਰਦੈ ਵਸਿਆ ਭਗਵਾਨੁ' ਇਸੇ ਕਸਵੱਟੀ ਤੋਂ ਭਿੱਟ-ਸੁੱਚ ਦੇ ਵਿਚਾਰਾਂ ਦਾ ਤਿਆਗ ਕਰਕੇ ਉਨ੍ਹਾਂ ਦੇ ਸਾਰੇ ਭਗਤਾਂ ਦੀ ਉਪਮਾ ਕੀਤੀ ਹੈ ਜਿਨ੍ਹਾਂ ਦੇ ਕਿੱਤੇ ਘਟੀਆ ਗਿਣੇ ਜਾਂਦੇ ਸਨ ਪਰ ਭਗਵਾਨ ਨੂੰ ਮਨ ਵਿਚ ਵਸਾ ਕੇ ਇਹ ਉਚੇਰੇ ਪਦ ਨੂੰ ਪ੍ਰਾਪਤ ਹੋਏ। ਹੇਠ ਲਿਖੀਆਂ ਪੰਗਤੀਆਂ ਸਪੱਸ਼ਟ ਹਨ।

ਨੀਚਾ ਅੰਦਰਿ ਨੀਚੁ ਜਾਤਿ, ਨੀਚੀ ਹੂ ਅਤਿ ਨੀਚੁ।
ਨਾਨਕ ਤਿਨ ਕੇ ਸੰਗਿ ਸਾਥਿ ਵੱਡਿਆਂ ਸਿਉਂ ਕਿਆ ਰੀਸ
ਜਿਥੇ ਨੀਚ ਸਮਾਲੀਅਨਿ, ਤਿਥੈ ਨਦਰਿ ਤੇਰੀ ਬਖਸੀਸ।
(ਸ੍ਰੀ ਰਾਗੁ ਮਹਲਾ ਪਹਿਲਾ)
ਜਨ ਨਾਨਕ ਤਿਨ ਕੇ ਚਰਨ ਖਖਾਲੇ ਜੋ ਹਰਿ ਜਨ ਨੀਚੁ ਜਾਤਿ ਸੇਵਕਾਣੁ।
(ਗੋਂਡ ਮਹਲਾ ਚੌਥਾ)

ਭਾਰਤ ਵਿਚ ਅੰਗ੍ਰੇਜ਼ੀ ਰਾਜ ਸਥਾਪਿਤ ਹੋਣ ਨਾਲ਼ ਜਾਤਪਾਤ ਵਿਰੁੱਧ ਨਵੇਂ ਸਿਰਿਉਂ ਅੰਦੋਲਨ ਉਠਣੇ ਸ਼ੁਰੂ ਹੋਏ ਇਸਦੇ ਸੂਤਰਧਾਰ ਜਯੋਤੀਬਾ ਫੂਲੇ (1827ਈ.-1890ਈ.) ਅਤੇ ਡਾ. ਅੰਬੇਡਕਰ (1891ਈ.-1956ਈ.) ਬਣੇ। ਮਹਾਤਮਾ ਫੂਲੇ ਸਿਰਜਣਾਤਮ ਸਾਹਿਤਕਾਰ ਸਨ ਜਿਸਨੇ ਸ਼ਿਵਜੀ ਉਪਰ ਨਾਟਕ ਵੀ ਲਿਖਿਆ। ਫੂਲੇ ਨੇ ਇਹ ਪਛਾਣ ਕੀਤੀ ਕਿ ਬ੍ਰਾਹਮਣਾਂ ਦੁਆਰਾ ਲਿਖੇ ਗਏ ਗ੍ਰੰਥ ਬ੍ਰਾਹਮਣਾਂ ਨੂੰ ਹੀ ਸਥਾਪਿਤ ਕਰਦੇ ਹਨ। ਫੂਲੇ ਨੇ ਇਨ੍ਹਾਂ ਨੂੰ ਸ਼ਾਤਰ, ਹੰਕਾਰੀ, ਕੱਟੜ, ਸਵੈ-ਪ੍ਰਸੰਸਕ ਆਦਿ ਕਿਹਾ ਹੈ ਜਿਨ੍ਹਾਂ ਨੇ ਵਿਰੋਧੀਆਂ ਨੂੰ ਸ਼ੂਦਰ, ਮਹਾਰੀ(ਵੱਡਾ ਦੁਸ਼ਮਣ), ਅੰਤਿਅਜ, ਚਾਂਡਾਲ ਅਤੇ ਰਾਕਸ਼ਸ਼ ਨਾਮ ਨਾਲ਼ ਸੰਬੋਧਿਤ ਕੀਤਾ। ਫੂਲੇ ਤੇ ਡਾ. ਅੰਬੇਡਕਰ ਸ਼ੂਦਰਾਂ ਨੂੰ ਮੂਲ਼ ਰੂਪ ਵਿਚ ਖੱਤਰੀ ਮੰਨਦੇ ਹਨ ਜਿਨ੍ਹਾਂ ਨੂੰ ਪਰਸੂਰਾਮ ਵਰਗੇ ਬ੍ਰਾਹਮਣਾਂ ਨੇ ਤਬਾਹ ਕਰਕੇ ਅਛੂਤ ਬਣਾ ਦਿੱਤਾ। ਇਸ ਧਾਰਣਾ ਨਾਲ਼ ਸਹਿਮਤ ਨਾ ਹੋਣ ਦੇ ਕਈ ਕਾਰਣ ਹਨ ਪਰ ਇਥੇ ਸੰਕੇਤ ਮਾਤਰ ਹੀ ਕਾਫ਼ੀ ਹੈ। ਫੂਲੇ ਅਨੁਸਾਰ ਬ੍ਰਾਹਮਣਾਂ ਨੇ ਸੂ ਨੂੰ 'ਆਮ ਮਾਨਵੀ ਅਧਿਕਾਰਾਂ ਤੋਂ ਵੀ ਵਾਂਝਿਆਂ ਰੱਖਿਆ' ਅਤੇ ਇਨ੍ਹਾਂ ਦਾ, 'ਮੁੱਖ ਮਕਸਦ ਝੂਠੀਆਂ ਸੱਚੀਆਂ ਕਹਾਣੀਆਂ ਰਾਹੀਂ ਅਣਜਾਣ ਲੋਕਾਂ ਨੂੰ ਧੋਖਾ ਦੇ ਕੇ ਉਨ੍ਹਾਂ ਨੂੰ ਗੁ ਬਣਾਉਣਾ ਸੀ। 'ਫੂਲੇ ਦੀ ਪੁਸਤਕ 'ਗੁਲਾਮਗਿਰੀ' ਇਨ੍ਹਾਂ ਵਿਚਾਰਾਂ ਦਾ ਹੀ ਵਿਸਤਾਰ ਹੈ। ਕਈ ਲੋਕ ਅੰਗ੍ਰੇਜ਼ਾਂ ਦੀਆਂ ਸਿਫ਼ਤਾਂ ਕਰਦੇ ਸਨ ਪਰ ਫੂਲੇ ਨੇ ਜ਼ੋਰ ਦੇ ਕੇ ਕਿਹਾ, ਕਿ ਇਨ੍ਹਾਂ ਨੇ ਆਮ ਲੋਕਾਂ ਨੂੰ ਅਣਗੌਲ਼ਿਆਂ ਕੀਤਾ ਅਤੇ ਕੇਵਲ ਉਪਰਲ਼ਿਆਂ ਉਪਰ ਹੀ ਪੈਸਾ ਖਰਚ ਕੀਤਾ। ਇਸ ਲਈ ਫੂਲੇ ਤੇ ਉਸਦੀ ਪਤਨੀ ਨੇ ਸਾਰਾ ਜੀਵਨ ਸ਼ੂਦਰਾਂ ਨੂੰ ਸਿਖਿਆ ਦੇਣ ਵਿਚ ਲਾਇਆ। ਦੋਨਾਂ ਨੂੰ ਸਭ ਤੋਂ ਪਹਿਲਾਂ ਸੂ ਸ਼ੂਦਰ ਕੁੜੀਆਂ ਲਈ ਸਕੂਲ ਖੋਲ੍ਹਿਆ। ਕਾਮਿਆਂ ਲਈ ਰਾਤ ਦਾ ਸਕੂਲ ਚਲਾਇਆ। ਬਿਨ ਪਿਉਆਂ ਬੱਚਿਆਂ ਤੇ ਉਨ੍ਹਾਂ ਦੀਆਂ ਮਾਵਾਂ ਲਈ ਘਰ ਬਣਵਾਇਆ, ਅਛੂਤਾਂ ਲਈ ਪਾਣੀ ਦਾ ਤਲਾਅ ਬਣਾਇਆ ਅਤੇ 'ਸਤਯਸ਼ੋਧਕ' ਸਮਾਜ ਦੀ ਸਥਾਪਨਾ ਕੀਤੀ।

ਬੀ.ਟੀ. ਰਣਦੀਵੇ ਨੇ ਆਪਣੇ ਕਿਤਾਬਚੇ 'ਜਾਤ ਵਰਗ ਅਤੇ ਜਾਇਦਾਦ ਦੇ ਸੰਬੰਧ ਵਿਚ ਜੋਤੀਬਾ ਫੂਲੇ, ਪੈਰੀਆਰ ਅਤੇ ਡਾ. ਅੰਬੇਡਕਰ ਦਾ ਸੰਖੇਪ ਪਰ ਬੜਾ ਡੂੰਘਾ ਵਿਸ਼ਲੇਸ਼ਣ ਕੀਤਾ ਹੈ। ਰਣਦੀਵੇ ਨੇ ਫੂਲੇ ਦੀ ਗੈਰ-ਸਮਝੌਤਾਵਾਦੀ ਨੀਤੀ ਦੀ ਬਣਦੀ ਪ੍ਰਸੰਸਾ ਕੀਤੀ ਹੈ। ਰਣਦੀਵੇ ਨੇ ਸਤਯਸ਼ੋਧਕ ਅੰਦੋਲਨ ਬਾਰੇ ਲਿਖਿਆ ਹੈ ਕਿ, ''ਇਸ ਵਿਚ ਕੋਈ ਅਚਰਜ ਨਹੀਂ ਕਿ ਅੰਦੋਲਨ ਦਾ ਮੂਲ਼ ਨਾ 'ਸਤ/ਸੋ ਅੰਦੋਲਨ ਸੀ, ਇਹ ਅੰਦੋਲਨ ਬ੍ਰਾਹਮਣਾਂ ਦੀ ਸਰਵਉੱਚਤਾ ਤੇ ਆਧਾਰਿਤ ਹਿੰਦੂ ਸਮਾਜ ਵਿਵਸਥਾ ਦੇ ਝੂਠ ਅਨਿਆਂ ਅਤੇ ਦੋਗਲੇਪਨ ਦਾ ਵਿਰੋਧ ਕਰਨ ਵਾਲ਼ਾ ਅੰਦੋਲਨ ਸੀ। ਉਨ੍ਹਾਂ ਨੇ ਬ੍ਰਾਹਮਣਾਂ ਅਤੇ ਉਨ੍ਹਾਂ ਦੀ ਵਿਚਾਰਧਾਰਾ ਦੇ ਖ਼ਿਲਾਫ਼ ਆਪਣਾ ਧਰਮ ਯੁੱਧ ਛੇੜ ਰੱਖਿਆ ਸੀ। ਜਾਤੀਆਂ ਦੀ ਉਤਪਤੀ ਦਾ ਅਤੇ ਧਾਰਣਾ ਦਾ ਪਰਦਾਫ਼ਾਸ਼ ਕੀਤਾ, ਉਨ੍ਹਾਂ ਨੇ ਸਭ ਦੇ ਲਈ ਪੂਰਣ ਸਮਾਨਤਾ ਦੀ ਮੰਗ ਕੀਤੀ, ਮੁਸਲਮਾਨਾਂ ਅਤੇ ਇਸਾਈਆਂ ਦੇ ਨਾਲ਼ ਸਮਾਨਤਾ ਦਾ ਵਿਹਾਰ ਕਰਨ ਦੀ ਮੰਗ ਕੀਤੀ, ਹੇਠਲੇ ਤੋਂ ਹੇਠਲੇ ਤਬਕੇ ਲਈ ਸਿਖਿਆ ਦੀ ਮੰਗ ਕੀਤੀ ਅਤੇ ਮਰਦ ਔਰਤ ਦੀ ਬਰਾਬਰੀ ਉਪਰ ਜੋਰ ਦਿੱਤਾ। ਕੁੱਲ ਮਿਲ਼ਾ ਕੇ ਉਨ੍ਹਾਂ ਨੇ ਅਸਮਾਨਤਾ ਉਪਰ ਆਧਾਰਿਤ ਪੁਰਾਣੀ ਵਿਵਸਥਾ ਦੇ ਖ਼ਿਲਾਫ਼ ਖੁਲ੍ਹੀ ਜੰਗ ਦਾ ਐਲਾਨ ਕੀਤਾ। 'ਵਿਲਾਸ ਸੋਣਵਣੇ ਨੇ ਸਾਡਾ ਧਿਆਨ ਇਸ ਤੱਥ ਵਲ ਦੁਆਇਆ ਹੈ ਕਿ 1876ਈ. ਦੀ ਸ਼ਾਹੂਕਾਰਾਂ ਖ਼ਿਲਾਫ਼ ਲੜਾਈ ਜਿਸਨੂੰ 'ਡਕਨਰਾਇਟਸ' ਕਿਹਾ ਜਾਂਦਾ ਹੈ ਉਸਦੀ ਅਗਵਾਈ ਜੋਤੀਬਾ ਫੂਲੇ ਨੇ ਕੀਤੀ। ਸੋਨਵਣੇ ਅਨੁਸਾਰ, 'ਫੂਲੇ ਜਾਤੀ ਪ੍ਰਥਾ ਦੇ ਖ਼ਿਲਾਫ਼ ਜ਼ਰੂਰ ਸਨ ਪਰੰਤੂ ਭਾਰਤ ਵਿਚ ਜੋ ਵਰਗ ਬਣੇ ਉਨ੍ਹਾਂ ਵਿਚ ਵਰਗ ਸੰਘਰਸ਼ ਦਾ ਪਹਿਲਾ ਲੀਡਰ, ਜੋਤੀਬਾ ਫੂਲੇ ਸੀ। (ਨਯਾਪਥ, ਅਕਤੂਬਰ 2015-ਜੂਨ 2016, ਪੰਨਾ-226) ਫੂਲੇ ਤੋਂ ਬਾਅਦ ਅੰਦੋਲਨ ਕੋਹਲਾਪੁਰ ਦੇ ਮਹਾਰਾਜੇ ਦੀ ਲੀਡਰਸ਼ਿਪ ਹੇਠ ਆ ਗਿਆ ਜਿਸਦਾ ਹਰਾਸ ਹੋਣਾ ਸੁਭਾਵਿਕ ਸੀ।

ਇਸੇ ਸਮੇਂ ਈ. ਵੀ. ਐਮ ਪੈਰੀਆਰ ਨੇ ਵੀ ਜਾਤੀ_ਪ੍ਰਥਾ ਦੇ ਖਿਲਾਫ਼ ਆਪਣੇ ਢੰਗ ਨਾਲ਼ ਥੋੜ੍ਹਚਿਰੀ ਲੜਾਈ ਲੜੀ। ਮਾਰਗ੍ਰੇਟ ਰੌਸਬਰਨਟ ਅਨੁਸਾਰ ''ਉਸਨੇ ਕਾਂਗਰਸ ਦੇ ਉਂਚ ਜਾਤੀ ਰਵੱਈਏ ਅਤੇ ਸਮਾਜਿਕ ਰੂੜ੍ਹੀਵਾਦ ਦੇ ਖ਼ਿਲਾਫ਼ ਸਮਾਜ ਸੁਧਾਰ ਦਾ ਝੰਡਾ ਬੁਲੰਦ ਕੀਤਾ। ਉਸਨੇ ਸੋਵੀਅਤ ਸੰਘ ਦੀ ਯਾਤਰਾ ਤੋਂ ਬਾਅਦ ਥੋੜ੍ਹੇ ਜਿਹੇ ਸਮੇਂ ਤਕ ਹੀ ਸਹੀ ਕਮਿਊਨਿਜ਼ਮ ਦਾ ਅਭਿਆਨ ਵੀ ਚਲਾਇਆ ਅਤੇ ਜਿੰਮੀਦਾਰੀ ਪ੍ਰਥਾ ਦੇ ਵਿਰੁੱਧ ਇਕ ਸੰਮੇਲਨ ਵੀ ਕੀਤਾ।' (ਨਯਾਪੱਥ, ਪੰਨਾ -261) ਬਾਅਦ ਵਿਚ ਪੈਰੀਆਰ ਦੀ ਭੂਮਿਕਾ ਰਾਸ਼ਟਰ ਵਿਰੋਧੀ ਤੇ ਸਾਮਰਾਜਵਾਦ ਪੱਖੀ ਹੋ ਗਈ।

ਡਾ. ਅੰਬੇਡਕਰ ਜਾਤ-ਪਾਤ ਦੇ ਵਿਰੋਧ ਕਰਨ ਵਾਲ਼ਿਆਂ ਵਿਚੋਂ ਸਭ ਤੋਂ ਵੱਧ ਪੜ੍ਹੇ ਲਿਖੇ ਤੇ ਮੋਹਰੀ ਸਨ। ਉਹ

**(ਬਾਕੀ ਅਗਲੇ ਸਫੇ ਤੇ)**

# ਡਾ. ਅੰਬੇਡਕਰ, ਭਗਤ ਸਿੰਘ, ਮਾਰਕਸ ਅਤੇ ਦਲਿਤ ਅੰਦੋਲਨ

ਲਾਅ ਮਨਿਸਟਰ, ਕੰਸਟੀਟਿਊਸ਼ਨ ਡਰਾਫਟਿੰਗ ਕਮੇਟੀ ਦੇ ਚੇਅਰਮੈਨ ਅਤੇ ਲੇਬਰ ਮਨਿਸਟਰ ਵੀ ਰਹੇ। ਉਨ੍ਹਾਂ ਨੇ ਸਮਤਾ ਸੈਨਿਕ ਦਲ, ਇੰਡੀਪੈਂਡੈਂਟ ਲੇਬਰ ਪਾਰਟੀ ਅਤੇ ਸ਼ਿਡਊਲਡ ਕਾਸਟ ਫੈਡਰੇਸ਼ਨ ਦਾ ਗਠਨ ਕੀਤਾ। ਉਨ੍ਹਾਂ ਨੂੰ ਔਰਤਾਂ ਦੇ ਅਤੇ ਮਜ਼ਦੂਰਾਂ ਦੇ ਅਧਿਕਾਰਾਂ ਲਈ ਖੜ੍ਹਾ ਹੋਣ ਵਾਲੇ ਨਿਆਂ ਸ਼ਾਸਤਰੀ, ਰਾਜਨੀਤੀ ਵੇਤ ਅਤੇ ਸਮਾਜ ਸੁਧਾਰਕ ਦੇ ਤੌਰ ਤੇ ਜਾਣਿਆਂ ਜਾਂਦਾ ਹੈ। ਜਾਤਪਾਤ ਦੇ ਵਿਰੋਧੀ ਹੋਣ ਪਿੱਛੇ ਉਨ੍ਹਾਂ ਦਾ ਸਦੀਆਂ ਤੋਂ ਸ਼ੂਦਰਾਂ ਨਾਲ਼ ਹੋਈ ਬੇਇਨਸਾਫ਼ੀ ਦੇ ਅਹਿਸਾਸ ਅਤੇ ਸਮਝ ਤੋਂ ਇਲਾਵਾ ਕੌੜੇ ਨਿੱਜੀ ਅਨੁਭਵ ਵੀ ਸਨ।ਸਕੂਲ ਕਾਲ ਸਮੇਂ ਉਸਦੀ ਹਜਾਮਤ ਕਰਨ ਲਈ ਕੋਈ ਨਾਈ ਤਿਆਰ ਨਹੀਂ ਸੀ ਹੁੰਦਾ, ਇਹ ਹਜਾਮਤ ਉਸਦੀਆਂ ਭੈਣਾਂ ਕਰਦੀਆਂ। ਜਮਾਤ ਵਿਚ ਵਿਦਿਆਰਥੀਆਂ ਤੋਂ ਵੱਖ ਬੈਠਣਾ ਪੈਂਦਾ, ਉਸਨੂੰ ਕੋਈ ਉੱਚ ਜਾਤੀ ਦਾ ਵਿਦਿਆਰਥੀ ਦੂਰੋਂ ਖੜ ਕੇ ਪਾਣੀ ਪਿਲਾਉਂਦਾ, ਕ੍ਰਿਕਟ ਖੇਡਣ ਦੀ ਉਸ ਲਈ ਮਨਾਹੀ ਸੀ। ਇਸ ਸਭ ਨੇ ਡਾ. ਅੰਬੇਡਕਰ ਨੂੰ ਜਾਤ ਪਾਤ ਦੇ ਕੋਹੜ ਨਾਲ਼ ਨਿਰੰਤਰ ਲੜਾਈ ਲੜਨ ਲਈ ਤਿਆਰ ਕੀਤਾ।

ਜਾਤ-ਪਾਤ ਖ਼ਿਲਾਫ਼ ਮੁਕਤੀ ਅੰਦੋਲਨ ਸਮੁੱਚੇ ਭਾਰਤੀ ਸਮਾਜ ਲਈ ਮਹੱਤਵਪੂਰਣ ਹੈ। ਮੰਨੂ ਸਿਮ੍ਰਤੀ ਦੇ ਯੁੱਗ ਦੇ ਕਾਲ਼ੇ ਕਾਨੂੰਨਾਂ ਨੂੰ ਡਾ. ਅੰਬੇਡਕਰ 'ਅੰਧਕਾਰਮਈ ਅਤੇ ਅਗਿਆਨੀ ਯੁੱਗਾਂ ਵਿਚ ਤਿਆਰ ਕੀਤੇ ਗਏ ਕਾਨੂੰਨ ਮੰਨਦੇ ਸਨ। ਉਨ੍ਹਾਂ ਦੇ ਆਪਣੇ ਚਲਾਏ ਅੰਦੋਲਨ ਬਾਰੇ ਵਿਚਾਰ ਸਨ ਕਿ, ''ਇਹ ਅੰਦੋਲਨ ਆਪਣੇ ਖ਼ਿਲਾਫ਼ ਹੋ ਰਹੇ ਭੇਦ ਭਾਵ ਨੂੰ ਖ਼ਤਮ ਕਰਨ ਦੇ ਲਈ ਹੀ ਨਹੀਂ, ਇਹ ਇਕ ਸਮਾਜਿਕ ਕ੍ਰਾਂਤੀ ਲਿਆਉਣ ਦੇ ਲਈ ਵੀ ਹੈ। ਇਹ ਕ੍ਰਾਂਤੀ ਇਨਸਾਨ ਦੁਆਰਾ ਜਾਤ ਪਾਤ ਦੇ ਬੰਧਨਾਂ ਨੂੰ ਖ਼ਤਮ ਕਰਨ ਦੇ ਲਈ ਵੀ ਹੈ। ਇਹ ਕ੍ਰਾਂਤੀ ਸਭ ਨੂੰ ਬਰਾਬਰ ਮੌਕੇ ਪ੍ਰਦਾਨ ਕਰਨ ਦੇ ਲਈ ਵੀ ਹੈ। ਵਰਤਮਾਨ ਜਾਤ ਪਾਤ ਵਿਵਸਥਾ ਸਾਡੇ ਰਾਸ਼ਟਰ ਦੀ ਸਭ ਤੋਂ ਵੱਡੀ ਕਮਜ਼ੋਰੀ ਹੈ। ਸਾਡਾ ਅੰਦੋਲਨ ਸ਼ਕਤੀ ਅਤੇ ਭਾਈਚਾਰੇ ਦੇ ਲਈ ਹੈ। ਅਸੀਂ ਉਨ੍ਹਾਂ ਸ਼ਾਸਤਰਾਂ ਅਤੇ ਸਿਮਰਤੀਆਂ ਦੁਆਰਾ ਨਿਯੰਤ੍ਰਿਤ ਹੋਣ ਅਤੇ ਬੰਨ੍ਹੇ ਜਾਣ ਤੋਂ ਇਨਕਾਰ ਕਰਦੇ ਹਾਂ ਜੋ ਕਾਲੇ ਕਾਨੂੰਨ ਅੰਧਕਾਰਮਈ ਅਤੇ ਅਗਿਆਨੀ ਯੁੱਗਾਂ ਵਿਚ ਤਿਆਰ ਕੀਤੇ ਗਏ ਸਨ। ਸਾਡੀ ਸਫ਼ਲਤਾ ਦੇਸ਼ ਦੀ ਮਹਾਨ ਸੇਵਾ ਹੋਵੇਗੀ। (ਰੌਣਕੀ ਰਾਮ, ਦਲਿਤ ਪਛਾਣ ਮੁਕਤੀ ਅਤੇ ਸ਼ਕਤੀਕਰਨ, ਪਬਲਿਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012, ਪੰਨਾ _117)

ਇਹ ਗੱਲ ਧਿਆਨ ਦੇਣ ਵਾਲ਼ੀ ਹੈ ਕਿ ਅੰਬੇਡਕਰ ਆਪਣੀਆਂ ਮੁਹਿੰਮਾਂ ਦੀਆਂ ਸੀਮਾਵਾਂ ਵੀ ਜਾਣਦੇ ਸਨ। ਜੇ ਉਹ ਸ਼ੂਦਰਾਂ ਨੂੰ ਮੰਦਿਰਾਂ ਵਿਚ ਦਾਖਲ ਕਰਵਾਉਣਾ ਚਾਹੁੰਦੇ ਸਨ ਤਾਂ ਉਹ ਇਸ ਪੱਖੋਂ ਵੀ ਸੁਚੇਤ ਕਰਦੇ ਹਨ ਕਿ, 'ਮੰਦਰਾਂ ਵਿਚ ਪ੍ਰਵੇਸ਼ ਨਾਲ਼ ਤੁਹਾਡੀਆਂ ਸਮੱਸਿਆਵਾਂ ਖ਼ਤਮ ਨਹੀਂ ਹੋਣਗੀਆਂ। ਰਾਜਨੀਤੀ, ਅਰਥ ਸ਼ਾਸਤਰ, ਵਿਦਿਆ ਅਤੇ ਧਰਮ ਸਭ ਸਮੱਸਿਆ ਦਾ ਹਿੱਸਾ ਹਨ- ਸਾਨੂੰ ਪਤਾ ਹੈ ਕਿ ਮੰਦਰ ਵਿਚਲਾ ਭਗਵਾਨ ਪੱਥਰ ਦਾ ਹੈ। ਦਰਸ਼ਨ ਅਤੇ ਪੂਜਾ ਸਾਡੀਆਂ ਸਮੱਸਿਆਵਾਂ ਨੂੰ ਹੱਲ ਨਹੀਂ ਕਰ ਸਕਦੇ।

ਵਿਲਾਸ ਸੋਨਵਣੇ ਨੇ ਡਾ. ਅੰਬੇਡਕਰ ਵਲੋਂ ਇੰਡੀਪੈਂਡੈਂਟ ਲੇਬਰ ਪਾਰਟੀ ਬਣਾਏ ਜਾਣ ਦੇ ਮਹੱਤਵ ਨੂੰ ਰੇਖਾਂਕਿਤ ਕਰਦਿਆਂ ਲਿਖਿਆ ਹੈ, ''ਅੰਬਡੇਕਰ ਨੇ ਜਦੋਂ 1936 ਵਿਚ ਇੰਡੀਪੈਂਡੈਂਟ ਲੇਬਰ ਪਾਰਟੀ ਬਣਾਈ ਤਾਂ ਉਥੋਂ ਦੇ (ਕੋਂਕਣ) ਜ਼ਿਲਾ ਪਰੀਸ਼ਦ ਦੀਆਂ ਚੋਣਾਂ ਵਿਚ ਰਤਨਾਗਿਰੀ ਜ਼ਿਲੇ ਵਿਚ 18 ਵਿਚੋਂ 14 ਸੀਟਾਂ ਲੇਬਰ ਪਾਰਟੀ ਨੂੰ ਮਿਲੀ ਪਰ ਬਾਅਦ ਵਿਚ ਜਦੋਂ ਕਮਿਊਨਲ ਅਵਾਰਡ ਮਿਲਣ ਲੱਗਾ ਤਾਂ ਸ਼ੂਦਰਾਂ ਦੇ ਪ੍ਰਤਿਨਿਧ ਵਜੋਂ ਉਸ ਸਾਹਮਣੇ ਪੇਸ਼ ਹੋਣ ਲਈ ਸ਼ਡਿਊਲਡ ਕਾਸਟ ਫੈਡਰੇਸ਼ਨ ਦਾ ਗਠਨ ਕਰ ਲਿਆ ਗਿਆ। ਸੋਨਵਣੇ ਨੇ ਇਹ ਤੱਥ ਉਭਾਰ ਕੇ ਪੇਸ਼ ਕੀਤਾ ਹੈ ਕਿ 1929 ਈ. ਤੋਂ ਲੈ ਕੇ 1936 ਈ. ਤਕ ਭਾਰਤ ਵਿਚ ਕਿਸਾਨਾਂ ਦੀ ਪਹਿਲੀ ਹੜਤਾਲ਼ ਮਹਾਂਰਾਸ਼ਟਰ ਕੋਲਾਬਾ ਜ਼ਿਲੇ ਵਿਚ ਹੋਈ ਜਿਸਦੇ ਚਾਰ ਨੇਤਾ ਸਨ ਡਾ. ਅੰਬੇਡਕਰ, ਸ਼ਿਆਮਾਰਾਉ ਪੁਵਰੇਕਰ, ਨਾਰਾਇਣ ਨਾਗੋਪਾਟਿਲ ਅਤੇ ਆਰ. ਬੀ. ਮੋਰੇ। ਇਹ ਹੜਤਾਲ ਜ਼ਮੀਦਾਰੀ ਦੇ ਖ਼ਿਲਾਫ਼ ਸੀ। ਇਸ ਇਲਾਕੇ ਵਿਚ ਮਹਾਰ ਜਾਤੀ ਜਿਸ ਵਿਚੋਂ ਡਾ. ਅੰਬੇਡਕਰ ਸਨ, ਹੋਣ ਦੇ ਬਾਵਜੂਦ ਇਸ ਇਲਾਕੇ ਵਿਚ ਮਨੂੰ ਸਿਮ੍ਰਤੀ ਜਲ਼ਾਈ ਜਾਂਦੀ ਹੈ। ਇਸ ਲੜਾਈ ਦਾ ਨਤੀਜਾ ਬੜਾ ਮਹੱਤਵਪੂਰਣ ਰਿਹਾ, ''ਕੋਂਕਣ ਵਿਚ ਜਾਵੋਗੇ ਤਾਂ ਜ਼ਿਮੀਦਾਰ ਦੇ ਖ਼ਿਲਾਫ ਜਿੰਨ੍ਹਾਂ ਨੇ ਵੀ ਲੜਾਈਆਂ ਲੜੀਆਂ ਉਨ੍ਹਾਂ ਸਾਰਿਆਂ ਦੇ ਘਰਾਂ ਵਿਚ ਅੰਬੇਡਕਰ ਦੀ ਤਸਵੀਰ ਮਿਲ਼ ਜਾਵੇਗੀ।

(ਨਯਾਪੱਥ, ਪੰਨਾ-228)

ਬੀ.ਟੀ. ਰਣਦੀਵੇ ਨੇ ਡਾ. ਅੰਬੇਡਕਰ ਵਲੋਂ ਕਾਂਗਰਸੀ ਪਖੰਡਾਂ ਦੇ ਖ਼ਿਲਾਫ਼ ਕੀਤੇ ਤਿੱਖੇ ਹਮਲਿਆਂ ਦਾ ਜ਼ਿਕਰ ਕਰਦਿਆਂ ਸੰਵਿਧਾਨ ਨਿਰਮਾਤਾ ਦੇ ਤੌਰ ਤੇ ਤਾਰੀਫ਼ ਵੀ ਕੀਤੀ ਹੈ, ਪਰ ਨਾਲ਼ ਹੀ ਸੀਮਾਂ ਨੂੰ ਵੀ ਰੇਖਾਂਕਿਤ ਕੀਤਾ ਹੈ, ਜਿਸ ਕਰਕੇ ਡਾ. ਅੰਬੇਡਕਰ ਦਾ ਮੋਹ ਭੰਗ ਹੋਇਆ। ਉਹ ਲਿਖਦੇ ਹਨ, ''ਕਾਂਗਰਸੀ ਨੇਤਾਵਾਂ ਅਤੇ ਉਨ੍ਹਾਂ ਦੇ ਪਾਖੰਡਾਂ ਦੇ ਖ਼ਿਲਾਫ਼ ਅੰਬੇਡਕਰ ਵਰਗਾ ਤਿੱਖਾ ਤੇ ਲਗਾਤਾਰ ਹਮਲਾ ਹੋਰ ਕਿਸੇ ਨੇ ਸ਼ਾਇਦ ਹੀ ਕੀਤਾ ਹੋਏ। ਇਸਦੇ ਬਾਵਜੂਦ ਉਹ ਸਾਡੇ ਸੰਵਿਧਾਨ ਦੇ ਪ੍ਰਮੁੱਖ ਨਿਰਮਾਤਾਵਾਂ ਵਿਚੋਂ ਇਕ ਸਨ। ਇਹ ਉਹੀ ਸੰਵਿਧਾਨ ਹੈ ਜਿਸਨੂੰ ਹੁਣ ਤਕ ਕਾਂਗਰਸ ਲੋਕਤੰਤਰ ਦਾ ਬੇਮਿਸਾਲ ਨਮੂਨਾ ਕਹਿ ਕੇ ਉਸਦੀ ਤਾਰੀਫ਼ ਕਰਦੀ ਨਹੀਂ ਥੱਕਦੀ। ਇਹ ਉਹੀ ਸੰਵਿਧਾਨ ਹੈ ਜਿਸ ਅਧੀਨ ਅਛੂਤਾਂ ਦੇ ਘਰ ਜਲ਼ਾਏ ਜਾਂਦੇ ਹਨ, ਉਨ੍ਹਾਂ ਦੇ ਘਰ ਲੁੱਟੇ ਜਾਂਦੇ ਹਨ, ਉਨ੍ਹਾਂ ਦੀਆਂ ਔਰਤਾਂ ਨਾਲ਼ ਬਲਾਤਕਾਰ ਕੀਤਾ ਜਾਂਦਾ ਹੈ, ਉਨ੍ਹਾਂ ਦੀਆਂ ਹੱਤਿਆਵਾਂ ਹੁੰਦੀਆਂ ਹਨ। ਹੈਰਾਨੀ ਦੀ ਗੱਲ ਨਹੀਂ ਹੈ ਜੇਕਰ ਅੰਬੇਡਕਰ ਨੂੰ ਮਹਿਸੂਸ ਹੋਇਆ ਹੋਵੇ ਕਿ ਉਨ੍ਹਾਂ ਨਾਲ਼ ਧੋਖਾ ਕੀਤਾ ਗਿਆ ਹੈ। ਇਸ ਵਿਚ ਜੇ ਬੇਜੇਪੀ ਦੇ ਸੱਤਾ ਵਿਚ ਆਉਣ ਤੋਂ ਬਾਅਦ ਦਲਿਤਾਂ ਨਾਲ਼ ਕੀ ਹੋਇਆ ਉਹ ਵੀ ਜੋੜ ਦਿੱਤਾ ਜਾਵੇ ਤਾਂ ਸੰਵਿਧਾਨ ਦੀਆਂ ਸੀਮਾਵਾਂ ਹੋਰ ਵੀ ਸਪੱਸ਼ਟ ਰੂਪ ਵਿਚ ਸਾਹਮਣੇ ਆ ਜਾਂਦੀਆਂ ਹਨ।

ਪੰਜਾਬ ਵਿਚ ਡਾ. ਅੰਬੇਡਕਰ ਦੇ ਸਮਕਾਲੀ ਬਾਬੂ ਮੰਗੂਰਾਮ ਮੁੱਗੋਵਾਲ਼ੀਆ ਵੀ ਦਲਿਤ ਉਥਾਂਨ ਲਈ ਕਾਰਜਸ਼ੀਲ ਸੀ। ਉਸਦਾ ਪ੍ਰੇਰਨਾ ਸਰੋਤ ਗ਼ਦਰ ਪਾਰਟੀ ਦਾ ਆਜ਼ਾਦ ਭਾਰਤ ਵਿਚ ਬਰਾਬਰੀ ਦਾ ਸੰਕਲਪ ਸੀ। ਗ਼ਦਰੀ ਲਹਿਰ ਦੇ ਕੇਂਦਰ ਵਿਚ ਰਹਿ ਕੇ ਉਸਨੇ ਇਹ ਮਹਿਸੂਸ ਕੀਤਾ। ਗ਼ਦਰੀ ਪਾਰਟੀ ਦੇ ਵਫ਼ਾਦਾਰ ਯੋਧੇ ਹੋਣ ਕਰਕੇ ਹੀ ਉਨ੍ਹਾਂ ਨੂੰ ਚਾਰ ਹੋਰ ਸਾਥੀਆਂ ਸਮੇਤ ਹਥਿਆਰ ਲੈ ਕੇ ਹਿੰਦੁਸਤਾਨ ਭੇਜਿਆ ਗਿਆ। ਗ਼ਦਰ ਲਹਿਰ ਦੀ ਨਾਕਾਮਯਾਬੀ ਸਦਕਾ ਇਸਦੇ ਮੈਂ੧ਬਰ ਵੱਖ ਵੱਖ ਖੇਤਰਾਂ ਵਿਚ ਗਏ। ਬੱਬਰ ਅਕਾਲੀ, ਕਿਰਤੀ ਲਹਿਰ, ਕਮਿਊਨਿਸਟ ਲਹਿਰ ਵਿਚ ਵੀ ਪਰ ਮੰਗੂਰਾਮ ਨੇ 1925 ਵਿਚ ਵਾਪਸੀ ਤੋਂ ਬਾਅਦ ਆਦਿ ਧਰਮ ਲਹਿਰ ਦੀ ਸ਼ੁਰੂਆਤ ਕੀਤੀ। ਡਾ. ਅੰਬੇਡਕਰ ਵਾਂਗ ਨਿੱਜੀ ਅਨੁਭਵਾਂ ਦੇ ਆਧਾਰ ਤੇ ਉਹ ਦਲਿਤਾਂ ਦੀ ਸਥਿਤੀ ਤੋਂ ਡੂੰਘੀ ਤਰ੍ਹਾਂ ਵਾਕਿਫ਼ ਸਨ। ਇਸ ਲਈ ਉਨ੍ਹਾਂ ਨੇ ਸ਼ੂਦਰਾਂ ਨੂੰ ਹਿੰਦੂ ਧਰਮ ਤੋਂ ਵੱਖ ਆਦਿ ਧਰਮੀ ਕਿਹਾ ਤੇ ਸਰਕਾਰ ਤੋਂ ਮੰਨਵਾ ਵੀ ਲਿਆ। ਉਨ੍ਹਾਂ ਦੀਆਂ ਮੰਗਾਂ ਵਿਚ ਸੀ। ਪੰਜਾਬ ਭੂਮੀ ਇੰਤਕਾਲ ਐਕਟ 1900 ਵਿਚ ਆਦਿ ਧਰਮੀਆਂ ਨੂੰ ਸਹੂਲਤਾਂ ਦੇਣ ਸੰਬੰਧੀ ਸੋਧ ਕਰਨਾ, ਹੋਰਨਾਂ ਵਾਂਗ ਜਾਇਦਾਦ ਦਾ ਅਧਿਕਾਰ ਦੁਆਉਣਾ, ਆਦਿ ਧਰਮੀਆਂ ਨੂੰ ਆਦਿ ਧਰਮੀਆਂ ਦੀ ਜ਼ਾਮਨੀ ਦਾ ਅਧਿਕਾਰ ਦੇਣਾ, ਇਨ੍ਹਾਂ ਉਪਰ ਜਰਾਇਮ-ਪੇਸ਼ਾ ਹੋਣ ਦੇ ਧੱਬੇ ਨੂੰ ਧੋਣਾ, ਆਦਿ ਧਰਮੀਆਂ ਨੂੰ ਵੀ ਬੈਂਕਾਂ ਨੂੰ ਕਰਜ਼ੇ ਦੇਣ ਦਾ ਪ੍ਰਬੰਧ ਕਰਵਾਉਣਾ ਆਦਿ। ਡੀ.ਸੀ. ਅਹੀਰ ਨੇ ਆਦਿ ਧਰਮ ਦੀ ਬੇਗਾਰ ਪ੍ਰਥਾ ਵਿਰੁੱਧ ਲੜਾਈ ਨੂੰ ਵਿਸ਼ੇਸ਼ ਮਹੱਤਵ ਦਿੱਤਾ ਹੈ ਕਿਉਂਕਿ ਇਨ੍ਹਾਂ ਨੇ ਹੀ ਬੇਗਾਰ ਪ੍ਰਥਾ ਬੰਦ ਕਰਵਾਈ। ਅਹੀਰ ਨੇ ਲਿਖਿਆ ਹੈ, 'ਆਦਿ ਧਰਮ ਮੰਡਲ ਨੇ ਬੇਗਾਰ ਪ੍ਰਥਾ ਵਿਰੁੱਧ ਸੰਘਰਸ਼ ਕੀਤਾ ਤੇ ਉਨ੍ਹਾਂ ਨੂੰ ਖ਼ਤਮ ਕਰਵਾਇਆ। ਮੰਡਲ ਨੇ ਪੰਜਾਬ ਇੰਤਕਾਲ ਇਰਾਜ਼ੀ ਕਾਨੂੰਨ ਵਿਰੁੱਧ ਜ਼ਬਰਦਸਤ ਸੰਘਰਸ਼ ਕੀਤਾ ਜਿਸ ਰਾਹੀਂ ਅਛੂਤਾਂ ਨੂੰ ਜ਼ਮੀਨ ਦਾ ਇਕ ਛੋਟਾ ਜਿਹਾ ਟੁਕੜਾ ਖਰੀਦਣ ਦੀ ਵੀ ਮਨਾਹੀ ਸੀ। ਆਦਿ ਧਰਮ ਮੰਡਲ 1931 ਦੀ ਮਰਦਮਸ਼ੁਮਾਰੀ ਸਮੇ੧ ਆਪਣੀ ਪੂਰੀ ਚੜ੍ਹਤ ਉੱ ਸੀ। ਲਗਾਤਾਰ ਪ੍ਰਚਾਰ ਦੇ ਨਤੀਜੇ ਵਜੋ੧ ਤਕਰੀਬਨ 5 ਲੱਖ ਲੋਕਾਂ ਨੇ ਆਪਣੇ ਆਪ ਨੂੰ ਆਦਿ ਧਰਮੀ ਐਲਾਨਿਆ। (ਦੇਸ਼ ਦੁਆਬਾ, ਡਰ;-6, ਜਤਤਚਕ-3 ਅਪ੍ਰੈਲ 27,2017, ਅਨੁ-ਵਾਦਕ ਬਲਬੀਰ ਮਾਧੋਪੁਰੀ)



ਡਾ. ਅੰਬੇਡਕਰ ਅਤੇ ਬਾਬੂ ਮੰਗੂਰਾਮ ਇਕ ਦੂਜੇ ਤੋ੧ ਵੱਖ ਪ੍ਰਸਥਿਤੀਆਂ ਵਿਚ ਕੰਮ ਕਰ ਰਹੇ ਸਨ ਇਸ ਲਈ ਉਨ੍ਹਾਂ ਦੇ ਵਿਚਾਰਾਂ ਵਿਚ ਕੁਝ ਅੰਤਰ ਵੀ ਹੋ ਸਕਦਾ ਹੈ ਪਰੰਤੂ ਦੋਨੋ੧ ਸ਼ੂਦਰ ਜਾਤੀਆਂ ਦੇ ਨਿੱਜੀ ਅਨੁਭਵ ਲੈ ਕੇ ਵੱਖਰੇ ਪ੍ਰੇਰਣਾ ਸਰੋਤਾਂ ਅਧੀਨ ਇਨ੍ਹਾਂ ਦੇ ਉਥਾਨ ਵਲ ਪ੍ਰਤਿਬੱਧਤਾ ਨਾਲ਼ ਲੱਗੇ ਹੋਏ ਸਨ। ਇਸ ਲਈ ਸਾਂਝਾਂ ਵਧੇਰੇ ਹਨ। ਡੀ. ਸੀ. ਅਹੀਰ ਦਾ ਨਤੀਜਾ ਬਿਲਕੁਲ ਸਹੀ ਹੈ ਕਿ, ''ਦੋਵਾਂ ਆਗੂਆਂ ਦਾ ਵਿਸ਼ਵਾਸ ਆਪਣੀ ਮਦਦ ਆਪ ਕਰਨ ਵਿਚ ਸੀ ਅਤੇ ਆਪਣੇ ਮੰਤਵ-ਮਨੋਰਥ ਦੀ ਪ੍ਰਾਪਤੀ ਲਈ ਸ਼ਾਂਤਮਈ ਤਰੀਕਿਆਂ ਦੀ ਵਕਾਲਤ ਸੀ। ਦੋਵਾਂ ਨੇ ਸਿਖਿਆ ਉੱਤੇ ਭਰਵਾਂ ਜ਼ੋਰ ਦਿੱਤਾ। ਬਾਬਾ ਸਾਹਿਬ ਨੇ ਸਿਖਿਆ ਨੂੰ ਸਮੁੱਚੀ ਤਰੱਕੀ ਦੀ ਚਾਬੀ ਵਜੋਂ ਵਿਚਾਰਿਆ ਜਦਕਿ ਮੰਗੂ ਰਾਮ ਦਾ ਕਹਿਣਾ ਸੀ ਕਿ 'ਸਿੱਖਿਆ ਸਾਨੂੰ ਸੱਚਖੰਡ(ਸਚਾਈ ਦਾ ਮੰਡਲ) ਵਲ ਲਿਜਾਂਦੀ ਹੈ। ਹੋਰ ਅੱਗੇ ਬਾਬਾ ਸਾਹਿਬ ਨੇ 'ਸਿਖਿਆ, ਸੰਘਰਸ਼ ਅਤੇ ਸੰਗਠਨ ਦੀਆਂ ਤਿੰਨ ਪ੍ਰਮੁੱਖ ਗੱਲਾਂ ਲੋਕਾਂ ਨੂੰ ਮੰਨਣ ਲਈ ਆਖਿਆ ਜਦ ਕਿ ਮੰਗੂਰਾਮ ਅਨੁਸਾਰ ਗਰੀਬਾਂ ਕੋਲ਼ ਤਿੰਨ ਕਿਸਮ ਦੀਆਂ ਤਾਕਤਾਂ ਹਨ, ਕੌਮੀਅਤ (ਸਾਮੂਹਿਕ ਇਕਮੁੱਠਤਾ), ਮਜ਼੍ਹਬ (ਅਧਿਆਤਮਕਤਾ) ਅਤੇ ਮਜਲਿਸ (ਸੰਗਠਨ)। ਇਨ੍ਹਾਂ ਵਿਚਾਰਕਾਂ ਦਾ ਪ੍ਰਭਾਵ ਹੀ ਹੈ ਕਿ ਅਜੋਕਾ ਦਲਿਤ ਵਰਗ ਆਪਣੀ ਵੱਖਰੀ ਪਛਾਣ ਲਈ ਲੜ ਰਿਹਾ ਹੈ। ਇਸ ਲਈ ਖ਼ੂਨੀ ਟਕਰਾਅ ਵੀ ਹੋ ਰਹੇ ਹਨ।

ਇਕ ਸਮਾਂ ਆਉ੧ਦਾ ਹੈ ਕਿ ਦਲਿਤ ਲਹਿਰਾਂ ਦੇ ਪ੍ਰਮੁੱਖ ਆਗੂ ਕਾਂਗਰਸ ਵਿਚ ਜਾ ਸਮਾਉਂਦੇ ਹਨ। ਇਨ੍ਹਾਂ ਲਹਿਰਾਂ ਦੇ ਇਤਿਹਾਸਕਾਰ ਇਹ ਹਿੱਸਾ ਜਾਂ ਤਾਂ ਛੱਡ ਜਾਂਦੇ ਹਨ ਜਾਂ ਫਿਰ ਸੂਚਨਾ ਦੇ ਪੱਧਰ ਤੇ ਸਾਰੀ ਗੱਲ ਸਮੇਟ ਦਿੰਦੇ ਹਨ। ਪਰ ਪ੍ਰਗਤੀਵਾਦੀ ਮਾਰਕਸਵਾਦੀ ਇਸ ਸਵਾਲ ਨਾਲ਼ ਟਕਰਾਉਂਦੇ ਹਨ। ਬੀ.ਟੀ. ਰਣਦੀਵੇ ਨੇ ਇਸਦੇ ਦੋ ਕਾਰਣ ਦੱਸੇ ਹਨ ਪਹਿਲਾ ਉਸ ਸਮੇਂ ਉੱਠੀ ਸਾਮਰਾਜ ਵਿਰੋਧੀ ਲਹਿਰ ਅਤੇ ਦੂਸਰਾ ਇਨ੍ਹਾਂ ਨੇਤਾਵਾਂ ਦੀ ਪੂਰਵ-ਪੂੰਜੀਵਾਦੀ ਭੂਮੀ ਸੰਬੰਧਾਂ ਦੀਆਂ ਜੜ੍ਹਾਂ ਉਪਰ ਵਾਰ ਕਰਨ ਦੀ ਅਸਮਰੱਥਤਾ। ਰਣਦੀਵੇ ਨੇ ਇਸਨੂੰ ਇਵੇਂ ਸੂਤਰਬੱਧ ਕੀਤਾ ਹੈ, ''ਇਸਦੇ ਕਾਰਣ ਦੋ ਸਨ। ਪਹਿਲਾ ਇਹ ਕਿ ਕਿਸਾਨ ਜਨਤਾ ਨਾਲ਼ ਜੁੜੀ ਲੀਡਰਸ਼ਿਪ ਦੇਸ਼ ਵਿਚ ਉੱਠੇ ਸਾਮਰਾਜਵਾਦ ਵਿਰੋਧੀ ਲਹਿਰ ਨੂੰ ਮਹਿਸੂਸ ਕਰ ਰਹੀ ਸੀ। ਜਦੋ੧ ਕਿਸਾਨ ਜਨਤਾ ਇਸ ਅੰਦੋਲਨ ਵਿਚ ਸ਼ਿਰਕਤ ਕਰ ਰਹੀ ਸੀ ਤਾਂ ਨੇਤਾਵਾਂ ਨੂੰ ਰਾਸ਼ਟਰੀ ਅੰਦੋਲਨ ਤੋਂ ਵੱਖ ਰਹਿਣ ਦਾ ਰਵੱਈਆ ਤਿਆਗਣਾ ਪਿਆ। ਦੂਸਰੀ ਵਜਹ ਇਹ ਸੀ ਕਿ ਇਹ ਅੰਦੋਲਨ ਤਾਂ ਹੀ ਸੁਤੰਤਰ ਰਸਤਾ ਅਖ਼ਤਿਆਰ ਕਰ ਸਕਦਾ ਸੀ ਜੇ ਉਹ ਉਨ੍ਹਾਂ ਪੂਰਵ ਪੂੰਜੀਵਾਦੀ ਭੂਮੀ ਸੰਬੰਧਾਂ ਦੀਆਂ ਜੜ੍ਹਾਂ ਉਪਰ ਵਾਰ ਕਰਦਾ। ਜੋ ਕਿਸਾਨਾਂ ਦੇ ਸ਼ੋਸ਼ਣ ਜਾਤੀਗਤ ਅਸਮਾਨਤਾ ਦਾ ਜਨਮਦਾਤਾ ਹੈ। ਕਾਂਗਰਸੀ ਬੁੱਧੀਜੀਵੀਆਂ ਵਾਂਗ ਹੀ ਬ੍ਰਾਹਮਣ ਵਿਰੋਧੀ ਅੰਦੋਲਨ ਦੇ ਬੁੱਧੀਜੀਵੀ ਵੀ ਇਸਦੇ ਲਈ ਤਿਆਰ ਨਹੀਂ ਸਨ।

ਪੰਜਾਬ ਦੇ ਸੰਦਰਭ ਵਿਚ 18ਵੀਂ, 19ਵੀਂ ਸਦੀ ਦਾ ਕਾਲ ਪੁਨਰ ਜਾਗ੍ਰਤੀ ਦਾ ਕਾਲ ਹੈ ਜਿਸਦੀ ਸ਼ਕਤੀ ਸਾਮਰਾਜ-ਵਿਰੋਧ ਵਿਚੋਂ ਪੈਦਾ ਹੁੰਦੀ ਹੈ ਅਤੇ ਬਰਾਬਰੀ, ਭਾਈਚਾਰਾ, ਆਜ਼ਾਦੀ ਆਦਿ ਸੰਕਲਪ ਜੜ੍ਹਾਂ ਫੜਦੇ ਹਨ। ਇਨ੍ਹਾਂ ਨੂੰ ਮੰਨਣ ਵਾਲ਼ੇ ਧਰਮ ਨੂੰ ਹੀ ਡਾ. ਅੰਬੇਡਕਰ ਨੇ ਅਸਲੀ ਧਰਮ ਮੰਨਿਆ। ਪਰ ਇਸੇ ਸਮੇਂ ਧਾਰਮਿਕ ਪੁਨਰਉਥਾਨਵਾਦ ਵੀ ਜ਼ੋਰਾਂ ਤੇ ਸੀ। ਪੰਜਾਬ ਵਿਚ ਸਿੰਘ ਸਭਾ, ਆਰੀਆ ਸਮਾਜ ਤੇ ਮੁਸਲਮ ਸੰਗਠਨ ਬਰਾਬਰੀ ਦੇ ਨਾਂ ਤੇ ਦਲਿਤਾਂ/ਸ਼ੂਦਰਾਂ ਨੂੰ ਆਪਣੇ ਵਿਚ ਸ਼ਾਮਿਲ ਕਰਨ ਲਈ ਮੁਹਿ-ਮਾਂ ਚਲਾ ਰਹੇ ਸਨ।

ਉਪਰਲੇ ਆਗੂਆਂ ਦੇ ਸਮਾਨੰਤਰ ਹੀ ਭਗਤ ਸਿੰਘ ਤੇ ਉਸ ਵਲੋਂ ਚਲਾਈ ਲਹਿਰ ਜ਼ੋਰ ਫੜ੍ਹ ਰਹੀ ਹੈ। ਭਗਤ ਸਿੰਘ ਅਛੂਤ ਦੇ ਸਵਾਲ ਨੂੰ ਸਿੱਧਾ ਮਾਨਵਵਾਦੀ/ਪ੍ਰਗਤੀਵਾਦੀ ਦ੍ਰਿਸ਼ਟੀ ਤੋਂ ਸੰਬੋਧਿਤ ਹੁੰਦਾ ਹੈ। 'ਅਛੂਤ ਦਾ ਸਵਾਲ' ਉਸਦਾ ਲੇਖ ਡੂੰਘੇ ਅਧਿਐਨ ਦੀ ਮੰਗ ਕਰਦਾ ਹੈ। ਭਗਤ ਸਿੰਘ ਅਨੁਸਾਰ ਸਾਰੇ ਇਨਸਾਨ ਇਕੋ ਜਿਹੇ ਹਨ, ਕੰਮ ਕਾਜ ਨਾਲ਼ ਭਿੰਨ ਭੇਦ, ਜਨਮ ਨਾਲ਼ ਨਹੀਂ। ਭਗਤ ਸਿੰਘ ਪੁਨਰ-ਜਨਮ ਦਾ ਵਿਸ਼ਲੇਸ਼ਣ ਕਰਦਿਆਂ ਕਹਿੰਦਾ ਹੈ ਕਿ ਇਸ ਵਿਸ਼ਵਾਸ ਨੇ ਭਾਰਤੀਆਂ ਵਿਚ ਆਤਮ ਵਿਸ਼ਵਾਸ, ਇਨਸਾਨੀਅਤ ਅਤੇ ਆਤਮ ਨਿਰਭਰਤਾ ਨੂੰ ਹੀ ਤਬਾਹ ਨਹੀਂ ਕੀਤਾ ਸਗੋਂ ਇਸਨੇ ਜ਼ਰੂਰੀ ਕੰਮਾਂ ਲਈ ਘ੍ਰਿਣਾ ਵੀ ਪੈਦਾ ਕੀਤੀ ਹੈ। ਇਹ ਘ੍ਰਿਣਾ ਇਥੋਂ ਤਕ ਜਾਂਦੀ ਹੈ ਕਿ, ''ਕੁੱਤਾ ਸਾਡੀ ਗੋਦੀ ਵਿਚ ਬੈਠ ਸਕਦਾ ਹੈ, ਸਾਡੇ ਚੌਕੇ ਵਿਚ ਨਿਸ਼ੰਗ ਫਿਰਦਾ ਹੈ ਪਰ ਇਕ ਆਦਮੀ ਸਾਡੇ ਨਾਲ਼ ਛੂਹ ਜਾਵੇ ਤਾਂ ਬਸ ਧਰਮ ਖ਼ਰਾਬ ਹੋ ਜਾਂਦਾ ਹੈ- ਜਾਨਵਰਾਂ ਦੀ ਪੂਜਾ ਕਰ ਸਕਦੇ ਹਾਂ ਪਰ ਇਨਸਾਨ ਨੂੰ ਕੋਲ਼ ਨਹੀਂ ਬਿਠਾ ਸਕਦੇ। ਅੱਜ ਦੇ ਪ੍ਰਸੰਗ ਵਿਚ ਗਾਂ ਦੇ ਸਵਾਲ ਨਾਲ਼ ਇਸਨੂੰ ਜੋੜ ਕੇ ਦੇਖਿਆ ਜਾ ਸਕਦਾ ਹੈ। ਭਗਤ ਸਿੰਘ ਅਛੂਤਾਂ/ਸ਼ੂਦਰਾਂ ਦੇ ਧਰਮ ਪਰਿਵਰਤਨ ਦੇ ਖ਼ਿਲਾਫ਼ ਹੈ। ਉਹ ਇਨ੍ਹਾਂ ਨੂੰ ਇਨਸਾਨ ਮੰਨ ਕੇ ਇਨ੍ਹਾਂ ਨਾਲ਼ ਮੇਲ਼ ਜੋਲ਼ ਬਣਾਉਣਾ ਚਾਹੁੰਦਾ ਹੈ। ਹਿੰਦੂ, ਮੁਸਲਮਾਨ ਅਤੇ ਸਿੱਖਾਂ ਵਿਚ ਚਲਾਈ ਜਾ ਰਹੀ ਧਰਮ ਪਰਿਵਰਤਨ ਦੀ ਲਹਿਰ ਦੀ ਥਾਂ ਭਗਤ ਕਿੰਨਾ ਸਪੱਸ਼ਟ ਹੈ ਇਹ ਉਸਦੇ ਇਨ੍ਹਾਂ ਸ਼ਬਦਾਂ ਤੋਂ ਵੇਖਿਆ ਜਾ ਸਕਦਾ ਹੈ। ''ਜਿਨ੍ਹਾਂ ਭਰਾਵਾਂ ਨੂੰ ਅੱਜ ਤੀਕ ਅਛੂਤ ਅਛੂਤ ਕਿਹਾ ਕਰਦੇ ਸਾਂ ਉਨ੍ਹਾਂ ਕੋਲੋਂ ਆਪਣੇ ਇਸ ਪਾਪ ਵਾਸਤੇ ਖ਼ਿਮਾ ਮੰਗਣੀ ਅਤੇ ਉਨ੍ਹਾਂ ਨੂੰ ਆਪਣੇ ਵਰਗਾ ਆਦਮੀ ਸਮਝਣਾ, ਬਿਨਾਂ ਅੰਮ੍ਰਿਤ ਛਕਾਇਆਂ, ਕਲਮਾ ਪੜ੍ਹਾਇਆ ਜਾਂ ਸ਼ੁੱਧ ਕੀਤਿਆਂ ਹੀ ਉਸਨੂੰ ਆਪਣੇ ਵਿਚ ਰਲ਼ਾ ਲੈਣਾ, ਉਸਦੇ ਹੱਥ ਦਾ ਪਾਣੀ ਪੀਣਾ ਇਹੋ ਠੀਕ ਤਰੀਕਾ ਹੈ। ਭਗਤ ਸਿੰਘ ਇਤਿਹਾਸਕ ਦ੍ਰਿਸ਼ਟੀ ਤੋਂ ਦੇਖ ਸਕਦਾ ਹੈ ਕਿ ਗੁਰੂ ਗੋਬਿੰਦ ਸਿੰਘ ਦੀ ਸੈਨਿਕ ਸ਼ਕਤੀ ਇਹੀ ਲੋਕ ਸਨ। (ਇਨ੍ਹਾਂ ਲਈ ਹੀ ਗੁਰੂ ਸਾਹਿਬ ਕਹਿੰਦੇ ਹਨ- ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ, ਨਹੀਂ ਮੋ ਸੋ ਗਰੀਬ ਕਰੋਰ ਪਰੇ) ਇਨ੍ਹਾਂ ਦੇ ਦਮ ਤੇ ਹੀ ਸ਼ਿਵਾਜ਼ੀ ਨੇ ਰਾਜ ਸਥਾਪਿਤ ਕੀਤਾ। 'ਦੁਨੀਆਂ ਭਰ ਦੇ ਮਜਦੂਰੋਂ ਇਕ ਹੋ ਜਾਉ' ਦੀ ਤਰਜ਼ ਤੇ ਭਗਤ ਸਿੰਘ ਨਾਅਰਾ ਦਿੰਦਾ ਹੈ, 'ਕਿਰਤੀਉ ਜਥੇਬੰਦ ਹੋ ਜਾਉ' ''ਤੁਸੀਂ ਅਸਲੀ ਕਿਰਤੀ ਹੋ, ਕਿਰਤੀਉ ਜਥੇਬੰਦ ਹੋ ਜਾਉ। ਤੁਹਾਡਾ ਨੁਕਸਾਨ ਨਹੀਂ ਹੋਵੇਗਾ ਕੇਵਲ ਗ਼ੁਲਾਮ ਦੀਆਂ ਜੰ ਕੱਟੀਆਂ ਜਾਣਗੀਆਂ। ਭਗਤ ਸਿੰਘ ਦੇ ਇਨ੍ਹਾਂ ਵਿਚਾਰਾਂ ਨੂੰ ਬਹੁਤ ਚਿਰ ਪਹਿਲਾਂ ਆਤਮਸਾਤ ਕੀਤਾ ਜਾਣਾ ਚਾਹੀਦਾ ਸੀ ਪਰ ਅੱਜ ਇਨ੍ਹਾਂ ਨੂੰ ਆਤਮਸਾਤ ਕਰਨ ਦੀ ਪਹਿਲਾਂ ਨਾਲੋ੧ ਵੀ ਵਧੇਰੇ ਲੋੜ ਹੈ।

ਦਲਿਤ ਲਹਿਰ ਦੇ ਸਬਕਾਂ ਨੂੰ ਆਤਮਸਾਤ ਕਰਦਿਆਂ ਸਾਨੂੰ ਦਲਿਤ ਨਾਰੀਵਾਦੀ ਚਿੰਤਨ ਨਾਲ਼ ਵੀ ਭਾਈਵਾਲ਼ੀ ਪਾਉਣੀ ਪਵੇਗੀ ਕਿਉ੧ਕਿ ਨਾਰੀ ਨੂੰ ਅਤਿ ਸ਼ੂਦਰ ਦੀ ਸ਼੍ਰੇਣੀ ਵਿਚ ਰੱਖਿਆ ਗਿਆ ਹੈ। ਅਨੀਤਾ ਭਾਰਤੀ ਨੇ ਸਾਨੂੰ ਇਸ ਤੱਥ ਤੋਂ ਜਾਣੂ ਕਰਵਾਇਆ ਹੈ ਕਿ 2500 ਸਾਲ ਪਹਿਲਾਂ 73 ਔਰਤਾਂ ਬੁੱਧ ਧਰਮ ਵਿਚ ਭਿਕਸ਼ੂਣੀਆਂ ਬਣੀਆਂ ਜਿਨ੍ਹਾਂ ਨੇ ਕਵਿਤਾਵਾਂ ਵਿਚ ਸਵੈਜੀਵਨੀਆਂ ਲਿਖੀਆਂ। ਇਨ੍ਹਾਂ ਵਿਚ ਨਗਰਵਧੂਆਂ, ਦਲਿਤ ਤੇ ਗਰੀਬ ਭਿਕਸ਼ੂਣੀਆਂ ਸਨ। ਕਸ਼ਮੀਰ ਦੀ ਲਲਦੇ ਮਿਹਤਰ ਸੀ ਰਾਮੀ ਚੰਡੀਦਾਸ ਧੋਬੀਆਂ ਵਿਚੋਂ ਸੀ। ਸਾਵਿਤ੍ਰੀ ਬਾਈ ਫੂਲੇ ਆਪ ਕਵਿਤ੍ਰੀ ਵੀ ਸੀ ਉਸਦੇ ਸਮਾਜਿਕ ਕਾਰਜਾਂ ਦਾ ਜ਼ਿਕਰ ਉਪਰ ਆ ਚੁੱਕਾ ਹੈ। ਰਮਾ ਬਾਈ ਨੇ ਭਰੂਣ ਹੱਤਿਆ ਦਾ ਮੁੱਦਾ ਉਠਾਇਆ। ਉਸਨੇ ਪੰਜਾਬ ਹਰਿਆਣਾ ਵਿਚ ਆਪਣੇ ਸਮੇਂ ਹੋ ਰਹੀ ਭਰੂਣ ਹੱਤਿਆ ਤੋਂ ਬਾਅਦ ਇਨ੍ਹਾਂ ਬਹਾਨਿਆਂ ਦਾ ਮਜ਼ਾਕ ਉਡਾਇਆ ਕਿ ਕੁੜੀ ਨੂੰ ਜੰਮਦਿਆਂ ਜੰਗਲੀ ਜਾਨਵਰ ਲੈ ਗਿਆ, ਜਿਵੇਂ ਜਾਨਵਰ ਨੂੰ ਇਹ ਪਤਾ ਹੋਵੇ ਕਿ ਕਿਸ ਘਰ ਕੁੜੀ ਪੈਦਾ ਹੋਈ ਹੈ। ਅਨੀਤਾ ਭਾਰਤੀ ਨੇ ਸਾਮੂਹਿਕ ਲੜਾਈ ਉਪਰ ਜ਼ੋਰ ਦਿੱਤਾ ਹੈ ਤਾਂ ਹੀ ਉਸਦਾ ਸੂਤ੍ਰਵਾਕ ਹੈ ਕਿ, 'ਮੁਕਤੀ ਦੇ ਰਸਤੇ ਇਕੱਲਿਆਂ ਨਹੀਂ ਮਿਲ਼ਦੇ।

ਦਿਲੀਪ ਚਵਾਹਣ ਨੇ ਹੇਠਲੀਆਂ ਜਾਤੀਆਂ ਦੀਆਂ ਔਰਤਾਂ ਦੀ ਮਿਹਨਤ ਉਪਰ ਆਪਣਾ ਧਿਆਨ ਕੇਂਦ੍ਰਿਤ ਕਰਦਿਆਂ ਲਿਖਿਆ ਹੈ ਕਿ, ''ਮਾਰਕਸਵਾਦੀ ਦ੍ਰਿਸ਼ਟੀ ਤੋਂ ਦੇਖੀਏ ਤਾਂ ਦੁਨੀਆਂ ਨੂੰ ਬਚਾਉਣ ਵਿਚ ਜਿੰਨੀ ਮਿਹਨਤ ਲੱਗੀ ਹੈ ਉਸ ਵਿਚ ਹੇਠਲੀਆਂ ਜਾਤੀਆਂ ਦੀਆਂ ਔਰਤਾਂ ਦੀ ਮਿਹਨਤ ਸਭ ਤੋਂ ਜ਼ਿਆਦਾ ਹੈ। ਚਵਾਹਣ ਅਨੁਸਾਰ ਸਾਡੀ ਲੜਾਈ ਇਕੋ ਵੇਲੇ ਸਾਮੰਤਵਾਦ, ਪੂੰਜੀਵਾਦ, ਸਾਮਰਾਜਵਾਦ, ਧਰਮ ਸੱਤਾ, ਪਿੱਤਰ ਸੱਤਾ ਅਤੇ ਜਾਤੀ ਸੱਤਾ ਨਾਲ਼ ਬਣਦੀ ਹੈ ਜੋ ਬੇਹੱਦ ਮੁਸ਼ਕਲ ਕੰਮ ਹੈ। ਰੇਖਾ ਅਵਸਥੀ ਇਸੇ ਰੌਸ਼ਨੀ ਵਿਚ ਕਹਿ ਰਹੀ ਹੈ ਕਿ, ''ਅੱਜ ਸਾਡੀ ਮੰਸ਼ਾ ਇਹ ਹੋਣੀ ਚਾਹੀਦੀ ਹੈ ਕਿ ਦੁਨੀਆਂ ਵਿਚ ਚਲ ਰਹੇ ਲਿੰਗ ਭੇਦ ਭਾਵ ਦੇ ਅੰਦੋਲਨ ਨੂੰ ਭਾਰਤ ਵਿਚ ਜਾਤੀਗਤ, ਭੇਦਭਾਵ ਅਤੇ ਸ਼ੋਸ਼ਣ ਦੇ ਖ਼ਿਲਾਫ਼ ਚਲ ਰਹੇ ਅੰਦੋਲਨਾਂ ਦੇ ਨਾਲ਼ ਜੋੜ ਕੇ ਅਤੇ ਵੱਖਰੇ ਪੁਖ਼ਤਾ ਅਤੇ ਧਾਰਦਾਰ ਬਣਾਉ। ਜ਼ਾਹਿਰ ਹੈ ਕਿ ਜਦੋਂ ਅਸੀਂ ਆਪਣੇ ਸਮਾਜ ਦਾ ਮੰਥਨ ਕਰ ਰਹੇ ਹਾਂ ਤਾਂ ਸਾਨੂੰ ਮਜ਼ਦੂਰਾਂ ਅਤੇ ਦਲਿਤ ਔਰਤਾਂ ਦੀ ਸਮੱਸਿਆ ਨੂੰ ਮਹੱਤਵ ਦੇਣਾ ਹੋਵੇਗਾ।

ਡਾ. ਅੰਬੇਡਕਰ ਨੇ ਉਪਰੋਕਤ ਵਿਸ਼ਿਆਂ ਉਪਰ ਡੂੰਘੀ ਵਿਚਾਰ ਕੀਤੀ ਹੈ। ਅਸੀਂ ਅਨੀਤਾ ਭਾਰਤੀ ਨਾਲ਼ ਸਹਿਮਤ ਹਾਂ ਕਿ ਬ੍ਰਾਹਮਣਵਾਦੀ ਲੋਕਾਂ ਨੇ ਉਨ੍ਹਾਂ ਨੂੰ ਦਲਿਤ ਵਿਚਾਰਕ ਦੇ ਰੂਪ ਵਿਚ ਹੀ ਪਰਵਾਣ ਕੀਤਾ ਹੈ। ਇਥੋਂ ਤੱਕ ਕਿ ਅੰਬੇਡਕਰ ਦਾ ਨਾਂ ਲੈਣ ਵਾਲੇ ਨੂੰ ਵੀ ਜਾਤੀਵਾਦੀ ਐਲਾਨਿਆ ਜਾਂਦਾ ਹੈ। ਇਸ ਸਭ ਨੂੰ ਸਮਝਦੇ ਹੋਏ ਪ੍ਰਗਤੀਵਾਦੀਆਂ ਨੂੰ ਅੰਬੇਡਕਰ ਦਾ ਗਹਿਨ ਅਧਿਐਨ ਕਰਨ ਦੀ ਲੋੜ ਹੈ।

ਡਾ. ਅੰਬੇਡਕਰ ਇਸ ਪੱਖੋਂ ਸੁਚੇਤ ਸਨ ਕਿ ਬੁੱਧ ਤੇ ਕਾਰਲ ਮਾਰਕਸ ਦੀ ਤੁਲਨਾ ਨੂੰ 'ਹਾਸਯਸਪਦ' ਕਿਹਾ ਜਾ ਸਕਦਾ ਹੈ ਪਰ ਫਿਰ ਵੀ ਆਪਣੇ ਕਾਰਣਾਂ ਕਰਕੇ ਉਨ੍ਹਾਂ ਨੇ ਇਸ ਤੁਲਨਾ ਨੂੰ ਅੱਗੇ ਵਧਾਇਆ। ਦੋਨਾਂ ਦੇ ਸਿਧਾਂਤਾਂ ਦੀ ਪੁਣਛਾਣ ਤੋਂ ਬਾਅਦ ਚਾਰ ਨੁਕਤਿਆਂ ਤੇ ਕਾਰਲ ਮਾਰਕਸ ਨਾਲ਼ ਸਹਿਮਤੀ ਪ੍ਰਗਟ ਕੀਤੀ। ਉਹ ਨੁਕਤੇ ਹਨ:_

1. ਦਰਸ਼ਨ ਸ਼ਾਸਤਰ ਦਾ ਉਦੇਸ਼ ਸਮਾਜ ਦੀ ਪੁਨਰ ਰਚਨਾ ਕਰਨਾ ਹੈ, ਨਾਂ ਕਿ ਬ੍ਰਹਿਮੰਡ ਦੀ ਉਤਪੱਤੀ ਦਾ ਵਰਣਨ ਕਰਨਾ।

2. ਇਕ ਵਰਗ ਦੀ ਦੂਸਰੇ ਨਾਲ਼ ਲੜਾਈ ਆਪਣੇ ਸਵਾਰਥ ਲਈ ਹੈ।

3. ਵਿਅਕਤੀਗਤ ਸੰਪਤੀ ਤੇ ਅਧਿਕਾਰ ਇਕ ਵਰਗ ਨੂੰ ਸ਼ਕਤੀ ਪ੍ਰਦਾਨ ਕਰਦਾ ਹੈ ਜਦ ਕਿ ਦੂਸਰੇ ਨੂੰ ਸ਼ੋਸ਼ਣ ਰਾਹੀਂ ਦੁੱਖ ਦਿੰਦਾ ਹੈ।

4. ਸਮਾਜ ਹਿਤ ਵਿਚ ਜ਼ਰੂਰੀ ਹੈ ਕਿ ਵਿਅਕਤੀਗਤ ਸੰਪਤੀ ਦਾ ਖਾਤਮਾ ਕਰਕੇ ਦੁੱਖ ਦੂਰ ਕੀਤੇ ਜਾਣ।(ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ,ਬੁੱਧ ਔਰ ਕਾਰਲ ਮਾਰਕਸ, ਅਨੁ: ਸ਼ੀਲ ਪ੍ਰਿਯ ਬੌਧ, ਸਮਾਜਕ ਪ੍ਰਕਾਸ਼ਨ 2010 ਪੰਨਾ-19) ਨਿਚੋੜ ਕੱਢਦੇ ਹੋਏ ਡਾ. ਅੰਬੇਡਕਰ ਲਿਖਦੇ ਹਨ, ''ਇਹ ਸਪੱਸ਼ਟ ਹੈ ਕਿ ਬੁੱਧ ਅਤੇ ਕਾਰਲ ਮਾਰਕਸ ਵਿਚ ਕੀ ਸਮਾਨਤਾਵਾਂ ਹਨ ਤੇ ਕੀ ਭਿੰਨਤਾਵਾਂ, ਫ਼ਰਕ ਕੇਵਲ ਸਾਧਨਾਂ ਦਾ ਹੈ। ਉਦੇਸ਼ ਦੋਨਾਂ ਦਾ ਇਕ ਹੈ। (ਉਹੀ ਪੰਨਾ-26)

ਇਥੋਂ ਤੱਕ ਅਸੀਂ ਦਲਿਤ ਲਹਿਰ ਦਾ ਇਤਿਹਾਸਕ ਪਿਛੋਕੜ ਇਸਦੀ ਵਿਚਾਰਧਾਰਾ ਅਤੇ ਇਸਦੇ ਪ੍ਰਮੁੱਖ ਵਿਚਾਰਵਾਨਾਂ ਦੀਆਂ ਮੂਲ਼ ਧਾਰਨਾਵਾਂ ਨੂੰ ਵਿਚਾਰਦਿਆਂ ਉਨ੍ਹਾਂ ਦੀ ਮਾਰਕਸਵਾਦੀ ਦਰਸ਼ਨ ਨਾਲ਼ ਨੇੜਤਾ/ਦੂਰੀ ਦਾ ਵਿਸ਼ਲੇਸ਼ਣ ਵੀ ਕੀਤਾ ਹੈ। ਅੱਜ ਭਾਰਤ ਜਿਸ ਫਾਸਿਸਟ ਦੌਰ ਵਲ ਵਧ ਰਿਹਾ ਹੈ, ਉਹ ਮੁੜ ਮੰਨੂ ਸਿਮ੍ਰਤੀ ਵਲ ਪਰਤਣ ਲਈ ਤਰਲੋ ਮੱਛੀ ਹੋ ਰਿਹਾ ਹੈ। ਇਸ ਸੰਦਰਭ ਵਿਚ ਪ੍ਰਗਤੀਵਾਦੀ/ਮਾਨਵਵਾਦੀ ਸ਼ਕਤੀਆਂ ਦਾ ਸਾਂਝਾ ਮੰਚ ਬਣਾਉਣਾ ਸਮੇਂ ਦੀ ਲੋੜ ਹੈ। ਕਨ੍ਹਈਆ ਕੁਮਾਰ ਦੇ ਮੰਚ ਤੇ ਆਉਣ ਤੋਂ ਬਾਅਦ ਜੋ ਕੁਝ ਵਾਪਰ ਰਿਹਾ ਹੈ ਉਸ ਵਿਚ ਇਸਦੀ ਫੌਰੀ ਲੋੜ ਹੈ। ਇਕ ਪਾਸੇ ਅੰਧਰਾਸ਼ਟਰਵਾਦੀ ਫਾਸਿਜ਼ਮ ਦਾ ਹਮਲਾ ਅਤੇ ਦੂਜੇ ਪਾਸੇ ਵਿਸ਼ਵੀਕਰਣ/ਉਤਰਪੂੰਜੀਵਾਦ ਦਾ ਹਮਲਾ ਵੀ ਸਿਰਾਂ ਤੇ ਮੰਡਰਾ ਰਿਹਾ ਹੈ। ਨਿੱਜੀਕਰਣ ਤੇ ਪ੍ਰਾਈਵੀਟਾਈਜੇ ਨੇ ਪਬਲਿਕ ਸੈਕਟਰ ਨੂੰ ਸੁੰਗੇੜਦਿਆਂ ਹੋਇਆਂ ਦਲਿਤਾਂ ਲਈ ਹੋਰ ਵੀ ਮੁਸੀਬਤਾਂ ਲੈ ਆਂਦੀਆਂ ਹਨ। ਇਸਨੂੰ ਵਿਦਵਾਨ ਡੂੰਘੀ ਨਜ਼ਰ ਨਾਲ਼ ਦੇਖ ਰਹੇ ਹਨ। ਅਨੰਦ ਤੇਲ ਤੁੰ ਬੜੇ ਦਲਿਤਾਂ ਦੇ ਭਵਿੱਖ ਨੂੰ ਆਮ ਗਰੀਬਾਂ ਨਾਲ਼ ਜੁੜਿਆ ਦੇਖਦਾ ਹੈ। ''ਵਿਸ਼ਵੀਕਰਣ ਨੇ ਇਹ ਸਾਫ਼ ਜ਼ਾਹਿਰ ਕਰ ਦਿੱਤਾ ਹੈ ਕਿ ਦਲਿਤਾਂ ਦਾ ਭਵਿੱਖ ਆਮ ਗਰੀਬਾਂ ਨਾਲ਼ ਜੁੜਿਆ ਹੋਇਆ ਹੈ। ਕਿਸੇ ਵੀ ਤਰ੍ਹਾਂ ਦਾ ਅਲਗ-ਥਲੱਗ ਰਹਿਣ ਅਤੇ ਇਕੱਲੇ ਚਲਣ ਦਾ ਤਰੀਕਾ ਅਪਨਾਉਣਾ ਕਾਰਗਰ ਨਹੀਂ ਹੋਵੇਗਾ।

ਆਪਣੇ ਪੱਖ ਵਿਚ ਸਕਾਰਾਤਮਕ ਭੇਦ ਭਾਵ ਲਈ ਵੀ ਦਲਿਤਾਂ ਨੂੰ ਸਾਮਰਾਜਵਾਦ ਦੇ ਖ਼ਿਲਾਫ਼ ਇਕ ਸਾਂਝੀ ਲੜਾਈ ਵਿਚ ਦੂਸਰਿਆਂ ਨਾਲ਼ ਏਕਤਾ ਬਣਾਉਣ ਦੀ ਜ਼ਰੂਰਤ ਹੈ। ਸਟੇਟ ਨਹੀਂ ਬਲਕਿ ਜਨਤਾ ਦਲਿਤਾਂ ਦੀ ਅਸਲੀ ਸਹਿਯੋਗੀ ਹੈ। ਸਿਰਫ਼ ਏਕਤਾ ਬੱਧ ਸੰਘਰਸ਼ ਹੀ ਲੋਕਾਂ ਨੂੰ ਸਿਖਾ ਸਕਦਾ ਹੈ ਕਿ ਸਮਾਜ ਨੂੰ ਜਾਤ ਵਰਗੀਆਂ ਬੁਰਾਈਆਂ ਤੋਂ ਛੁਟਕਾਰਾ ਦੇ ਸਕਦਾ ਹੈ ਅਤੇ ਦਲਿਤਾਂ ਦੀ ਮੁਕਤੀ ਦੇ ਮਨਸੂਬੇ ਨੂੰ ਕਾਮਯਾਬੀ ਦੁਆ ਸਕਦਾ ਹੈ। (ਨਯਾਪੱਥ ਪੰਨਾ-250) ਦੇਵੀ ਚੈਟਰਜੀ ਦਾ ਇਹ ਸੁਝਾਅ ਵੀ ਸੁੱਟ ਪਾਉਣ ਵਾਲ਼ਾ ਨਹੀਂ ਕਿ, ''ਘੱਟੋ ਘੱਟ ਪ੍ਰੋਗਰਾਮ ਦੇ ਆਧਾਰ ਤੇ ਜ਼ਿਆਦਾ ਤੋਂ ਜ਼ਿਆਦਾ ਦੱਬੀਆਂ ਜਾਤੀਆਂ ਨੂੰ ਲੜਾਈ ਵਿਚ ਸ਼ਾਮਿਲ ਕਰਨਾ ਸਮੇਂ ਦੀ ਲੋੜ ਹੈ। ਕੋਈ ਇਕੋ ਪਾਰਟੀ ਅਧੀਨ ਇਹ ਹੋਵੇ ਜ਼ਰੂਰੀ ਨਹੀਂ ਦਲਿਤ-ਮਿੱਤਰ ਪਾਰਟੀਆਂ ਅਤੇ ਸਮਾਜਿਕ ਸਮੂਹਾਂ ਦੀ ਕਨਫੈਡਰੇਸ਼ਨ ਕੰਮ ਚਲਾ ਸਕਦੀ ਹੈ। ਜ਼ਰੂਰੀ ਹੈ, ਪ੍ਰਤਿਬੱਧਤਾ ਅਤੇ ਵਿਜ਼ਨ ਦੀ। ਭੂਮੀ ਸੁਧਾਰ, ਸਿਖਿਆ, ਲੋਕਤੰਤਰ ਅਤੇ ਆਧੁਨਿਕ ਮੁੱਦਿਆਂ ਨੂੰ ਆਧਾਰ ਬਣਾ ਕੇ ਅਗਾਂਹ ਵਧਿਆ ਜਾ ਸਕਦਾ ਹੈ। ਡਾ. ਅੰਬੇਡਕਰ ਦੇ ਨਾਅਰੇ ਨੂੰ ਮੋਕਲ਼ਾ ਕਰਨ ਦੀ ਲੋੜ ਹੈ। 'ਪੜ੍ਹੋ, ਸੰਗਠਿਤ ਹੋਵੋ ਅਤੇ ਸੰਘਰਸ਼ ਕਰੋ ਤੇ ਮਾਰਕਸ/ਭਗਤ ਸਿੰਘ ਦੇ ਨਾਅਰੇ ਨੂੰ ਨਾਲ਼ ਜੋੜਨ ਦੀ ਲੋੜ ਹੈ, 'ਕਿਰਤੀਉ ਜਥੇਬੰਦ ਹੋ ਜਾਉ।

# ਯੁਗ ਪੁਰਸ਼ ਬਾਬਾ ਲੱਖੀ ਸ਼ਾਹ ਬੰਜਾਰਾ ਜੀ



ਕਮਲ ਧਰਮਸੋਤ
001-661-535-904

ਭਾਰਤ ਦੇ ਕੋਨੇ ਕੋਨੇ ਵਿੱਚ ਵੱਸਦੇ ਬਾਜ਼ੀਗਰ-ਬੰਜਾਰਾ ਭਾਈਚਾਰੇ ਵਿੱਚ ਬਾਬਾ ਲੱਖੀ ਸ਼ਾਹ ਬੰਜਾਰਾ ਜੀ ਦਾ ਸਥਾਨ ਇੱਕ ਉੱਘੇ ਸਮਾਜ ਸੁਧਾਰਕ ਵਜੋਂ ਨਿਰਧਾਰਿਤ ਕੀਤਾ ਜਾ ਸਕਦਾ ਹੈ। 28 ਮਈ 1580 ਨੂੰ ਜਨਮੇ ਬਾਬਾ ਲੱਖੀ ਸ਼ਾਹ ਬੰਜਾਰਾ ਨੇ ਵਪਾਰ ਦੇ ਖੇਤਰ ਵਿੱਚ ਅਜਿਹਾ ਰੁਤਬਾ ਹਾਸਲ ਕਰ ਲਿਆ ਸੀ ਜੋ ਅਜੋਕੇ ਜ਼ਮਾਨੇ ਦੇ ਟਾਟਾ, ਬਿਰਲਾ ਜਾਂ ਅੰਬਾਨੀ ਤੋਂ ਕਿਸੇ ਪੱਖੋਂ ਵੀ ਘੱਟ ਨਹੀਂ ਸੀ। ਉਨ੍ਹਾਂ ਦੇ ਵਪਾਰਕ ਨੈੱਟਵਰਕ ਦਾ ਜਾਲ ਉਸ ਸਮੇਂ ਦੇ ਭਾਰਤ ਦੀ ਹਰ ਨੁੱਕਰ ਤੀਕ ਫੈਲਿਆ ਹੋਇਆ ਸੀ।

ਹਰੇਕ ਖੇਤਰ ਵਿੱਚ ਜਿੱਧਰ ਉਨ੍ਹਾਂ ਦਾ ਵਪਾਰਕ ਕਾਫ਼ਲਾ ਕੂਚ ਕਰਦਾ ਸੀ, ਬਾਬਾ ਲੱਖੀ ਸ਼ਾਹ ਬੰਜਾਰਾ ਨੇ ਵੱਡੇ-ਵੱਡੇ ਤਲਾਬ, ਸਰਾਵਾਂ ਅਤੇ ਬਾਵੜੀਆਂ ਬਣਾ ਰੱਖੀਆਂ ਸਨ। ਇਨ੍ਹਾਂ ਕਾਫਲਿਆਂ ਵਿੱਚ ਹਜ਼ਾਰਾਂ ਦੀ ਸੰਖਿਆ ਵਿੱਚ ਬੈਲ ਗੱਡੀਆਂ ਹੋਇਆ ਕਰਦੀਆਂ ਸਨ। ਇਹ ਤਲਾਬ, ਸਰਾਵਾਂ ਤੇ ਬਾਵੜੀਆਂ ਅੱਜ ਵੀ ਉਨ੍ਹਾਂ ਦੀ ਸ਼ਾਨੋ-ਸ਼ੌਕਤ ਦਾ




ਬਾਬਾ ਲੱਖੀ ਸ਼ਾਹ ਬੰਜਾਰਾ ਜੀ

ਬਖਾਨ ਕਰਦੇ ਨਜ਼ਰ ਆਉਂਦੇ ਹਨ। ਰਾਏਸਿਨਾ ਟਾਂਡਾ ਜੋ ਕਿ ਕਿਸੇ ਸਮੇਂ ਬਾਬਾ ਲੱਖੀ ਸ਼ਾਹ ਬੰਜਾਰਾ ਅਤੇ ਹੋਰ ਬੰਜਾਰਿਆਂ ਦਾ ਪਿੰਡ ਹੋਇਆ ਕਰਦਾ ਸੀ, ਵਾਲੀ ਥਾਂ ਉਤੇ ਅੱਜਕੱਲ ਸੰਸਦ ਭਵਨ ਅਤੇ ਰਾਸ਼ਟਰਪਤੀ ਭਵਨ ਸੁਸ਼ੋਭਿਤ ਹਨ। ਅੰਗਰੇਜ਼ਾਂ ਦੇ ਭਾਰਤ ਵਿੱਚ ਆਉਣ ਨਾਲ ਸਭ ਤੋਂ ਵੱਡੀ ਮਾਰ ਇਨ੍ਹਾਂ ਵਪਾਰੀ ਬੰਜਾਰਿਆਂ ਦੇ ਕੰਮ ਕਾਰ ਉਤੇ ਪਈ। ਅੰਗਰੇਜ਼ਾਂ ਵੱਲੋਂ ਜਦੋਂ ਰੇਲਾਂ ਦਾ ਜਾਲ ਵਿਛਾਇਆ ਗਿਆ ਤਾਂ ਬੰਜਾਰਿਆਂ ਦਾ ਲਦੇਣੀ ਦਾ ਵਪਾਰ ਉਨ੍ਹਾਂ ਹੱਥੋਂ ਖੁੱਸ ਗਿਆ। ਇਸ ਔਖੇ ਸਮੇਂ ਤਾਂ ਬਹੁਤੇ ਬੰਜਾਰੇ ਖੇਤੀ ਦੇ ਨਾਲ ਜੁੜ ਗਏ ਪਰ ਜਿਹੜੇ ਹਾਲਾਤ ਨਾਲ ਸਮਝੌਤਾ ਨਹੀਂ ਕਰ ਸਕੇ ਉਹ ਬੰਜਾਰੇ ਅੰਗਰੇਜ਼ਾਂ ਦੇ ਨਾਲ ਸੰਘਰਸ਼ ਦੇ ਰਾਹ ਪੈ ਗਏ।

ਇਨ੍ਹਾਂ ਉਤੇ ਅੰਗਰੇਜ਼ਾਂ ਨੇ ਤਰ੍ਹਾਂ ਤਰ੍ਹਾਂ ਦੀਆਂ ਪਾਬੰਦੀਆਂ ਲਗਾ ਦਿੱਤੀਆਂ, ਜਿਨ੍ਹਾਂ ਬਾਰੇ ਤਫਸੀਲ ਨਾਲ ਫਿਰ ਕਦੇ ਗੱਲ ਕਰਾਂਗੇ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਜਿਨ੍ਹਾਂ ਬਾਜ਼ੀਗਰ ਬੰਜਾਰਿਆਂ ਦੀ ਜ਼ਮੀਨ ਉਤੇ ਅੱਜ ਭਾਰਤ ਦਾ ਸੰਸਦ ਭਵਨ ਖੜ੍ਹਾ ਹੈ, ਉਹੀ ਬਾਜ਼ੀਗਰ ਬੰਜਾਰੇ, ਭਾਰਤ ਨੂੰ ਆਜ਼ਾਦੀ ਮਿਲਣ ਤੋਂ ਇੰਨੇ ਸਾਲ ਬਾਅਦ ਵੀ ਆਪਣੇ ਰੈਣ ਬਸੇਰੇ ਵਾਲੀਆਂ ਜ਼ਮੀਨਾਂ ਦੇ ਕਾਨੂੰਨੀ ਮਾਲਕ ਨਹੀਂ ਬਣ ਸਕੇ। ਜਗ੍ਹਾ ਜਗ੍ਹਾ ਇਨ੍ਹਾਂ ਬਾਜ਼ੀਗਰ ਬੰਜਾਰਿਆਂ ਦੀਆਂ ਬਸਤੀਆਂ ਨੂੰ ਢਾਹਿਆ ਜਾ ਰਿਹਾ ਹੈ।

ਕਿਤੇ ਰਾਜਨੀਤਕ ਗੁੰਡੇ ਇਹ ਕੰਮ ਸਰਅੰਜਾਮ ਦੇ ਰਹੇ ਹਨ ਅਤੇ ਕਿਤੇ ਖੁਦ ਸਰਕਾਰਾਂ। ਦੂਰ ਕੀ ਜਾਣਾ ਹੈ, ਅਜੇ ਕੁਝ ਦਿਨ ਪਹਿਲਾਂ ਹੀ ਮੁੰਬਈ ਦੇ ਕਫ ਪਰੇਡ ਟਾਂਡਾ ਉਤੇ ਬੁਲਡੋਜ਼ਰ ਫੇਰ ਦਿੱਤਾ ਗਿਆ ਹੈ। ਇਸ ਟਾਂਡੇ ਵਿੱਚ 140 ਘਰਾਂ ਵਿੱਚ ਰਹਿਣ ਵਾਲੇ 600 ਦੇ ਕਰੀਬ ਬੰਜਾਰੇ ਬਿਨਾਂ ਕਿਸੇ ਅਗਾਊਂ ਚਿਤਾਵਨੀ ਦੇ ਬੇਘਰ ਕਰ ਦਿੱਤੇ ਗਏ ਹਨ। ਹੋਰ ਤਾਂ ਹੋਰ ਦਿੱਲੀ ਵਿੱਚ ਹੀ ਬਾਬਾ ਲੱਖੀ ਸ਼ਾਹ ਬੰਜਾਰਾ ਵੱਲੋਂ ਬਣਵਾਈ ਗਈ ਬਾਵੜੀ ਉਤੇ ਗੁੰਡਿਆਂ ਨੇ ਕਬਜ਼ਾ ਕਰ ਲਿਆ ਹੈ। ਇਸ ਬਾਵੜੀ ਦੇ ਸਥਾਨ ਨੂੰ ਆਸ ਪਾਸ ਦੇ ਬੰਜਾਰੇ ਆਪਣਾ ਪੂਜਣ ਯੋਗ ਸਥਾਨ ਸਮਝਦੇ ਹਨ। ਇਸ ਸਥਾਨ ਉਤੇ ਬੈਠੇ ਸੇਵਾਦਾਰ ਨੂੰ ਗੁੰਡਿਆਂ ਨੇ ਬਾਬਾ ਲੱਖੀ ਸ਼ਾਹ ਬੰਜਾਰਾ ਜੀ ਦੀ ਬਾਵੜੀ ਵਿਚੋਂ ਬਾਹਰ ਕੱਢ ਕੇ ਕਬਜ਼ਾ ਕਰ ਲਿਆ ਹੈ।

ਅੱਜ ਜਦੋਂ ਕਿ ਬਾਬਾ ਲੱਖੀ ਸ਼ਾਹ ਬੰਜਾਰਾ ਜੀ ਦੀ 438ਵੀਂ ਜਯੰਤੀ ਮਨਾਈ ਜਾ ਰਹੀ ਹੈ ਤਾਂ ਉਸ ਬਾਜ਼ੀਗਰ ਬੰਜਾਰਾ ਕਮਿਊਨਿਟੀ ਦੇ ਲੋਕਾਂ ਦੀ ਅਜੋਕੀ ਸਥਿਤੀ ਬਾਰੇ ਚਾਨਣਾ ਪਾਉਣਾ ਜਾਇਜ਼ ਹੀ ਕਿਹਾ ਜਾ ਸਕਦਾ ਹੈ। ਪੰਜਾਬ, ਹਰਿਆਣਾ, ਹਿਮਾਚਲ, ਜੰਮੂ ਅਤੇ ਕਸ਼ਮੀਰ ਰਾਜਾਂ ਵਿੱਚ ਦੇਸ਼ ਦੀ ਵੰਡ ਵੇਲੇ ਪਾਕਿਸਤਾਨ ਵਾਲੇ ਪਾਸਿਓਂ ਭਾਰਤ ਵਾਲੇ ਪਾਸੇ ਜਿਹੜੇ ਬਾਜ਼ੀਗਰ ਕਬੀਲੇ ਦੇ ਲੋਕ ਆ ਕੇ ਵੱਸੇ ਸਨ, ਉਨ੍ਹਾਂ ਦੀਆਂ ਰਿਹਾਇਸ਼ੀ ਜ਼ਮੀਨਾਂ ਅਜੇ ਵੀ ਉਨ੍ਹਾਂ ਦੇ ਨਾਮ ਨਹੀਂ ਕੀਤੀਆਂ ਗਈਆਂ।

ਇਸ ਪਿੱਛੇ ਮੁੱਖ ਕਾਰਣ ਬਾਜ਼ੀਗਰ ਕਬੀਲੇ ਦੇ ਲੋਕਾਂ ਦਾ ਅਨਪੜ੍ਹ ਹੋਣਾ ਕਿਹਾ ਜਾ ਸਕਦਾ ਹੈ। ਕਿਉਂਕਿ ਸਮੇਂ ਦੀਆਂ ਸਰਕਾਰਾਂ ਤੋਂ ਇਨ੍ਹਾਂ ਗਰੀਬ ਲੋਕਾਂ ਨੂੰ ਆਪਣਾ ਹੱਕ ਮੰਗਣਾ ਹੀ ਨਹੀਂ ਆਇਆ। ਸਮੇਂ ਦੀਆਂ ਸਰਕਾਰਾਂ ਨੇ ਵੀ ਬਾਜ਼ੀਗਰ ਕਬੀਲੇ ਦੀ ਇਸ ਮੰਗ ਨੂੰ ਪੂਰਾ ਕਰਨ ਵੱਲ ਕੋਈ ਧਿਆਨ ਨਹੀਂ ਦਿੱਤਾ।

ਚੱਲੋ ਹੁਣ ਆਪਾਂ ਇੱਥੇ ਬਾਬਾ ਲੱਖੀ ਸ਼ਾਹ ਬੰਜਾਰਾ ਜੀ ਦੀ ਜ਼ਿੰਦਗੀ ਦੇ ਕੁਝ ਹੋਰ ਪਹਿਲੂਆਂ ਬਾਰੇ



ਨਾਰਨੂਰ, ਜ਼ਿਲਾ ਆਦਿਲਾਬਾਦ, ਤੇਲੰਗਾਨਾ ਸਟੇਟ ਵਿੱਚ ਸਥਾਪਤ ਕੀਤਾ ਗਿਆ ਬਾਬਾ ਲੱਖੀ ਸ਼ਾਹ ਬੰਜਾਰਾ ਜੀ ਦਾ ਬੁੱਤ। ਤਸਵੀਰ ਵਿੱਚ 5 ਫ਼ਰਵਰੀ 2014 ਨੂੰ ਸਾਬਕਾ ਮੰਤਰੀ ਸ਼੍ਰੀ ਅਮਰ ਸਿੰਘ ਤਿਲਾਵਤ ਬਾਬਾ ਲੱਖੀ ਸ਼ਾਹ ਬੰਜਾਰਾ ਜੀ ਦਾ ਬੁੱਤ ਕੌਮ ਨੂੰ ਸਮਰਪਿਤ ਕਰਦੇ ਹੋਏ।



ਸਾਗਰ, ਮੱਧ ਪ੍ਰਦੇਸ਼ ਵਿੱਚ ਬਾਬਾ ਲੱਖੀ ਸ਼ਾਹ ਬੰਜਾਰਾ ਜੀ ਵੱਲੋਂ ਬਣਵਾਈ ਗਈ ਝੀਲ, ਜੋ ਕਿ "ਲਾਖਾ ਬੰਜਾਰਾ ਲੇਕ" ਵਜੋਂ ਮਸ਼ਹੂਰ ਹੈ।

ਚਰਚਾ ਕਰਦੇ ਹਾਂ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਿੱਖ ਇਤਿਹਾਸ ਵਿੱਚ ਬਾਬਾ ਲੱਖੀ ਸ਼ਾਹ ਬੰਜਾਰਾ ਦਾ ਜ਼ਿਕਰ ਬੜੇ ਆਦਰ ਨਾਲ ਕੀਤਾ ਜਾਂਦਾ ਹੈ। ਸੰਮਤ 1732 ਦੇ ਮੱਘਰ ਸੁਦੀ 6 ਵਾਲੇ ਦਿਨ ਜਦੋਂ ਨੌਂਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਦੇ ਚਾਂਦਨੀ ਚੌਕ ਵਿੱਚ ਸ਼ਹੀਦ ਕਰ ਦਿੱਤਾ ਗਿਆ ਤਾਂ ਗੁਰੂ ਜੀ ਦਾ ਮ੍ਰਿਤਕ ਸਰੀਰ ਚਾਂਦਨੀ ਚੌਕ ਵਿੱਚ ਹੀ ਸਾਰਾ ਦਿਨ ਪਿਆ ਰਿਹਾ।

ਦਿੱਲੀ ਦੇ ਸੂਬੇਦਾਰ ਦੇ ਡਰ ਕਾਰਣ ਕੋਈ ਇਹ ਜੁੱਰਤ ਨਹੀਂ ਕਰ ਸਕਿਆ ਕਿ ਗੁਰੂ ਜੀ ਦੀ ਮ੍ਰਿਤਕ ਦੇਹ ਦਾ ਸਸਕਾਰ ਕਰ ਸਕੇ। ਇਹ ਸਾਰਾ ਸਾਕਾ ਭਾਈ ਜੈਤਾ ਤੇ ਭਾਈ ਗੁਰਬਖਸ਼ ਆਦਿ ਸਿੱਖਾਂ ਨੇ ਆਪ ਦੇਖਿਆ ਸੀ। ਇਹ ਸਿੱਖ ਰਾਤ ਸਮੇਂ ਭਾਈ ਨਾਨੂ ਰਾਏ ਦੇ ਘਰ ਇਕੱਠੇ ਹੋਏ। ਕਾਫ਼ੀ ਚਿਰ ਵਿਚਾਰ ਹੁੰਦਾ ਰਿਹਾ ਕਿ ਗੁਰੂ ਜੀ ਦੀ ਲਾਸ਼ ਤੇ ਸੀਸ ਚਾਂਦਨੀ ਚੌਕ ਵਿੱਚੋਂ ਕਿਵੇਂ ਚੁੱਕੇ ਜਾਣ। ਭਾਈ ਨਾਨੂ ਰਾਏ ਨੇ ਸਲਾਹ ਦਿੱਤੀ ਕਿ ਨਾਇਕ ਲੱਖੀ ਸ਼ਾਹ ਬੰਜਾਰਾ ਤੋਂ ਪੁੱਛਦੇ ਹਾਂ, ਉਸ ਦਾ ਕਾਫ਼ਲਾ ਅੱਜ ਹੀ ਨਾਰਨੌਲ ਤੋਂ ਆਇਆ ਹੈ। ਸੋ ਸਾਰੇ ਸਿੱਖ ਦਿਲਵਾਲੀ ਮੁਹੱਲੇ ਤੋਂ ਚੱਲ ਕੇ ਅੱਗੇ ਪਿੱਛੇ ਜਮਨਾ ਦੇ ਕਿਨਾਰੇ ਲੱਖੀ ਸ਼ਾਹ ਬੰਜਾਰਾ ਜੀ ਦੇ ਡੇਰੇ ਆ ਗਏ। ਇਨ੍ਹਾਂ ਲੱਖੀ ਸ਼ਾਹ ਬੰਜਾਰਾ ਜੀ ਨੂੰ, ਗੁਰੂ ਜੀ ਅਤੇ ਤਿੰਨ ਸਿੱਖਾਂ ਭਾਈ ਦਿਆਲ ਦਾਸ, ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਦੀ ਸ਼ਹਾਦਤ ਦਾ ਸਾਰਾ ਬਿਰਤਾਂਤ ਸੁਣਾ ਦਿੱਤਾ।

ਲੱਖੀ ਸ਼ਾਹ ਜੀ ਨੇ ਕਿਹਾ ਕਿ ਮੈਨੂੰ ਗੁਰੂ ਜੀ ਦੀ ਸ਼ਹਾਦਤ ਦਾ ਪਤਾ ਨਹੀਂ ਸੀ, ਮੈਂ ਤਾਂ ਅੱਜ ਹੀ ਨਾਰਨੌਲ ਤੋਂ ਕਲੀ ਚੂਨਾ ਲੈ ਕੇ ਆਇਆ ਹਾਂ। ਇਸ ਦੇ ਨਾਲ ਹੀ ਲੱਖੀ ਸ਼ਾਹ ਬੰਜਾਰਾ ਨੇ ਸਿਰ ਝੁਕਾ ਕੇ ਕਿਹਾ ਕਿ ਆਪ ਜਿਵੇਂ ਕਹੋ, ਮੈਂ ਸੇਵਾ ਕਰਨ ਲਈ ਤਿਆਰ ਹਾਂ।

ਸਲਾਹ ਵਿਚਾਰ ਪਿੱਛੋਂ ਅੱਧੀ ਰਾਤ ਨੂੰ ਲੱਖੀ ਸ਼ਾਹ ਬੰਜਾਰਾ ਦਾ ਕਾਫ਼ਲਾ ਕਿਲੇ ਤੋਂ ਕੋਤਵਾਲੀ ਵੱਲ ਆਇਆ। ਭਾਈ ਨਾਨੂ ਰਾਏ, ਭਾਈ ਆਗਿਆ, ਭਾਈ ਜੈਤਾ ਅਤੇ ਭਾਈ ਊਦਾ ਇਹ ਚਾਰੇ ਸਿੱਖ ਕਾਫ਼ਲੇ ਦੇ ਵਿੱਚੋ ਵਿੱਚ ਚਾਂਦਨੀ ਚੌਕ ਪਹੁੰਚੇ। ਇਨ੍ਹਾਂ ਨੇ ਗੁਰੂ ਜੀ ਦੇ ਸੀਸ ਨੂੰ ਚੁੱਕ ਲਿਆ ਅਤੇ ਦਿਲਵਾਲੀ ਮੁਹੱਲੇ ਭਾਈ ਜੈਤੇ ਦੇ ਗ੍ਰਿਹਿ ਵਿਖੇ ਜਾ ਟਿਕਾਇਆ।

ਪਿੱਛਿਓਂ ਲੱਖੀ ਸ਼ਾਹ ਬੰਜਾਰਾ ਜੀ ਆਪਣੇ ਬੇਟਿਆਂ ਨਗਾਹੀਆ, ਹੇਮਾ, ਹਾੜੀ ਅਤੇ ਇਕ ਹੋਰ ਸਾਥੀ ਨਾਇਕ ਧੂਮਾ ਬਿੰਜਲਉਤ (ਵਲਜੋਤ) ਦੀ ਸਹਾਇਤਾ ਨਾਲ ਗੁਰੂ ਜੀ ਦੀ ਦੇਹ ਇੱਕ ਬੈਲ ਗੱਡੀ ਉੱਤੇ ਰੱਖ ਕੇ ਚੱਲਦੇ ਬਣੇ। ਕਾਫ਼ਲਾ ਪਿੱਛੇ ਹੌਲੀ ਹੌਲੀ ਆਇਆ।

ਲੱਖੀ ਸ਼ਾਹ ਬੰਜਾਰਾ ਨੇ ਆਪਣੇ ਪਿੰਡ ਰਾਏਸਿਨਾ ਪਹੁੰਚ ਕੇ ਗੁਰੂ ਜੀ ਦੇ ਧੜ ਨੂੰ ਆਪਣੇ ਘਰ ਵਿੱਚ ਰੱਖ ਕੇ ਸਮੁੱਚੇ ਘਰ ਨੂੰ ਅੱਗ ਲਗਾ ਦਿੱਤੀ। ਇੰਝ ਲੱਖੀ ਸ਼ਾਹ ਬੰਜਾਰਾ ਨੇ ਗੁਰੂ ਘਰ ਪ੍ਰਤੀ ਆਪਣੀ ਅਥਾਹ ਸ਼ਰਧਾ ਦਾ ਪ੍ਰੀਚੈ ਦਿੰਦੇ ਹੋਏ ਸਿੱਖ ਇਤਿਹਾਸ ਵਿੱਚ ਇੱਕ ਨਵਾਂ ਪੰਨਾ ਜੋੜ ਦਿੱਤਾ।

ਬਾਬਾ ਲੱਖੀ ਸ਼ਾਹ ਬੰਜਾਰਾ ਬਾਰੇ ਉਕਤ ਸਾਖੀ ਤਾਂ ਸਿੱਖ ਇਤਿਹਾਸ ਵਿੱਚ ਆਮ ਤੌਰ ਤੇ ਪ੍ਰਚੱਲਤ ਹੈ ਪਰ ਉਨ੍ਹਾਂ ਦੀ ਨਿੱਜੀ ਜ਼ਿੰਦਗੀ ਬਾਰੇ ਬਹੁਤ ਘੱਟ ਚਾਨਣਾ ਪਾਇਆ ਗਿਆ ਹੈ।

ਭੱਟ ਵਹੀ ਅਟੇਲਾ ਕੈਥਲ ਵਿੱਚੋਂ ਭੱਟ ਹੁਕਮ ਸਿੰਘ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ ਬਾਬਾ ਲੱਖੀ ਸ਼ਾਹ ਬੰਜਾਰਾ ਜੀ ਦਾ ਜਨਮ ਸਾਵਣ ਵਦੀ ਅਸ਼ਟਮੀ ਬਿਕਰਮੀ ਸੰਮਤ 1637 ਨੂੰ ਹੋਇਆ ਸੀ। ਈਸਵੀ ਸੰਨ ਮੁਤਾਬਕ ਇਹ ਮਿਤੀ 28 ਮਈ 1580 ਬਣਦੀ ਹੈ।

ਸਵ. ਗਿਆਨੀ ਗਰਜਾ ਸਿੰਘ ਹਿਸਟੋਰੀਅਨ (ਨਾਮਸੋਤ) ਨੇ ਇਸ ਸੰਬੰਧੀ ਜੋ ਜਾਣਕਾਰੀ ਭੱਟ ਵਹੀਆਂ ਅਤੇ ਪੰਡਾ ਵਹੀਆਂ ਦੀ ਫਰੋ.ਲਾ ਫਰਾਲੀ ਕਰ ਕੇ ਮੁਹੱਈਆ ਕਰਵਾਈ ਹੈ, ਉਹ ਪਾਠਕਾਂ ਨਾਲ ਸਾਂਝੀ ਕੀਤੀ ਜਾ ਰਹੀ ਹੈ।

"ਗੁਰੂ ਕੀਆਂ ਸਾਖੀਆਂ" ਪੁਸਤਕ ਵਿੱਚ ਗਿਆਨੀ ਗਰਜਾ ਸਿੰਘ ਨਾਮਸੋਤ ਨੇ ਬਾਬਾ ਲੱਖੀ ਸ਼ਾਹ ਬੰਜਾਰਾ ਜੀ ਦੇ ਖ਼ਾਨਦਾਨ ਬਾਰੇ ਚਾਨਣਾ ਪਾਉਂਦੀ ਇੱਕ ਪੈਰ ਟਿੱਪਣੀ ਦਰਜ ਕੀਤੀ ਹੈ, ਜੋ ਇੰਝ ਹੈ:

"ਲਖੀਆ ਬੇਟਾ ਗੋਧੂ ਕਾ, ਨਗਾਹੀਆ, ਹੇਮਾ, ਹਾੜੀ ਬੇਟੇ ਲਖੀਏ ਕੇ ਜਾਦੋ ਬੰਸੀ ਬੜਤੀਏ ਕਨਾਉਤ। ਨਾਇਕ ਧੂਮਾ ਬੇਟਾ ਨਾਨੇ ਕਾ ਤੂਮਰ ਬਿੰਜਲਉਤ। ਗੁਰੂ ਤੇਗ ਬਹਾਦਰ ਜੀ ਮਹਿਲ ਨਾਵਾਂ...ਕੀ ਲਾਸ਼ ਉਠਾਇ ਲਾਏ, ਸਾਲ ਸਤਰਾਂ ਸੈ ਬਤੀਸ ਮੰਗਸਰ ਸੁਦੀ ਛੱਟ ਗੁਰੂਵਾਰ ਕੇ ਦਿਹੁੰ। ਦਾਗ ਦੀਆ ਰਸੀਨਾ ਗਾਮ ਮੇਂ ਆਧ ਘਰੀ ਰੈਨ ਰਹੀ।"

ਉਕਤ ਜਾਣਕਾਰੀ "ਭੱਟ ਵਹੀ ਜਾਦੋ ਬੰਸੀਆਂ ਕੀ" ਦੇ "ਬੜਤੀਏ ਕਨਾਉਂਤੋਂ ਕਾ ਖਾਤਾ" ਵਿੱਚੋਂ ਪ੍ਰਾਪਤ ਕੀਤੀ ਗਈ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਲੱਖੀ ਸ਼ਾਹ ਜੀ ਗੋਧੂ ਜੀ ਦੇ ਸਪੁੱਤਰ ਸਨ ਅਤੇ ਬੜਤੀਆ ਗੋਤ ਨਾਲ ਸੰਬੰਧਤ ਬਾਜ਼ੀਗਰ ਬੰਜਾਰਾ ਕਬੀਲੇ ਵਿੱਚੋਂ ਸਨ।

"ਭੱਟ ਵਹੀ ਅਟੇਲਾ, ਪਰਗਣਾ ਕੈਥਲ" ਵਿੱਚ ਬਾਬਾ ਲੱਖੀ ਸ਼ਾਹ ਜੀ ਦੇ ਪਰਲੋਕ ਸਿਧਾਰਨ ਬਾਰੇ ਇੰਝ ਵਰਨਣ ਮਿਲਦਾ ਹੈ:

"ਲੱਖੀ ਰਾਇ ਬੇਟਾ ਗੋਧੂ ਕਾ, ਪੋਤਾ ਠਾਕਰ ਦਾਸ ਕਾ, ਬੰਸ ਪੁਰਸ਼ੋਤਮ ਕੀ ਚੰਦ੍ਰਬੰਸੀ ਯਾਦਵ, ਗੋਤ੍ਰ ਬੜਤੀਆ ਕਨਾਉਂਤ, ਸਾਲ ਸਤਰਾਂ ਸੈ ਸੈਂਤੀਆ ਜੇਠ ਸੁਦੀ ਇਕਾਦਸ਼ੀ, ਰਕਾਬ ਗੰਜ ਕੇ ਮਲ੍ਹਾਨ ਦਿੱਲੀ ਨਗਰੀ, ਗਾਮ ਰਸੀਨਾ ਸਵਾ ਪਹਿਰ ਦਿਹੁੰ ਚੜ੍ਹੇ ਪਰਲੋਕ ਪਿਆਨਾ ਕੀਆ।"

ਉਪਰੋਕਤ ਟੂਕ ਤੋਂ ਪਤਾ ਲੱਗਦਾ ਹੈ ਕਿ ਜੇਠ ਸੁਦੀ ਇਕਾਦਸ਼ੀ ਸੰਮਤ 1737 ਨੂੰ ਬਾਬਾ ਲੱਖੀ ਸ਼ਾਹ ਜੀ ਦਾ ਦਿਹਾਂਤ ਹੋਇਆ ਸੀ। ਈਸਵੀ ਸੰਨ ਮੁਤਾਬਕ ਇਹ ਮਿਤੀ 18 ਜੂਨ 1680 ਬਣਦੀ ਹੈ।



ਬਾਬਾ ਲੱਖੀ ਸ਼ਾਹ ਬੰਜਾਰਾ ਜੀ ਦਾ ਬੁੱਤ ਤੇਲੰਗਾਨਾ ਵਿੱਚ ਸਥਾਪਤ ਕਰਵਾਉਣ ਵਾਲੇ ਸਾਬਕਾ ਮੰਤਰੀ ਸ਼੍ਰੀ ਅਮਰ ਸਿੰਘ ਤਿਲਾਵਤ, ਜਿਨ੍ਹਾਂ ਦੇ ਯਤਨਾਂ ਸਦਕਾ ਬਾਬਾ ਲੱਖੀ ਸ਼ਾਹ ਬੰਜਾਰਾ ਜੀ ਦੀ 438ਵੀਂ ਜਯੰਤੀ 28 ਮਈ 2017 ਨੂੰ ਨਾਰਨੂਰ ਪਿੰਡ, ਤਹਿਸੀਲ ਉਤਨੂਰ, ਜ਼ਿਲਾ ਆਦਿਲਾਬਾਦ, ਤੇਲੰਗਾਨਾ ਪ੍ਰਦੇਸ਼ ਵਿੱਚ ਕੌਮੀ ਪੱਧਰ ਉਤੇ ਮਨਾਈ ਜਾ ਰਹੀ ਹੈ।

"ਪੰਡਾ ਵਹੀ ਖੇਮ ਚੰਦ ਚੂਨੀ ਲਾਲ ਹਰਿਦੁਆਰ" ਵਿੱਚ ਬਾਬਾ ਲੱਖੀ ਸ਼ਾਹ ਦੇ ਪੁੱਤਰਾਂ ਨਗਾਹੀਆ, ਹੇਮ ਚੰਦ ਅਤੇ ਮਾਤਾ ਕੰਤੋ ਵੱਲੋਂ ਬਾਬਾ ਲੱਖੀ ਸ਼ਾਹ ਜੀ ਦੇ ਫੁੱਲ ਤਾਰਨ ਆਉਣ ਬਾਰੇ ਇੰਝ ਟੂਕ ਮਿਲਦੀ ਹੈ:

"ਨਗਾਹੀਆ, ਹੇਮ ਚੰਦ, ਹਾੜੀ, ਹੀਰਾ, ਪੁੰਡੀਆ, ਬਖ਼ਸ਼ੀ, ਬਾਲਾ, ਜਮਾਹਰ ਬੇਟੇ ਲੱਖੀ ਰਾਇ ਕੇ, ਪੋਤੇ ਗੋਧੂ ਕੇ, ਪੜਪੋਤੇ ਠਾਕਰ ਦਾਸ ਕੇ ਜਾਦਵਬੰਸੀ, ਉਲਾਦ ਪੁਰਸ਼ੋਤਮ ਕੀ, ਬੜਤੀਆ ਕਨਾਉਂਤ, ਸਾਲ ਸਤਰਾਂ ਸੈ ਅਠੱਤੀਆ, ਭਾਦਵ ਮਾਸ ਕੀ ਅਮਾਵਸ ਕੇ ਦਿਹੁੰ ਨਗਾਹੀਆ ਗੰਗਾ ਜੀ ਆਇਆ, ਫੂਲ ਪਿਤਾ ਲੱਖੀ ਰਾਇ ਕੇ ਲੈ ਕੇ, ਸਾਥ ਹੇਮ ਚੰਦ ਆਇਆ, ਸਾਥ ਮਾਤਾ ਕੰਤੋ ਆਈ।"

ਇਸ ਤਰ੍ਹਾਂ "ਪੰਡਾ ਵਹੀ ਖੇਮ ਚੰਦ ਚੂਨੀ ਲਾਲ ਹਰਿਦੁਆਰ" ਤੋਂ ਸਾਨੂੰ ਇਹ ਵੀ ਪਤਾ ਲੱਗ ਜਾਂਦਾ ਹੈ ਕਿ ਬਾਬਾ ਲੱਖੀ ਸ਼ਾਹ ਜੀ ਦੇ ਅੱਠ ਪੁੱਤਰ ਸਨ। ਬਾਬਾ ਲੱਖੀ ਸ਼ਾਹ ਜੀ ਦੇ, ਜੇਠ ਸੁਦੀ ਇਕਾਦਸ਼ੀ ਸੰਮਤ 1737 ਬਿਕਰਮੀ ਨੂੰ ਦਿਹਾਂਤ ਤੋਂ ਬਾਅਦ, ਭਾਦੋਂ ਦੀ ਮੱਸਿਆ ਸੰਮਤ 1738 ਵਾਲੇ ਦਿਨ ਹਰਿਦੁਆਰ ਵਿਖੇ ਫੁੱਲ ਤਾਰੇ ਗਏ।

ਇਸੇ ਤਰ੍ਹਾਂ "ਗੁਰੂ ਕੀਆਂ ਸਾਖੀਆਂ" ਪੁਸਤਕ ਵਿੱਚ ਹੀ ਦਰਜ ਇਕ ਟੂਕ ਤੋਂ ਪਤਾ ਲੱਗਦਾ ਹੈ ਕਿ ਬਾਬਾ ਲੱਖੀ ਸ਼ਾਹ ਜੀ ਦੇ ਵੱਡੇ ਪੁੱਤਰ ਨਗਾਹੀਆ ਜੀ ਦੀ ਸ਼ਹੀਦੀ, ਸੰਮਤ ਬਿਕ੍ਰਮੀ 1766 ਦੇ ਵਿਸਾਖ ਪ੍ਰਵਿਸ਼ਟੇ ਨਾਵੀਂ ਵਾਲੇ ਦਿਨ ਗੁਰੂ ਚੱਕ ਕੇ ਵਿਖੇ, ਦੀਵਾਨ ਹਰਿ ਰਾਇ ਪੱਟੀ ਨਾਲ ਲੜਦਿਆਂ ਹੋਈ।

ਇਸੇ ਪੁਸਤਕ ਵਿੱਚੋਂ ਜਾਣਕਾਰੀ ਮਿਲਦੀ ਹੈ ਕਿ ਬਾਬਾ ਲੱਖੀ ਸ਼ਾਹ ਬੰਜਾਰਾ ਜੀ ਦੇ ਇੱਕ ਹੋਰ ਬੇਟੇ ਜਵਾਹਰ ਸਿੰਘ ਜੀ ਦੀ ਸ਼ਹੀਦੀ 30 ਭਾਦੋਂ 1757 ਸੰਮਤ ਨੂੰ ਫਤੇਗੜ੍ਹ ਅਨੰਦਪੁਰ ਵਿੱਚ ਹੋਈ ਸੀ।

ਗਿਆਨੀ ਗਰਜਾ ਸਿੰਘ (ਨਾਮਸੋਤ) ਸੰਪਾਦਤ ਪੁਸਤਕ "ਸ਼ਹੀਦ ਬਿਲਾਸ" ਵਿੱਚੋਂ ਪਤਾ ਲੱਗਦਾ ਹੈ ਕਿ ਬਾਬਾ ਲੱਖੀ ਸ਼ਾਹ ਜੀ ਦੀ ਬੇਟੀ ਮਾਤਾ ਸੀਤੋ, ਬੰਦ ਬੰਦ ਕਟਵਾਉਣ ਵਾਲੇ ਮਹਾਨ ਸ਼ਹੀਦ ਬਾਬਾ ਮਨੀ ਸਿੰਘ ਨਾਲ ਵਿਆਹੀ ਹੋਈ ਸੀ ਅਤੇ ਉਸ ਸਮੇਂ ਲੱਖੀ ਸ਼ਾਹ ਜੀ ਦਾ ਪਰਿਵਾਰ ਖੈਰਪੁਰ ਸੱਯਦਾਤ, ਜੋ ਮੁਲਤਾਨ ਤੋਂ ਅੱਗੇ 75 ਮੀਲ ਤਹਿਸੀਲ ਅਲੀਪੁਰ, ਜ਼ਿਲਾ ਮੁਜੱਫਰਗੜ੍ਹ ਵਿੱਚ ਹੈ, ਵਿਖੇ ਰਹਿੰਦਾ ਸੀ। ਬਾਬਾ ਲੱਖੀ ਸ਼ਾਹ ਜੀ ਕਿਉਂਕਿ ਬਹੁਤ ਧਨਾਢ ਬੰਜਾਰੇ ਸਨ, ਇਸ ਲਈ ਪੂਰੇ ਭਾਰਤ ਵਿੱਚ ਉਨ੍ਹਾਂ ਦੇ ਰਿਹਾਇਸ਼ੀ ਟਿਕਾਣੇ ਸਨ।

"ਭੱਟ ਵਹੀ ਜਾਦੋ ਬੰਸੀ ਬੜਤੀਆਂ ਕੀ" ਵਿੱਚ ਭੱਟ ਕੇਸੋ ਦੇ ਕਹੇ ਦੋਹੇ ਮਿਲਦੇ ਹਨ, ਜਿਨ੍ਹਾਂ ਵਿੱਚੋਂ ਪਤਾ ਲੱਗਦਾ ਹੈ ਕਿ ਬਾਬਾ ਲੱਖੀ ਸ਼ਾਹ ਜੀ ਦੀ ਧਰਮ ਪਤਨੀ ਦਾ ਨਾਂ ਮਾਤਾ ਪਾਰਾਂ ਦੇਈ ਸੀ ਜੋ ਕਿ ਗ੍ਾਂਬਾ ਗੋਤ ਦੇ ਬਾਜ਼ੀਗਰ ਬੰਜਾਰਿਆਂ ਦੀ ਧੀ ਸੀ।

ਇਸ ਤਰ੍ਹਾਂ ਗਿਆਨੀ ਗਰਜਾ ਸਿੰਘ ਹਿਸਟੋਰੀਅਨ (ਨਾਮਸੋਤ) ਵੱਲੋਂ ਮੁਹੱਈਆ ਕਰਵਾਏ ਗਏ ਭੱਟ ਵਹੀਆਂ ਅਤੇ ਪੰਡਾ ਵਹੀਆਂ ਦੇ ਵਡਮੁੱਲੇ ਭੰਡਾਰੇ ਦੀ ਮਦਦ ਨਾਲ ਬਾਬਾ ਲੱਖੀ ਸ਼ਾਹ ਜੀ ਦੀ ਜੀਵਨੀ ਦੇ ਕੁਝ ਪੱਖਾਂ ਨੂੰ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕੀਤੀ ਗਈ ਹੈ।

ਆਸ ਹੈ ਹੋਰ ਵਿਦਵਾਨ ਵੀ ਇਤਿਹਾਸ ਦੇ ਨਾਇਕਾਂ ਦੇ ਧੁੰਦਲੇ ਚਿੱਤਰਾਂ ਉਪਰੋਂ ਧੂੜ ਹਟਾਉਣ ਲਈ ਉਪਰਾਲੇ ਕਰਨਗੇ।

# 10+2 ਜਮਾਤ 'ਚੋਂ ਅੱਵਲ ਆਏ ਵਿਦਿਆਰਥੀਆਂ ਦਾ ਸਨਮਾਨ



**ਮੁਕੰਦਪੁਰ, (ਰੇਸ਼ਮ ਕਰਨਾਣਵੀ)-** ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਸ਼ੈਸ਼ਨ 2016-17 ਦੇ ਐਲਾਨੇ ਨਤੀਜੇ 'ਚ ਬਾਹਰਵੀਂ ਜਮਾਤ ਦੇ ਅੱਵਲ ਆਏ ਵਿਦਿਆਰਥੀਆਂ ਨੂੰ ਸਮਾਜਿਕ ਸਾਂਝ ਸੰਸਥਾ ਬੰਗਾ ਵਲੋਂ ਸਨਮਾਨਿਤ ਕੀਤਾ ਗਿਆ। ਇਸ 'ਚ ਖੇਤਰ ਦੇ ਵੱਖ ਵੱਖ ਸੀਨੀਅਰ ਸੈਕੰਡਰੀ ਸਕੂਲਾਂ 'ਚੋਂ 40 ਵਿਦਿਆਰਥੀ/ ਵਿਦਿਆਰਥਣਾਂ ਸ਼ਾਮਲ ਹੋਈਆਂ। ਗੁਰੂ ਨਾਨਕ ਕਾਲਜ ਫਾਰ ਵੋਮੈਨ ਬੰਗਾ ਵਿਖੇ ਕਰਵਾਏ ਗਏ ਇਸ ਸਮਾਗਮ ਦੇ ਮੁੱਖ ਮਹਿਮਾਨ ਵਜੋਂ ਹਲਕਾ ਵਿਧਾਇਕ ਡਾ. ਸੁੱਖਵਿੰਦਰ ਕੁਮਾਰ ਸੁੱਖੀ ਸ਼ਾਮਲ ਹੋਏ। ਉਹਨਾਂ ਇਹਨਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮਨੁੱਖ ਦੀ ਜ਼ਿੰਦਗੀ 'ਚ ਵਿੱਦਿਆ ਦੀ ਵੱਡਮੁਲੀ ਭੂਮਿਕਾ ਹੈ ਜਿਸ ਨਾਲ ਉਹ ਹਰ ਮੰਜ਼ਿਲ ਦੀ ਪ੍ਰਾਪਤੀ ਸੰਭਵ ਕਰ ਸਕਦਾ ਹੈ। ਉਹਨਾਂ ਕਿਹਾ ਕਿ ਜਨ ਜੀਵਨ 'ਚ ਦੁਨੀਆਂ ਦੀ ਹਰ ਸ਼ੈਅ ਨੂੰ ਨੁਕਸਾਨ ਪਹੁੰਚਾਇਆ ਜਾ ਸਕਦਾ ਹੈ ਪਰ ਵਿੱਦਿਆ ਨਾਲ ਹਾਸਲ ਕੀਤਾ ਗਿਆਨ ਹਮੇਸ਼ਾ ਅਡੋਲ ਰਹਿੰਦਾ ਹੈ। ਕਾਲਜ ਦੇ ਪ੍ਰਿੰਸੀਪਲ ਡਾ. ਕੰਵਲਜੀਤ ਕੌਰ ਛੀਨਾ ਨੇ ਕਿਹਾ ਕਿ ਵਿੱਦਿਆ ਖੇਤਰ 'ਚ ਕੁੜੀਆਂ ਦਾ ਅੱਗੇ ਵੱਧਣਾ ਬਹੁਤ ਹੀ ਮਾਣਮਈ ਹੈ ਜਿਸ 'ਚ ਮਾਪਿਆਂ, ਅਧਿਆਪਿਕਾ ਅਤੇ ਸਮਾਜਿਕ ਸੰਸਥਾਵਾਂ ਦਾ ਸਹਿਯੋਗ ਬਣਿਆ ਰਹਿਣਾ ਚਾਹੀਦਾ ਹੈ। ਵਿੱਦਿਆਰਥੀਆਂ ਨੇ ਸਨਮਾਨ 'ਚ ਪ੍ਰਮਾਣ ਪੱਤਰ ਅਤੇ ਯਾਦਗਾਰੀ ਚਿੰਨ੍ਹ ਸ਼ਾਮਲ ਸਨ। ਇਨ੍ਹਾਂ 40 ਵਿਦਿਆਰਥੀਆਂ ਵਿੱਚ ਤਿੰਨ ਲੜਕੇ ਅਤੇ ਬਾਕੀ ਸਾਰੀਆਂ ਲੜਕੀਆਂ ਸਨ। ਸੰਸਥਾ ਦੇ ਪ੍ਰਧਾਨ ਹਰਮਿੰਦਰ ਸਿੰਘ ਤਲਵੰਡੀ ਨੇ ਸਮੂਹ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਸੰਸਥਾਂ ਦੀਆਂ ਸੇਵਾਵਾਂ ਦੀ ਜਾਣਕਾਰੀ ਦਿੱਤੀ। ਸਮਾਗਮ ਦੌਰਾਨ ਮੰਚ ਦਾ ਸੰਚਾਲਨ ਮੈਡਮ ਮੀਨੂੰ ਭੋਲਾ ਨੇ ਕੀਤੀ। ਪ੍ਰਬੰਧਕਾਂ 'ਚ ਸੁਰਜੀਤ ਮਜਾਰੀ, ਰੇਸ਼ਮ ਕਰਨਾਣਵੀ, ਐਡਵੋਕੇਟ ਕਮਲਜੀਤ ਸਿੰਘ ਬਹਾਦਪੁਰ, ਸੁਖਵਿੰਦਰ ਸਿੰਘ ਝਿੰਗੜ, ਚਰਨਜੀਤ ਤਲਵੰਡੀ ਆਦਿ ਸ਼ਾਮਲ ਸਨ।

# ਇਤਿਹਾਸਕ ਪਿੰਡ ਡਰੋਲੀ ਭਾਈ ਨੂੰ ਤੰਬਾਕੂ ਮੁਕਤ ਕਰਨ ਲਈ ਪਿੰਡ ਵਾਸੀ ਮੈਦਾਨ 'ਚ ਡਟੇ

**ਮੋਗਾ-** ਤਿੰਨ ਗੁਰੂ ਸਾਹਿਬਾਨਾਂ ਦੀ ਚਰਨਛੋਹ ਪ੍ਰਾਪਤ ਇਤਿਹਾਸਕ ਪਿੰਡ ਡਰੋਲੀ ਭਾਈ ਦੇ ਵਾਸੀ ਜਿਨ੍ਹਾਂ ਵਿੱਚ ਗ੍ਰਾਮ ਪੰਚਾਇਤ, ਸਾਬਕਾ ਫੌਜੀਆਂ ਦੀ ਸਮਾਜ ਸੇਵੀ ਸੰਸਥਾ, ਗੁਰੂ ਹਰਗੋਬਿੰਦ ਸਾਹਿਬ ਟੂਰਨਾਮੈਂਟ ਕਮੇਟੀ, ਬਾਬਾ ਸਾਈਂਦਾਸ ਕਲੱਬ, ਸ਼ਹੀਦ ਊਧਮ ਸਿੰਘ ਕਲੱਬ, ਬਾਬਾ ਗੁਰਦਿੱਤਾ ਗੁਰਦੁਆਰਾ ਪ੍ਰਬੰਧਕ ਕਮੇਟੀ, ਗੁਰੂ ਕੇ ਬੇਟੇ ਵੈਲਫੇਅਰ ਕਲੱਬ ਤੇ ਹੋਰ ਮੋਹਤਬਰ ਵਿਅਕਤੀਆਂ ਨੇ ਅੱਜ ਕਮਿਊਨਿਟੀ ਸਿਹਤ ਕੇਂਦਰ ਡਰੋਲੀ ਭਾਈ ਵਿਖੇ ਮੀਟਿੰਗ ਤੋਂ ਬਾਅਦ ਆਪਣੇ ਪਿੰਡ ਨੂੰ ਤੰਬਾਕੂ ਮੁਕਤ ਪੰਜਾਬ ਦਾ ਮਾਡਲ ਪਿੰਡ ਬਣਾਉਣ ਲਈ ਕਮਾਨ ਆਪਣੇ ਹੱਥ ਲੈ ਲਈ ਤੇ ਮੈਦਾਨ ਵਿੱਚ ਡਟ ਗਏ।



> ਜਿਲ੍ਹਾ ਤੰਬਾਕੂ ਵਿਰੋਧੀ ਸੈੱਲ ਦੇ ਇੰ-ਚਾਰਜ ਡਾ. ਇੰਦਰਵੀਰ ਸਿੰਘ ਗਿੱਲ, ਸੀਨੀਅਰ ਮੈਡੀਕਲ ਅਫਸਰ ਡਰੋਲੀ ਭਾਈ ਡਾ. ਜਸਬੀਰ ਸਿੰਘ ਤੇ ਬੀ.ਈ.ਈ. ਰਛਪਾਲ ਸਿੰਘ ਸੋਸਣ ਨਾਲ ਪਿੰਡ ਵਾ-ਸੀਆਂ ਦੀ ਮੀਟਿੰਗ ਦੌਰਾਨ ਪਿੰਡ ਦੇ ਕਰਿਆਨਾ ਦੁਕਾਨਦਾਰ ਵੀ ਹਾਜ਼ਰ ਸਨ, ਜਿਨ੍ਹਾਂ ਨੇ ਇਸ ਪਵਿੱਤਰ ਕਾਰਜ ਲਈ ਸਮਰਥਨ ਦਿੰਦਿਆਂ ਤੰਬਾਕੂ, ਬੀੜੀ, ਸਿਗਰੇਟ ਵਗੈਰਾ ਦੀ ਵਿਕਰੀ ਬੰਦ ਕਰਨ ਲਈ ਇੱਕ ਮਹੀਨੇ ਦੀ ਮੋਹਲਤ ਮੰਗੀ। ਇਸ ਮੌਕੇ ਡਾ. ਇੰਦਰਵੀਰ ਸਿੰਘ ਗਿੱਲ ਨੇ ਪਿੰਡ ਵਾਸੀਆਂ, ਸਮਾਜ ਸੇਵੀਆਂ, ਗ੍ਰਾਮ ਪੰਚਾਇਤ ਤੇ ਦੁਕਾਨਦਾਰਾਂ ਨੂੰ ਤੰਬਾਕੂ ਵਿਰੋਦੀ ਕੋਟਪਾ ਕਾਨੂੰਨ-2003 ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਡਾ. ਜਸਬੀਰ ਸਿੰਘ ਨੇ ਕਿਹਾ ਕਿ ਡਰੋਲੀ ਭਾਈ ਪਿੰਡ ਨੂੰ ਗੁਰੂ ਹਰਗੋਬਿੰਦ ਸਾਹਿਬ, ਗੁਰੂ ਹਰ ਰਾਇ ਸਾਹਿਬ ਤੇ ਗੁਰੂ ਤੇਗਬਹਾਦਰ ਜੀ ਦੀ ਚਰਨਛੋਹ ਪ੍ਰਾਪਤ ਹੈ ਤੇ ਇਥੇ ਤੰਬਾਕੂ ਬੰਦ ਕਰਕੇ ਅਸੀਂ ਗੁਰੂਆਂ ਦੇ ਬਚਨਾਂ 'ਤੇ ਫੁੱਲ ਚੜ੍ਹਾ ਰਹੇ ਹਾਂ। ਰਛਪਾਲ ਸਿੰਘ ਸੋਸਣ ਨੇ ਕਿਹਾ ਕਿ ਪਿੰਡ 'ਚ ਤੰਬਾਕੂ ਦੀ ਵਿਕਰੀ ਬੰਦ ਕਰਨ ਨਾਲ ਤੰਬਾਕੂ ਤੇ ਸਿਗਰੇਟ ਦੀ ਆਦਤ ਤੋਂ ਨੌਜਵਾਨ ਨਵੇਂ ਗਾਹਕ ਤੇ ਆਦੀ ਨਹੀਂ ਬਣਨਗੇ, ਜਿਸ ਨਾਲ ਪਿੰਡ ਦੀ ਅਗਲੀਆਂ ਪੀੜੀਆਂ ਤੰਬਾਕੂ ਦੇ ਮਾੜੇ ਅਸਰਾਂ ਤੋਂ ਬਚੀਆਂ ਰਹਿਣਗੀਆਂ।

# 5 ਕਰੋੜ ਦੀ ਲਾਗਤ ਨਾਲ ਬਣਨ ਵਾਲੇ ਚੈਰੀਟੇਬਲ ਹਸਪਤਾਲ ਦੀ ਇਮਾਰਤ ਦਾ ਨਿਰਮਾਣ ਜ਼ੋਰਾਂ 'ਤੇ

**ਮੁਕੰਦਪੁਰ (ਰੇਸ਼ਮ ਕਰਨਾਣਵੀ)-** ਸ਼੍ਰੀ ਗੁਰੂ ਰਵਿਦਾਸ ਮਿਸ਼ਨ ਚੈਰੀਟੇਬਲ ਹਸਪਤਾਲ ਐਂਡ ਐਜੂਕੇਸ਼ਨਲ ਟਰੱਸਟ ਥਾਦੀਆਂ ਵਲੋਂ (ਨੇੜੇ ਰਾਧਾ ਸੁਆਮੀ ਸਤਸੰਗ ਘਰ) ਬੰਗਾ-ਨਵਾਂ ਸ਼ਹਿਰ ਰੋਡ 'ਤੇ ਸ਼੍ਰੀ ਗੁਰੂ ਰਵਿਦਾਸ ਚੈਰੀਟੇਬਲ ਹਸਪਤਾਲ ਐਂਡ ਐਜੂਕੇਸ਼ਨ ਸੈਂਟਰ ਦੀ ਨਵੀਂ ਬਣ ਰਹੀ ਇਮਾਰਤ ਦਾ ਕੰਮ ਪੂਰੇ ਜੋਰਾਂ 'ਤੇ ਚੱਲ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਟਰੱਸਟ ਦੇ ਪ੍ਰਧਾਨ ਡਾ ਨਾਮਦੇਵ ਬੰਗੜ ਨੇ ਦੱਸਿਆ ਕਿ ਹਸਪਤਾਲ ਦੀ ਬਣ ਰਹੀ ਇਮਾਰਤ ਦਾ ਕੁੱਲ ਖਰਚਾ 5 ਕਰੋੜ ਤੋਂ ਵੱਧ ਹੈ ਜੋ ਕਿ ਦੇਸ਼ ਵਿਦੇਸ਼ ਵਿਚ ਬੈਠੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਕੀਤਾ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਇਹ ਹਸਪਤਾਲ ਅਧੁਨਿਕ ਸਹੂਲਤਾਂ ਨਾਲ ਲੈਸ, ਤਜਰਬੇਕਾਰ ਡਾਕਟਰਾਂ ਦੀ ਟੀਮ ਅਤੇ ਮਰੀਜਾਂ ਨੂੰ ਸਸਤਾ ਤੇ ਵਧੀਆ ਇਲਾਜ ਮੁਹੱਈਆ ਕਰਵਾਉਣ ਹਿੱਤ ਬਚਨਬੱਧ ਰਹੇਗਾ। ਇਸ ਮੌਕੇ ਡਾ ਨਾਮਦੇਵ ਬੰਗੜ ਨੇ ਦੱਸਿਆ ਕਿ ਅੱਜ ਹਸਪਤਾਲ ਦੀ ਦੂਸਰੀ ਮੰਜਲ ਦੇ ਲੈਂਟਰ ਪਾਏ ਗਏ ਹਨ।

ਜਿਸ ਵਿੱਚ ਸ ਕੁਲਦੀਪ ਸਿੰਘ ਝੱਜ ਗਹਿਲ ਮਜਾਰੀ ਨੇ ਆਪਣੇ ਜਨਮ ਦਿਨ ਦੀ ਖੁਸੀ ਵਿੱਚ ਜਿੱਥੇ ਬਹੁਤ ਵੱਡਾ ਮਾਇਕ ਸਹਾਇਤਾ ਪੱਖੋਂ ਯੋਗਦਾਨ ਪਾਇਆ ਉਥੇ ਉਨ੍ਹਾਂ ਵਲੋਂ ਹਸਪਤਾਲ ਵਿੱਚ ਕੰਮ ਕਰ ਰਹੇ ਮਿਸਤਰੀਆਂ ਅਤੇ ਮਜਦੂਰਾਂ ਵਾਸਤੇ ਪੂਰਾ ਦਿਨ ਚਾਹ-ਪਕੌੜੇ ਤੇ ਦੁਪਿਹਰ ਦੇ ਖਾਣੇ ਦਾ ਪ੍ਰਬੰਧ ਵੀ ਕੀਤਾ।

ਇਸ ਮੌਕੇ ਸ ਕੁਲਦੀਪ ਸਿੰਘ ਝੱਜ ਗਹਿਲ ਮਜਾਰੀ ਨੇ ਦੇਸ਼ ਵਿਦੇਸ਼ ਵਸਦੇ ਦਾਨੀ ਸੱਜਣਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਅਜਿਹੇ ਸਮਾਜ ਸੇਵਾ ਦੇ ਕਾਰਜਾਂ ਵਿੱਚ ਵੱਧ ਚੜ੍ਹ ਕੇ ਯੋਗਦਾਨ ਪਾਉਣਾਂ ਚਾਹੀਦਾ ਹੈ ਤਾਂ ਜੋ ਗਰੀਬ ਤੇ ਲੋੜਵੰਦ ਮਰੀਜਾਂ ਦਾ ਸਮੇਂ 'ਤੇ ਇਲਾਜ ਹੋ ਸਕੇ।

ਇਸ ਮੌਕੇ ਡਾ ਨਾਮਦੇਵ ਬੰਗੜ ਨੇ ਸ ਕੁਲਦੀਪ ਸਿੰਘ ਝੱਜ ਗਹਿਲ ਮਜਾਰੀ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਅਜਿਹੇ ਨੇਕ ਦਿਲ ਤੇ ਸਮਾਜ ਸੇਵੀ ਇਨਸਾਨਾਂ ਦੀ ਸਮਾਜ ਨੂੰ ਹਮੇਸ਼ਾਂ ਲੋੜ ਹੈ ਉਨ੍ਹਾਂ ਸ ਝੱਜ ਦੇ ਜਨਮ ਦਿਨ 'ਤੇ ਵਧਾਈਆਂ ਦਿੱਤੀਆਂ ਤੇ ਸਿਹਤਮੰਦ ਰਹਿਣ ਦੀ ਕਾਮਨਾ ਕੀਤੀ।

ਇਸ ਮੌਕੇ ਸੰਦੀਪ ਕੌਰ, ਮਨਦੀਪ ਸਿੰਘ, ਡਾ ਬੀ ਐਸ ਬੱਲ ਜਨਰਲ ਸਕੱਤਰ, ਬੀ ਐਸ ਲਾਖਾ ਸਕੱਤਰ, ਡਾ ਮੁਕੇਸ਼ ਕੁਮਾਰ ਮੈਨੇਜਰ, ਡਾ ਰਾਜ ਕੁਮਾਰ ਖਜਾਨਚੀ, ਠੇਕੇਦਾਰ ਜਸਵਿੰਦਰ ਪਾਲ ਕਜਲਾ, ਕੁਲਦੀਪ ਬੰਗਾ, ਮਨਜੀਤ ਕੌਰ ਤੇ ਸੁਰਜੀਤ ਬੰਗਾ ਤੋਂ ਇਲਾਵਾ ਹੋਰ ਪਤਵੰਤੇ ਸੱਜਣਾਂ ਨੇ ਸ ਕੁਲਦੀਪ ਸਿੰਘ ਝੱਜ ਗਹਿਲ ਮਜਾਰੀ ਨੂੰ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ ਤੇ ਚੰਗੀ ਸਿਹਤ ਦੀ ਕਾਮਨਾ ਕਰਦੇ ਪਰਿਵਾਰ ਦੀ ਚੜ੍ਹਦੀ ਕਲਾ ਵਾਸਤੇ ਅਰਦਾਸ ਕੀਤੀ।

# 19 ਅਕਤੂਬਰ 1986 ਨੂੰ ਹੋਈ ਸਾਹਿਬ ਕਾਂਸ਼ੀ ਰਾਮ ਜੀ ਨਾਲ ਸੋਹਣ ਸਹਿਜਲ ਦੀ ਵਾਰਤਾਲਾਪ

**(ਸਫਾ 6 ਦੀ ਬਾਕੀ)**

ਦਾ ਮਾਮਲਾ ਦੇਸ਼ ਪੱਧਰ ਦਾ, ਅੰਤਰ ਰਾਸ਼ਟਰੀ ਪੱਧਰ ਦਾ ਮਾਮਲਾ ਬਣਾਇਆ ਜਾ ਰਿਹਾ ਹੈ।

**ਸਵਾਲ – ਸ਼ੈਡੂਲਡ ਕਾਸਟਸ ਲੋਕਾਂ ਨਾਲ, ਪੱਛੜੀਆਂ ਜਾਤੀਆਂ ਅਤੇ ਘੱਟ ਗਿਣਤੀ ਜਾਤੀਆਂ ਨੂੰ ਜੋੜਨ ਦੀ ਤੁਹਾਡੀ ਕੋਸ਼ਿਸ਼ ਕਿੰਨੀ ਕੁ ਸਫਲ ਰਹੀ?**

ਜਵਾਬ – ਇਹ ਬਹੁਤ ਹੱਦ ਤੱਕ ਸਫਲ ਰਹੀ। ਖਾਸ ਕਰਕੇ ਯੂਪੀ ਵਿੱਚ ਇਸ ਪੱਖੋਂ ਕਾਫੀ ਕੰਮ ਹੋਇਆ ਹੈ।

**ਸਵਾਲ – ਸੰਘਰਸ਼ ਪੱਖੋਂ ਕਿਹੜਾ ਸੂਬਾ ਸਭ ਤੋਂ ਅੱਗੇ ਹੈ?**

ਜਵਾਬ- ਉੱਤਰ ਪ੍ਰਦੇਸ਼ ਜਿੱਥੇ ਕੁੱਲ 57 ਜ਼ਿਲ੍ਹਿਆਂ ਵਿਚੋਂ 53 ਜ਼ਿਲ੍ਹਿਆਂ ਵਿੱਚ ਸਾਡੇ ਸੰਗਠਨ ਕੰਮ ਕਰ ਰਹੇ ਹਨ ਬਾਕੀ ਰਹਿੰਦੇ 4 ਜ਼ਿਲ੍ਹਿਆਂ ਅਲਮੋੜਾ, ਚਿਮੌਲੀ, ਪਿਥੌਰਾ ਗੜ੍ਹ ਤੇ ਉੱਤਰ ਕਾਂਸ਼ੀ ਵਿੱਚ ਵੀ ਸੰਗਠਨ ਕਾਇਮ ਕੀਤੇ ਜਾ ਰਹੇ ਹਨ।

**ਸਵਾਲ – ਪੰਜਾਬ ਵਿਚ ਦੋ ਪ੍ਰਮੁੱਖ ਪਾਰਟੀਆਂ ਕਾਂਗਰਸ ਤੇ ਅਕਾਲੀ ਦਲ ਹਨ। ਜੇ ਚੋਣ ਸਮਝੌਤਾ ਕਰਨ ਦੀ ਗੱਲ ਆਵੇ ਤਾਂ ਦੋਹਾਂ ਵਿਚੋਂ ਕਿਸ ਨਾਲ ਕਰੋਗੇ?**

ਜਵਾਬ – ਮੈਂ ਦੇਸ਼ ਦੀਆਂ ਸਾਰੀਆਂ ਦੀਆਂ ਸਾਰੀਆਂ 7 ਨੈਸ਼ਨਲ ਪਾਰਟੀਆਂ ਨੂੰ ਬ੍ਰਾਹਮਣਵਾਦ ਪੱਖੀ ਸਮਝਦਾ ਹਾਂ, ਕਾਂਗਰਸ ਵੀ ਉਹਨਾਂ ਵਿੱਚੋਂ ਇੱਕ ਹੈ। ਕਿਸੇ ਵੀ ਪਾਰਟੀ ਨਾਲ ਚੋਣ ਸਮਝੌਤਾ ਨਹੀਂ ਹੋ ਸਕਦਾ। ਹਾਂ, ਚੋਣਾਂ ਹੋਣ ਉਪਰੰਤ, ਕਿਸੇ ਨਾਲ ਤਾਲਮੇਲ ਦੀ ਗੱਲ ਹੋ ਸਕਦੀ ਹੈ।

**ਸਵਾਲ – ਪੰਜਾਬ ਵਿਚ ਚੋਣਾਂ ਬਾਰੇ ਰਾਏ?**

ਜਵਾਬ – ਪੰਜਾਬ ਵਿਚ ਚੋਣਾਂ ਮੇਰੇ ਮਸ਼ਵਰੇ ਅਨੁਸਾਰ ਨਹੀਂ ਲੜੀਆਂ ਗਈਆਂ, ਇਸ ਲਈ ਅਸੀਂ ਉਨੇ ਚੰਗੇ ਨਤੀਜੇ ਨਹੀਂ ਕੱਢ ਸਕੇ ਜਿੰਨੀ ਸਾਡੀ ਤਾਕਤ ਸੀ।

**ਸਵਾਲ – ਚੋਣਾਂ ਵਿਚ ਕੀ ਤਜ਼ਰਬਾ ਰਿਹਾ?**

ਜਵਾਬ – ਜਿਵੇਂ ਤੁਸੀਂ ਜਾਣਦੇ ਹੋ, ਅਸੀਂ ਲੋਕ ਜੀਵਨ ਦੇ ਹਰ ਖੇਤਰ ਵਿਚ ਨਵੇਂ ਹਾਂ, ਚੋਣਾਂ ਵਿਚ ਵੀ ਨਵੇਂ ਹਾਂ।

**ਸਵਾਲ – ਤੁਹਾਡੀ ਸਰਪ੍ਰਸਤੀ ਵਾਲੇ ਸੰਗਠਨਾਂ ਵਿਚ, ਤੁਹਾਡੇ ਤੋਂ ਇਲਾਵਾ ਹੋਰ ਕਿਹੜੇ ਕਿਹੜੇ ਪ੍ਰਮੁੱਖ ਆਗੂ ਹਨ?**

ਜਵਾਬ – ਪ੍ਰਮੁੱਖ ਆਗੂਆਂ ਦਾ ਬਾਕਾਇਦਾ ਐਲਾਨ ਇਕ ਸਾਲ ਬਾਅਦ ਕਰਾਂਗਾ।

**ਸਵਾਲ- ਤੁਹਾਡੀ ਇੰਗਲੈਂਡ ਫੇਰੀ ਕਿੰਨੀ-ਕੁ ਕਾਮਯਾਬ ਰਹੀ?**

ਜਵਾਬ – ਗੁਰੂ ਰਵਿਦਾਸ, ਭਗਵਾਨ ਬੁੱਧ ਅਤੇ ਬਾਬਾ ਸਾਹਿਬ ਦੇ ਨਾਂ ਤੇ ਉੱਥੇ ਬਣੀਆਂ ਵੱਖ-ਵੱਖ ਸੰਸਥਾਵਾਂ ਵਿਚ ਉਸ ਵੇਲੇ ਮੈਂ, ਏਕਤਾ ਕਰਾਉਣ ਵਿਚ ਕਾਫੀ ਸਹਾਇਕ ਹੋਇਆ ਸੀ। ਮੈਂ ਉੱਥੇ 17, 18 ਦਿਨ ਰਿਹਾ ਅਤੇ ਕਰੀਬ 30-40 ਮੀਟਿੰਗਾਂ ਵਿਚ ਹਿੱਸਾ ਲਿਆ।

**ਸਵਾਲ – ਜਨਤਕ ਲਹਿਰ ਦੇ ਪਾਠਕਾਂ ਦੇ ਨਾਂ ਕੋਈ ਸੰਦੇਸ਼?**

ਜਵਾਬ – ਦਲਿਤ ਸੋਸ਼ਿਤ ਸਮਾਜ ਦੀ ਲਹਿਰ, ਇਹਨਾਂ ਦਾ ਸੰਘਰਸ਼ ਬਹੁਤ ਲੰਮਾ ਚੌੜਾ ਕਾਰਜ ਹੈ। ਇਸ ਵਿਚ ਛੋਟੀਆਂ ਵੱਖ-ਵੱਖ ਕੋਸ਼ਿਸ਼ਾਂ ਦੇ ਸੰਗਠਨ ਹੋਣ ਨਾਲ ਸਫਲਤਾ ਮਿਲਣੀ ਹੈ। ਜਨਤਕ ਲਹਿਰ ਦੇ ਪਾਠਕ ਵੀ ਇਸੇ ਕਿਸਮ ਦੇ ਮਹੱਤਵਪੂਰਨ ਕਾਰਜ ਦਾ ਹਿੱਸਾ ਹਨ। ਅੱਜ ਦੇ ਯੁੱਗ ਵਿਚ ਪਰੈੱਸ ਅਤੇ ਪਬਲੀਕੇਸ਼ਨ ਦੇ ਵੱਡਮੁੱਲੇ ਮਹੱਤਵਪੂਰਨ ਕਾਰਜ ਲਈ ਤਿਆਰ ਰਹੋਗੇ ਅਜੇਹੀ ਮੇਰੀ ਆਸ਼ਾ ਹੈ।

ਸੁਨੇਹਾ ਹੈ ਕਿ ਪੰਜਾਬ ਵਿਚ ਦਲਿਤਾਂ ਦੀ ਮੁਕਤੀ ਦੇ ਸੰਘਰਸ਼ ਵਿਚ ਵਧ ਚੜ੍ਹ ਕੇ ਯੋਗਦਾਨ ਪਾਉਣ, ਮੈਂ ਉਨ੍ਹਾਂ ਨੂੰ ਇਹ ਵੀ ਆਖਾਂਗਾ ਕਿ ਉਹ, ਰੋਜ਼ਾਨਾ ਜਨਤਕ ਲਹਿਰ ਦੀ ਵੱਧ ਤੋਂ ਵੱਧ ਅਤੇ ਛੇਤੀ ਤੋਂ ਛੇਤੀ ਆਰਥਿਕ ਮੱਦਦ ਕਰਨ ਤਾਂ ਕਿ ਰੋਜ਼ਾਨਾ ਪੇਪਰ ਦੇ ਇਤਿਹਾਸਕ ਕੰਮ ਵਿਚ ਸਾਨੂੰ ਅਸਫਲਤਾ ਦਾ ਮੂੰਹ ਨਾ ਦੇਖਣਾ ਪਵੇ। ਜਿਉਂ-ਜਿਉਂ, ਦਲਿਤ ਸੋਸ਼ਿਤ ਸਮਾਜ, ਜਗ੍ਰਿਤ ਹੁੰਦਾ ਹੈ, ਚੋਣ ਸਿਸਟਮ ਨੂੰ ਵੀ ਪੇਜੀਦਾ ਬਣਾਇਆ ਜਾ ਰਿਹਾ ਹੈ। ਅਸੀਂ ਚੋਣਾਂ ਦੇ ਤਰੀਕੇ ਤੋਂ ਵਾਕਫ਼ ਹੋਏ ਹਾਂ। ਅਸੀਂ 85% ਲੋਕਾਂ ਦੀਆਂ ਵੋਟਾਂ ਵਿਚੋਂ ਜੇ 30% ਵੀ ਪ੍ਰਾਪਤ ਕਰ ਲਈਏ ਤਾਂ ਰਾਜਸੱਤਾ ਤੇ ਕਾਮਯਾਬ ਹੋ ਸਕਦੇ ਹਾਂ। ਪਰ ਇਸ ਵੇਲੇ ਅਸੀ 18% ਪ੍ਰਾਪਤੀ 'ਤੇ ਪੁੱਜੇ ਹਾਂ ਅਤੇ ਸਾਡਾ ਇਹ ਪੱਕਾ ਵਿਸ਼ਵਾਸ਼ ਹੈ ਕਿ ਅੱਗੋਂ 18ਗ ਤੋਂ ਵੱਧ ਵੋਟਾਂ ਹੀ ਲਵਾਂਗੇ। 1% ਤੋਂ ਵੱਧ ਵੋਟਾਂ ਪ੍ਰਾਪਤ ਕਰਕੇ, ਪੰਜਾਬ, ਮੱਧ ਪ੍ਰਦੇਸ਼, ਯੂ .ਪੀ. ਅਤੇ ਦਾਦਰਾ ਨਗਰ ਹਵੇਲੀ ਵਿਚ ਸਾਡੀ ਪਾਰਟੀ ਰਜਿਸਟਰਡ ਹੋ ਚੁੱਕੀ ਹੈ।

**ਸਵਾਲ – ਬੁੱਧ ਧਰਮ ਬਾਰੇ ਕੀ ਕੁਝ ਕਰ ਰਹੇ ਹੋ?**

ਜਵਾਬ – ਮੇਰੇ ਸਥਾਪਤ ਕੀਤੇ ਤਿੰਨ ਸੰਗਠਨ, ਗੈਰ ਧਾਰਮਿਕ ਹਨ ਜਦੋਂ ਕਿ ਧਰਮ, ਜੀਵਨ ਜੀਉਂਣ ਦਾ ਇਕ ਜਰੂਰੀ ਅੰਗ ਹੈ।

ਮੈ ਬੁੱਧਇਜ਼ਮ ਦਾ ਸਮਰਥਕ ਹਾਂ। ਜਦੋਂ ਮੈਂ ਬੁੱਧਿਸਟ ਰੀਸਰਚ ਸੈਂਟਰ ਖੋਹਲਣ ਦਾ ਐਲਾਨ ਕੀਤਾ ਤਾਂ ਦੇਸ਼ ਦੇ ਕਈ ਬੋਧੀ ਸੰਗਠਨਾਂ ਨੇ ਕਿਹਾ ਕਿ ਮੈਂ ਇਹ ਪਾਸਾ ਉਨ੍ਹਾਂ ਲਈ ਖਾਲੀ ਛੱਡ ਦੇਵਾਂ ਅਤੇ ਉਹ ਕੁਝ ਠੋਸ ਧਾਰਮਿਕ ਪੱਖੋਂ ਕਰਨਗੇ। ਸਾਡੇ ਵਲੋਂ, ਹਾਲ ਦੀ ਘੜੀ, ਇਸ ਪਾਸੇ ਕੋਈ ਸਰਗਰਮੀ ਨਹੀਂ।

**ਸਵਾਲ – ਇਸ ਵੇਲੇ ਤੁਹਾਡੀ ਰਹਿਨੁਮਾਈ ਹੇਠ, ਕਿੰਨੇ ਅਖਬਾਰ ਚੱਲ ਰਹੇ ਹਨ?**

ਜਵਾਬ – ਗਿਣਤੀ ਵਿਚ 14 ਹਨ ਜੋ ਮਾਸਿਕ ਜਾਂ ਹਫ਼ਤਾਵਾਰ ਹੀ ਹਨ। ਨਾਗਪੁਰ ਤੋਂ ਮਰਾਠੀ ਬਹੁਜਨ ਟਾਈਮਜ਼ ਰੋਜ਼ਾਨਾ ਦੋ ਸਾਲ ਦੋ ਮਹੀਨੇ 22 ਦਿਨ ਛਪਿਆ ਪਰ ਵਰਕਰਾਂ ਦੀ ਸਮੱਸਿਆ ਕਾਰਨ ਬੰਦ ਕਰਨਾ ਪਿਆ।

**ਸਵਾਲ – ਕੋਈ ਕਿਤਾਬ ਵੀ ਲਿਖ ਰਹੇ ਹੋ?**

ਜਵਾਬ – ਦੋ ਕਿਤਾਬਾਂ ਮੈਂ ਮਾਰਚ ਤੱਕ ਮੁਕੰਮਲ ਕਰਾਂਗਾ ਅਤੇ ਇਹ ਕਿਤਾਬਾਂ ਸਾਡੇ ਵਰਕਰਾਂ ਲਈ ਸੇਧ ਦਾ ਕੰਮ ਦੇਣਗੀਆਂ।

ਇਹ ਕਿਤਾਬਾਂ ਹਨ Reservation, matter of participation and Anatomy of an agitation (ਰਾਖਵਾਂਕਰਣ, ਹਿੱਸੇਦਾਰੀ ਦਾ ਮਾਮਲਾ ਅਤੇ ਅੰਦੋਲਨ ਦਾ ਵਿਸ਼ਲੇਸ਼ਣ)

# ਸਰਕਾਰੀ ਮਾਝੀ ਸਕੂਲ ਵਿਖੇ ਕਿੱਤਾ ਅਗਵਾਈ ਯੁਵਕ ਮੇਲਾ

ਰੋਜ਼ਗਾਰ ਦੀ ਸਮੱਸਿਆ ਦਿਨੋ ਦਿਨ ਵੱਧਦੀ ਜਾ ਰਹੀ ਹੈ। ਸਕੂਲਾਂ ਵਿੱਚੋਂ ਦਸਵੀਂ ਜਾਂ ਬਾਰ੍ਹਵੀਂ ਕਰਨ ਬਾਦ ਵਿਦਿਆਰਥੀਆਂ ਨੂੰ ਰੋਜ਼ਗਾਰ ਨਾਲ ਜੁੜੀ ਅਗਲੇਰੀ ਪੜ੍ਹਾਈ ਕਰਨ ਲਈ ਯੋਗ ਅਗਵਾਈ ਦੀ ਲੋੜ ਹੁੰਦੀ ਹੈ।ਇਸੇ ਸੰਦਰਭ ਵਿੱਚ ਸਮੇਂ ਸਮੇਂ ਅਨੁਸਾਰ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਕਿੱਤਾ ਅਗਵਾਈ ਪ੍ਰੋਗਰਾਮ ਅਧੀਨ ਜਾਣਕਾਰੀ ਦਿੱਤੀ ਜਾਂਦੀ ਹੈ। ਡਿਪਟੀ ਡਾਇਰੈਕਟਰ ਰਾਜ ਸਿੱਖਿਆ ਅਤੇ ਕਿੱਤਾ ਅਗਵਾਈ ਦੇ ਆਦੇਸ਼ ਅਨੁਸਾਰ ਕੱਲਸਟਰ (ਭਵਾਨੀਗੜ੍ਹ) ਦਾ ਕਰੀਅਰ ਗਾਈਡੈਂਸ ਯੁਵਕ ਮੇਲਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਝੀ (ਸੰਗਰੂਰ) ਵਿਖੇ ਪ੍ਰਿੰਸੀਪਲ ਮੈਡਮ ਛਿੰਦਰਪਾਲ ਕੋਰ ਦੀ ਰਹਿਨਮਾਈ ਹੇਠ ਕਲੱਸਟਰ ਗਾਈਡੈਂਸ ਰਿਸੋਰਸ ਪਰਸਨ ਸ਼੍ਰੀ ਹਰਜੀਤ ਸਿੰਘ ਵਲੋਂ ਕਰਵਾਇਆ ਗਿਆ। ਇਸ ਵਿੱਚ ਬੱਚਿਆਂ ਅੰਦਰ ਛੁੱਪੀ ਪ੍ਰਤਿਭਾ ਨੂੰ ਉਜਾਗਰ ਕਰਨ ਲਈ ਨਾਟਕ, ਭਾਸ਼ਣ, ਪੇਟਿੰਗ, ਕਲੇਅ ਮਾਡਲਿੰਗ ਅਤੇ ਗੀਤ/ ਗਾਇਣ/ ਕਵਿਤਾ ਦੇ ਮੁਕਾਬਲੇ ਕਰਵਾਏ ਗਏ ਜਿਸ ਵਿੱਚ 14 ਸਕੂਲਾਂ ਨੇ ਭਾਗ ਲਿਆ।ਰਜਿਸ਼ਟ੍ਰੇਸ਼ਨ ਦਾ ਕੰਮ ਸ਼੍ਰੀ ਜਗਜੀਤ ਸਿੰਘ ਅਤੇ ਮਿਸ ਸੁਖਦੀਪ ਕੌਰ ਨੇ ਬੜੇ ਸੁਚੱਜੇ ਢੰਗ ਨਾਲ ਕੀਤਾ।ਕਿੱਤਾ ਅਗਵਾਈ ਨਾਲ ਸਬੰਧਤ ਇਸ ਮੁਕਾਬਲੇ ਵਿੱਚ ਨਾਟਕ ਮੰਡਲੀ ਸ.ਸ.ਸ.ਸ. ਭੜੋ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਭਾਸ਼ਣ ਮੁਕਾਬਲੇ ਵਿੱਚ ਸ.ਸ.ਸ.ਸ. ਮਾਝੀ ਦੀ ਵਿਦਿਆਰਥਣ ਸਿਮਰਨਪ੍ਰੀਤ ਕੌਰ +2 ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਪੇਂਟਿੰਗ ਮੁਕਾਬਲੇ ਵਿੱਚ ਨੌਵੀਂ ਸ਼੍ਰੇਣੀ ਦੀ ਵਿਦਿਆਰਥਣ ਰੇਨੂ ਕੌਰ ਭੜੋ ਸਕੂਲ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਕਲੇਅ ਮਾਡਲਿੰਗ ਵਿੱਚ ਮੇਜ਼ਬਾਨ ਸਕੂਲ ਮਾਝੀ ਦੀ ਮਨਪ੍ਰੀਤ ਕੌਰ ਛੇਵੀਂ ਸ਼੍ਰੇਣੀ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਕੁਲਵਿੰਦਰ ਕੋਰ ਸ.ਸ.ਸ.ਸ.ਭੜੋ ਦੀ ਬਾਰਵੀਂ ਸ਼੍ਰੇਣੀ ਦੀ ਵਿਦਿਆਰਥਣ ਨੇ ਗੀਤ ਤਰੰਨਮ ਵਿਚ ਗਾ ਕੇ ਵਾਹ-ਵਾਹ ਖੱਟੀ ਅਤੇ ਪਹਿਲਾ ਸਥਾਨ ਪ੍ਰਾਪਤ ਕੀਤਾ। ਜੱਜਾਂ ਦੀ ਭੂਮਿਕਾ ਸ਼੍ਰੀ ਸ਼ਿਵ ਕੁਮਾਰ ਲੈਕ:,ਸ਼੍ਰੀ ਕੁਲਦੀਪ ਸਿੰਘ ਲੈਕ:, ਸ਼੍ਰੀ ਮਾਲਵਿੰਦਰ ਸਿੰਘ ਲੈਕ:,ਸ਼੍ਰੀਮਤੀ ਮਨਿੰਦਰ ਕੌਰ ਸਾਇੰਸ ਮਿਸਟ੍ਰੈਸ, ਸ਼੍ਰੀਮਤੀ ਰਵਿੰਦਰ ਕੌਰ ਮੈਥ ਮਿਸਟ੍ਰੈਸ, ਮਿਸ ਸੁਖਦੀਪ ਕੌਰ , ਮਿਸ ਰਮਨਦੀਪ ਕੌਰ ਪੰਜਾਬੀ ਮਿਸਟ੍ਰੈਸ ਅਤੇ ਸ਼੍ਰੀ ਮੇਜਰ ਸਿੰਘ ਸ.ਸ. ਮਾਸਟਰ ਨੇ ਆਏ ਸਕੂਲਾਂ ਦੇ ਅਧਿਆਪਕਾਂ ਨਾਲ ਮਿਲ ਕੇ ਨਿਭਾਈ। ਅਨੁਸਾਸ਼ਨ ਦੀ ਜ਼ਿਮੇਵਾਰੀ ਦੀ ਡਿਊਟੀ ਸ਼੍ਰੀ ਕਪਿਲ ਭਾਟੀਆ, ਸ਼੍ਰੀ ਅਸਵਨੀ ਕੁਮਾਰ ਅਤੇ ਸਾਦਿਕ ਮੁਹੰਮਦ ਨੇ ਬਾਖੂਬੀ ਨਿਭਾਈ। ਖਾਣ ਪੀਣ ਦਾ ਪ੍ਰਬੰਧ ਸ਼੍ਰੀ




ਪਵਨ ਕੁਮਾਰ ਹਿੰਦੀ ਮਾਸਟਰ ਨੇ ਵਧੀਆ ਤਰੀਕੇ ਨਾਲ ਕੀਤਾ। ਵੱਖੋ-ਵੱਖਰੇ ਵਿਸ਼ਿਆਂ ਨਾਲ ਸਬੰਧਤ ਕ੍ਰਿਆਵਾਂ ਵਿਚ ਭਾਗ ਲੈਣ ਵਾਲੇ ਜੇਤੂ ਬੱਚਿਆਂ ਨੂੰ ਪ੍ਰਿੰਸੀਪਲ ਮੈਡਮ ਛਿੰਦਰਪਾਲ ਕੌਰ ਵੱਲੋਂ ਸਨਮਾਨ ਚਿੰਨ੍ਹ ਅਤੇ ਪ੍ਰਸੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਵਲੋਂ ਕਲੱਸਟਰ ਇੰਚਾਰਜ ਸ਼੍ਰੀ ਹਰਜੀਤ ਸਿੰਘ ਨੂੰ ਵੀ ਇਸ ਮੋਕੇ ਸਨਮਾਨਿਤ ਕੀਤਾ।ਉਨ੍ਹਾਂ ਵਲੋਂ ਆਪਣੇ ਸੰਬੋਧਨ ਦੌਰਾਨ ਬੱਚਿਆਂ ਨੂੰ ਵੋਕੇਸਨਲ ਸਿੱਖਿਆ ਨਾਲ ਸਬੰਧਤ ਸੰਖੇਪ ਜਾਣਕਾਰੀ ਦਿੱਤੀ ਗਈ।

ਉਨ੍ਹਾਂ ਬੱਚਿਆਂ ਦੀ ਵਿਸ਼ੇਸ ਪੇਸ਼ਕਾਰੀ ਦੀ ਪ੍ਰਸੰਸਾ ਕੀਤੀ। ਇਸ ਸਮੇਂ ਉਨ੍ਹਾਂ ਵਲੋਂ ਸਮੂਹ ਸਟਾਫ ਅਤੇ ਬੱਚਿਆਂ ਵੱਲੋਂ ਮਿਲੇ ਸਹਿਯੋਗ ਲਈ ਧੰਨਵਾਦ ਕੀਤਾ ਗਿਆ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਸ਼੍ਰੀ ਕੁਲਵੀਰ ਸਿੰਘ ਅਤੇ ਸ਼੍ਰੀ ਗੁਰਜੀਤ ਸਿੰਘ ਰਾਜਪੁਰਾ ਵਲੋਂ ਬਾਖੂਬੀ ਨਿਭਾਈ ਗਈ।

**ਵਲੋਂ: ਮੇਜਰ ਸਿੰਘ ਨਾਭਾ**

# ਸਾਹਿਤਕ ਪੈੜਾਂ- ਇਸ ਹਫਤੇ ਦੇ ਸ਼ਾਇਰ

## ਗੀਤ



ਮਾਪਿਆਂ ਦੀ ਸੇਵਾ 'ਨੂਰਪੁਰੀ'
ਹਰ ਇਕ ਤੀਰਥ ਤੋਂ ਵੱਡੀ ਏ।

ਸਥਾਈ:- ਕਰ ਭਲਾ ਤੇ ਹੋ ਭਲਾ
ਇਹ ਕਾਢ ਸਿਆਣਿਆਂ ਕੱਢੀ ਏ
ਮਾਪਿਆਂ ਦੀ ਸੇਵਾ ਸਾਧ ਸੰਗਤ ਜੀ
ਹਰ ਇਕ ਤੀਰਥ ਤੋਂ ਵੱਡੀ ਏ।

ਅੰਤਰਾ:-
ਬਿਨਾਂ ਮਲਾਹ ਤੋਂ ਭਵਸਾਗਰ ਵਿਚ
ਕਦੇ ਵੀ ਬੇੜੀ ਠਿੱਲਦੀ ਨਹੀਂ
ਮਾਪਿਆਂ ਦੀ ਸੇਵਾ ਦੁਨੀਆਂ ਦੇ ਲੋਕੀ
ਬਿਨ ਕਰਮਾਂ ਦੇ ਮਿਲਦੀ ਨਹੀਂ।
ਚੌਹੁੰ ਵਰਨਾਂ ਦੇ ਚੌਹੁੰ ਵੇਦਾਂ ਦੀ
ਕੀਤੀ ਜਿਨ੍ਹਾਂ ਸਟੱਡੀ ਏ
ਮਾਪਿਆਂ ਦੀ ਸੇਵਾ ਦੁਨੀਆਂ .....

ਅੰਤਰਾ:-
ਸੇਵਾ ਵਿਰਥੀ ਨਹੀਂ ਜਾਂਦੀ
ਜੇ ਕਰਨੀ ਆ ਜਾਵੇ।
ਨਦੀ ਗ੍ਰਸਿਤ ਦੀ ਤਰ ਜਾਂਦੇ
ਜੇ ਤਰਨੀ ਆ ਜਾਵੇ।
ਗੁਰੂਆਂ ਪੀਰਾਂ ਮਹਾਂਪੁਰਸ਼ਾਂ ਨੇ
ਗੁਰਬਾਣੀ ਮੁੱਖ 'ਚੋਂ ਕੱਢੀ ਏ
ਮਾਪਿਆਂ ਦੀ ਸੇਵਾ .....

ਅੰਤਰਾ:-
ਨਾਲੇ ਪੁੰਨ ਤੇ ਨਾਲੇ ਫਲੀਆਂ
ਘਰ ਵਿਚ ਹੀ ਗੰਗਾ ਵਹਿ ਜਾਂਦੀ
ਦੁਨੀਆਂ ਦੀ ਸੋਹਬਤ ਘਰ ਦੀ ਇੱਜ਼ਤ
ਘਰ ਦੇ ਵਿਚ ਹੀ ਰਹਿ ਜਾਂਦੀ
ਚੜ੍ਹ ਜਾਵੇਂ ਜੇ ਚੜ੍ਹ ਹੁੰਦਾ ਏ
ਸਵਰਗਾਂ ਨੂੰ ਜਾਂਦੀ ਗੱਡੀ ਏ
ਮਾਪਿਆਂ ਦੀ ਸੇਵਾ 'ਨੂਰਪੁਰੀ'
ਹਰ ਇਕ ਤੀਰਥ ਤੋਂ ਵੱਡੀ ਏ।

**– ਗੁਰਦਿਆਲ ਸਿੰਘ 'ਨੂਰਪੁਰੀ'**
408-659-5880

## ਅਧੂਰੀ ਜ਼ਿੰਦਗੀ



ਜਿਸ ਨੇ ਗਰੀਬੀ ਨੀਂ ਦੇਖੀ,
ਉਸ ਦੀ ਅਧੂਰੀ ਜ਼ਿੰਦਗੀ।

ਕਿਸ ਨੇ ਅਮੀਰੀ ਨੀਂ ਦੇਖੀ,
ਉਸ ਦੀ ਅਧੂਰੀ ਜ਼ਿੰਦਗੀ।

ਜਿਸ ਨੇ ਗਮੀ ਨੀਂ ਹੰਢਾਈ,
ਉਸ ਦੀ ਅਧੂਰੀ ਜ਼ਿੰਦਗੀ।

ਜਿਸ ਨੇ ਖੁਸ਼ੀ ਨੀਂ ਮਨਾਈ,
ਉਸ ਦੀ ਅਧੂਰੀ ਜ਼ਿੰਦਗੀ।

ਜਿਸ ਨੇ ਠੋਕਰ ਨੀਂ ਖਾਧੀ,
ਉਸ ਦੀ ਅਧੂਰੀ ਜ਼ਿੰਦਗੀ।

ਜਿਸ ਨੇ ਇੱਜ਼ਤ ਨੀਂ ਕਮਾਈ,
ਉਸ ਦੀ ਅਧੂਰੀ ਜ਼ਿੰਦਗੀ।

ਜਿਸ ਨੇ ਹਾਰੀ ਨੀਂ ਬਾਜੀ,
ਉਸ ਦੀ ਅਧੂਰੀ ਜ਼ਿੰਦਗੀ।

ਜਿਸ ਨੇ ਜਿੱਤੀ ਨੀਂ ਬਾਜੀ,
ਉਸ ਦੀ ਅਧੂਰੀ ਜ਼ਿੰਦਗੀ।

ਜਿਸ ਦੀ ਰੀਝ ਕੁਆਰੀ 'ਕਮਲ'
ਉਸ ਦੀ ਅਧੂਰੀ ਜ਼ਿੰਦਗੀ।

**– ਕਮਲ ਬੰਗਾ ਸੈਕਰਾਮੈਂਟੋ**
916-897-8570

## ਭਾਨਮਤੀ ਦਾ ਕੀ ਕਸੂਰ?



ਗੱਲ ਕਿੱਥੋਂ ਤੋਂ ਕਿੱਥੇ ਹੈ ਪਹੁੰਚ ਜਾਂਦੀ
ਦੇਖ ਸੋਚ ਕੇ ਹੋਣ ਹੈਰਾਨੀਆਂ ਜੀ।

ਸ਼ੁਰੂਆਤ ਤਾਂ ਹੁੰਦੀ ਐ ਏਕਤਾ ਤੋਂ
ਆ ਜਾਂਦੀਆਂ ਫੇਰ ਮਨਮਾਨੀਆਂ ਜੀ।

ਕਾਮਯਾਬੀਆਂ ਨੇੜੇ ਵੀ ਪਹੁੰਚਿਆਂ ਨੂੰ
ਤਹਿਸ ਨਹਿਸ ਕਰ ਦੇਣ ਨਾਦਾਨੀਆਂ ਜੀ।

ਬੀਬੇ ਬਣ ਬਣ ਕੇ ਦੱਸਦੇ ਲੱਖ ਭਾਵੇਂ
ਦਿਲ 'ਚੋਂ ਜਾਂਦੀਆਂ ਨਹੀਂ ਸ਼ੈਤਾਨੀਆਂ ਜੀ।

ਉਹ ਮਿਸ਼ਨ ਅਧੂਰਾ ਹੀ ਰਹਿਣ ਲੱਗਾ
ਲੋਕਾਂ ਅੱਕਿਆਂ ਹੋਇਆਂ ਜੋ ਲੋੜਿਆ ਸੀ।

ਕਿਤਿਉਂ ਚੁੱਕ ਕੇ ਇੱਟ ਤੇ ਕਿਤੋਂ ਰੋੜਾ
ਭਾਨਮਤੀ ਨੇ ਕੁਨਬਾ ਜੋ ਜੋੜਿਆ ਸੀ।

**– ਤਰਲੋਚਨ ਸਿੰਘ 'ਦੁਪਾਲ ਪੁਰ'**
001-408-915-1268

## ਜ਼ਿੰਦਗੀ

### ਦੇਵ ਘੋਲੀਆ ਖੁਰਦ



ਕੀ ਕੁਝ ਕਰਨਾ ਬੰਦਿਆਂ ਇੱਥੇ ਸਭ ਕੁਝ ਹੱਥ ਵੱਸ ਤੇਰੇ
ਨਾ ਪਵੇ ਮੁਸੀਬਤ ਸਿਰ 'ਤੇ ਜਾਂਦਾ ਰਹਿ ਤੂੰ ਗੁਰਾਂ ਦੇ ਡੇਰੇ
ਉਹਦੇ ਘਰ ਕੋਈ ਘਾਟਾ ਨਹੀਂ ਬੱਸ ਬਹਿ ਕੇ ਦੁੱਖ ਫਰੋਲੀਂ
ਤੈਨੂੰ ਰੱਬ ਨੇ ਦਿੱਤੀ ਜ਼ਿੰਦਗੀ ਤੇ ਇਹਨੂੰ ਮਿੱਟੀ ਵਿਚ ਨਾ ਰੋਲੀਂ।

ਜਾਤ ਕਿਸੇ ਨਾ ਪੁੱਛਣੀ ਉਥੇ ਅਮਲਾਂ ਦੇ ਹੋਣ ਨਿਬੇੜੇ
ਕਰਮ ਕਮਾ ਕੇ ਮਾੜੇ ਬੰਦਿਆਂ ਕਿਉਂ ਤੂੰ ਆਪੇ ਰੋਗ ਸਹੇੜੇ
ਦੁਸ਼ਟ ਦਮਨ ਦਾ ਚੱਕਰ ਚੱਲਣਾ ਕਦੇ ਕੁਫਰ ਨਾ ਤੋਲੀਂ
ਤੈਨੂੰ ਰੱਬ ਨੇ ਦਿੱਤੀ ਜ਼ਿੰਦਗੀ ......।

ਕੀ ਮੁਨਿਆਦ ਹੈ ਬੰਦਿਆ ਤੇਰੀ ਇਕ ਦਿਨ ਹੋਣਾ ਢੇਰੀ
ਰੁੱਸੇ ਰੱਬ ਨੇ ਕੀ ਮੰਨਣਾ ਜਦ ਫੜ ਕੇ ਮਾਲਾ ਫੇਰੀ
ਲੜ ਲੱਗ ਜਾ ਬਾਣੀ ਦੇ ਨਾ ਮੰਦਾ ਕਿਸੇ ਨੂੰ ਬੋਲੀਂ
ਤੈਨੂੰ ਰੱਬ ਨੇ ਦਿੱਤੀ ਜ਼ਿੰਦਗੀ ......।

ਆਇਆ ਖਾਲੀ ਜਾਣਾ ਖਾਲੀ ਕੀ ਕੁਝ ਕਰਦਾ ਫਿਰਦਾ
ਮੋਹ ਮਾਇਆ ਹੰਕਾਰ ਕਰੇ ਤੂੰ ਥਾਂ-ਥਾਂ ਲੜਦਾ ਫਿਰਦਾ
'ਦੇਵ-ਘੋਲੀਏ' ਵਾਲਿਆ ਸੱਚੇ ਸਤਿਗੁਰ ਦਾ ਦਰ ਟੋਲੀਂ
ਤੈਨੂੰ ਰੱਬ ਨੇ ਦਿੱਤੀ ਜ਼ਿੰਦਗੀ ਤੇ ਇਹਨੂੰ ਮਿਟ. ਵਿਚ ਨਾ ਰੋਲੀਂ।


TANDOOR
Indian Restaurant
27167 Mission Blvd. Hayward, CA 95544



ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:
FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
BUFFET LUNCH 11:00 AM To 3:00 PM
We are open seven days 11 AM to 10 PM
Contact Us:
Ph. 510-885-1212
Fax. 510-885-1532

L.A. MERCHANDISE
Whole Sale +Retail



ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੌਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।

LOOSE FABRICS, GROCERIES, BLANKETS, VEGETABLES
Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।



Baksho Kaur Bisla Hardev Singh Bisla
500 N. Palora Ave. Yuba City, CA 95991
530-671-0439, Fax 530-822-0439 Cell- 530-844-3250




ਇਸ ਟੂਰਨਾਮੈਂਟ ਦੀ ਮੇਜ਼ਬਾਨੀ ਰਾਇਲ ਕਿੰਗਜ਼ ਯੂ. ਐਸ. ਏ. ਦੇ ਮਾਲਕ ਸ਼ਬਾ ਥਿਆੜਾ ਕਰ ਰਹੇ ਹਨ। ਇਹ ਖੇਡ ਮੇਲਾ ਸੱਟਰ ਅਤੇ ਯੂਬਾ ਕਾਉਂਟੀ ਦੇ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਹੋ ਰਿਹਾ ਹੈ। ਇਸ ਵਿਚ ਕਬੱਡੀ ਦੇ ਸਾਰੇ ਸੁਪਰ ਸਟਾਰ ਪਹੁੰਚ ਰਹੇ ਹਨ।




ਨਾਮਵਰ ਗਾਇਕ ਸੁਰਜੀਤ ਖਾਨ ਦਾ ਖੁੱਲ੍ਹਾ ਅਖਾੜਾ ਹੋਵੇਗਾ

ਪੰਜਾਬੀ ਦੀ ਸਿਰਮੌਰ ਗਾਇਕਾ ਮਿਸ ਪੂਜਾ ਅਤੇ ਨੌਜਵਾਨਾਂ ਦੇ ਚਹੇਤੇ ਗਾਇਕ ਰੌਸ਼ਨ ਪ੍ਰਿੰਸ ਗੈਸਟ ਕਲਾਕਾਰ ਵਜੋਂ ਹਾਜ਼ਰ ਹੋਣਗੇ।

PEACHES ♛ PRUNES ♛ ALMONDS ♛ WALNUTS
Est. 1972
THIARA
COMPANY

10 AM TO 4PM KABADDI
FREE LIVE MUSIC 4PM-8PM
ON May 27, 2017 at 801EI Margarita Road
Yuba City CA 95993

4 Open Teams, Royal King USA, Team India,
Canada West & Midwest USA
& 4 Under 21 Teams
FREE ENTRY,
SPECIAL SEATING ARRANGEMENT
FOR LADIES/FAMILIES
POLICE AND SECURITY-ZERO TOLERANCE

*SPECIAL THANKS*
SHERIFF PAUL PARKER,
DA AMANDA HOOPER
& SUPERVISOR JIM WHITAKER

## ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

ਸ਼ਬਾ ਥਿਆੜਾ 530-682-5861, ਰੂਬੀ ਹਰਖੋਵਾਲ 530-813-7852, ਸ਼ਾਬੀ 530-682-6370, ਦਲਵੀਰ ਗਿੱਲ 530-713-4256

## ਦਰਸ਼ਨ ਅਭਿਲਾਸ਼ੀ

ਜਸਵੰਤ ਸਿੰਘ ਬੈਂਸ, ਦਿਲਬਾਗ ਸਿੰਘ ਬੈਂਸ, ਕਰਮ ਬੈਂਸ, ਗੁਰਨਾਮ ਪੰਮਾ, ਬਲਰਾਜ ਢਿੱਲੋਂ, ਹਰਮਨ ਬਸਰਾ, ਹਰਵਿੰਦਰ ਬਿੱਲਾ


INDIAN CARE ASSOCIATION
proudly presents
INDIAN CARE ASSOCIATION MAKING A DIFFERENCE
GRAND SPONSORS
Pete's RESTAURANT & BREWHOUSE
SHERU BHATIA
C.C. YIN
Flamingo Palace
Radio Punjab
PLANTINUM SPONSORS
APCA
AMERICAN PETROLEUM AND CONVENIENCE STORE ASSOCIATION
Bay Realtor Group
Ray Sharma, Broker
SIKH SPORT ASSOCIATION OF U.S.A.
Kashmir S. Dhoot Westley
Balbir S. Samra Loomis
Dalwinder S.Dhoot Lathrop
Jaspreet Singh Attorney
ROSHAN PRINCE
MISS POOJA
HARMAN DEEP
ASHA SHARMA
BAY AREA
ਪੰਜਾਬ ਮੇਲ
Hype
Punjabi Dhaba
Vaisakhi Mela 2017
FREE ENTRY
SATURDAY • MAY 27 • 1-7PM
SOLANO COUNTY FAIRGROUNDS
900 FAIRGROUNDS DR • VALLEJO, CA 94589
GRAND SPONSORS: SHERU BHATIA • CC YIN • RADIO PUNJAB • FLAMINGO BANQUET
PLANTINUM SPONSORS: • APCA • Ray Sharma • Sikh Sport Association of U.S.A. • Jaspreet Singh Attorney • Dalwinder Singh Dhoot • Balbir S. Samra • Kashmir Singh Dhoot
GOLD SPONSORS: Amarjit Saggu • Amrish Aulakh • Amritpal Dhillon AAP • Anil Saini • Ashok & Vijay Vij (Globe Truck Center) • Bagga Palace • Baldev Basra • Balwinder Pahal • BB Insurance Agency • Bhakhari Law Firm • Bhinder Sandhu • Chamkaur Giri • Chicago Pizza • Crown Materials • David Hayer • DD Sharma • Desi Swag Inc. • Dr. Harmesh Kumar • Flamingo Palace • Gowri Kowtha • Gulinder Gill • Guri Kang • Gurjatinder S Randhawa (Realtor) • Harjit Bhangoo • Harry Sidhu • Jack Ram & Paul Ram • Jagjit Rattu (Audio House) • Jasmail Chitti • Jaspreet Singh (Attorney) • Jassi Banga • Jassie Dhillon • Jaswant Pannu • Jaswinder Boparai • Jivtesh Gill • Joe Basra • Joe Johal • Kewal Krishan • Kinny Chitkara • Kulwinder Bains • Kulwinder Dosanjh • Kulwinder Saprai • Malkit Boparai • Mangal Singh • Manraj Natt • Mike Ali • Naginder Benipal • Nannar Borthers • Navjeet Chahal • PACA • Pankaj Goswami (Jai) • Pannu Legal Services • Raj Singh • Rajinder Singh Sabi • Ram & Amarjit Matharu • Ram Saroay • Rana Uppal • Ranbir Sarkaria • Rander Bains • Randhir Bajwa • Robert Hayer/Darren Dhillon • Rocky Malhi • Sandy Mann • Sikandar Grewal • Spices For Less • Sunita Verma • Surat Pandher • Surjit Kooner • Taj Randhawa • Tirath Sahota • Walia Brothers
SILVER SONSORS: Amrik Chand • Amrik Dhami • Avi Sondhi • Bahadur Singh • Bhupinder & Balbir Sull • Charanjit Bhullar • Daljit Uppal • Dr. H.S. Ladhar • Faquria Mehmi • Hardeep Bhangu • Hardial & Kulwant Banga • Henry Walia (Express Refrigeration/Electro Freeze) • Indian Saver • Jasbir Bhullar • Kuldip Grewal • Kuldip Sidhu • Ramesh & Gyan Suman • Rana Kahlon • Shyam Sundar Vohra • Star Mechanical Inc. • Sunny Sidhu • Surinder Pal Sidhu • Swaran Sidhu • Tony Gill
ਪਰਿਵਾਰਕ ਸੱਭਿਆਚਾਰਿਕ ਮੇਲਾ ਜਿਸ ਵਿਚ ਖਾਣ ਪੀਣ ਤੋਂ ਇਲਾਵਾ ਖਰੀਦੋ ਫ਼ਰੋਖ਼ਤ ਦੇ ਸਟਾਲ ਵੀ ਹੋਣਗੇ।
ਬੱਚਿਆਂ ਦੇ ਮਨੋਰੰਜਨ ਦਾ ਖ਼ਾਸ ਪ੍ਰਬੰਧ ਹੋਵੇਗਾ।
FOR MORE INFO: 707.372.5657 • 510.715.7513
Email: indiancareassociation@gmail.com • Web: www.indiancareassociation.com